# ਪਾਸ਼, ਪ੍ਰੀਤ ਤੇ ਸੁਪਨੇ

(ਕਾਵਿ ਸੰਗ੍ਰਹਿ)

ਹਰਪ੍ਰੀਤ ਕੌਰ ਧੂਤ

ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ।

# Pash, Preet Te Supney

**Punjabi poetry**

by

**Harpreet Kaur Dhoot**
3955 Spyglass Ct
Stockton CA 95219
USA
Mob : 2094231107

© ਲੇਖਕ

ਪਹਿਲੀ ਵਾਰ : 2021

**ਪ੍ਰਕਾਸ਼ਕ:** **ਤਰਕਭਾਰਤੀ ਪ੍ਰਕਾਸ਼ਨ**
ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ,
ਸਾਹਮਣੇ ਗਲੀ ਨੰਬਰ 8, ਬਰਨਾਲਾ-148101, ਪੰਜਾਬ
ਫੋਨ : 01679-233244
Email: tarkbharti01@gmail.com

**ਛਾਪਕ:** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

---

**© 2021 All rights reserved**

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਇਹ ਕਿਤਾਬ ਮੈਂ ਮੱਧ ਪ੍ਰਦੇਸ਼ (ਸਤਨਾ) : ਚਿਤਰਕੂਟ ਸ਼ਹਿਰ ਦੇ ਤੇਲ ਵਪਾਰੀ ਬ੍ਰਿਜੇਸ਼ ਰਾਵਤ ਦੇ ਮਾਸੂਮ ਬੱਚਿਆਂ ਪ੍ਰਿਆਸ਼ ਤੇ ਸ੍ਰੇਆਸ਼ ਜੋ ਫਰਵਰੀ 2019 ਦੇ ਵਿੱਚ ਜਿਉਂਦੇ ਜੀ ਜਮਨਾ ਵਿੱਚ ਵਹਾ ਕੇ ਰਾਮ ਰਾਜ ਦੀ ਭੇਟ ਚੜ੍ਹਾ ਦਿੱਤੇ ਗਏ ਤੇ ਜਿਹਨਾਂ ਦੇ ਚਿਹਰੇ ਮੇਰੀਆਂ ਅੱਖਾਂ ਦੇ ਸਾਹਮਣੇ ਘੁੰਮਦੇ ਰਹਿੰਦੇ ਨੇ ਦੇ ਨਾਮ ਕਰਦੀ ਹਾਂ।



## ਇਸੇ ਕਲਮ ਤੋਂ

1. ਦਹਿਲੀਜ਼ ਦੇ ਆਰ ਪਾਰ (ਤਰਕਭਾਰਤੀ ਪ੍ਰਕਾਸ਼ਨ) 2017
2. ਉਹ ਹੁਣ ਚੁੱਪ ਨਹੀਂ (ਤਰਕਭਾਰਤੀ ਪ੍ਰਕਾਸ਼ਨ) 2020

# ਭੂਮਿਕਾ

ਹਰਪ੍ਰੀਤ ਕੌਰ ਧੂਤ ਅਮਰੀਕੀ ਪੰਜਾਬੀ ਕਵਿਤਾ ਦੀ ਇਕ ਨਾਮਵਰ ਸ਼ਾਇਰਾ ਹੈ। ਉਸ ਦੇ ਹੁਣ ਤੱਕ ਦੋ ਕਾਵਿ-ਸੰਗ੍ਰਹਿ 'ਦਹਿਲੀਜ਼ ਦੇ ਆਰ ਪਾਰ' ਅਤੇ 'ਉਹ ਹੁਣ ਚੁੱਪ ਨਹੀਂ' ਪ੍ਰਕਾਸ਼ਿਤ ਹੋ ਚੁੱਕੇ ਹਨ। 'ਪਾਸ਼, ਪ੍ਰੀਤ ਤੇ ਸੁਪਨੇ' ਉਸਦਾ ਤੀਜਾ ਕਾਵਿ-ਸੰਗ੍ਰਹਿ ਹੈ। ਜੇਕਰ ਉਸਦੀ ਇਸ ਤੋਂ ਪੂਰਵਲੀ ਕਵਿਤਾ ਦਾ ਜ਼ਿਕਰ ਕੀਤਾ ਜਾਵੇ ਤਾਂ ਇਹ ਕਵਿਤਾ ਆਪਣੇ ਨਿੱਜ ਤੋਂ ਪੜਾਅ ਦਰ ਪੜਾਅ ਅਗਾਂਹ ਵਿਕਾਸ ਕਰਦੀ ਹੋਈ ਮਾਨਵੀ ਜੀਵਨ ਦੇ ਗਹਿਰ ਗੰਭੀਰ ਸਰੋਕਾਰਾਂ ਨਾਲ ਸੰਵਾਦ ਰਚਾਉਣ ਦੇ ਰਾਹ ਪੈਂਦੀ ਹੈ। ਇਹ ਸੰਵਾਦ ਸਿਰਫ਼ ਬਹਾਰੀ ਪੱਧਰ ਤੱਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਵਰਤਮਾਨ ਦੌਰ ਤੇ ਬਹੁ-ਪਰਤੀ ਸੰਕਟਾਂ ਨੂੰ ਵੀ ਆਪਣੇ ਘੇਰੇ ਵਿੱਚ ਲਿਆਉਣ ਦਾ ਯਤਨ ਕਰਦਾ ਹੈ, ਇਹ ਅਰਥਪੂਰਨ ਪਹੁੰਚ ਇਸ ਕਵਿਤਾ ਨੂੰ ਸਾਹਿਤ ਦੇ ਵਡੇਰੇ ਸੰਕਲਪਾਂ ਅਤੇ ਆਸ਼ੇ ਨਾਲ ਜੋੜ ਦਿੰਦੀ ਹੈ, ਜਿਸ ਵਿੱਚੋਂ ਇਸ ਕਵਿਤਾ ਦਾ ਨਿਵੇਕਲਾ ਮੁਹਾਂਦਰਾ ਉੱਭਰਦਾ ਪ੍ਰਤੀਤ ਹੁੰਦਾ ਹੈ। ਹਰਪ੍ਰੀਤ ਜੇਕਰ ਨਾਰੀ ਸਰੋਕਾਰਾਂ ਦੀ ਗੱਲ ਵੀ ਕਰਦੀ ਹੈ ਤਾਂ ਉਹ ਆਪਣੇ ਸਵੈ ਨੂੰ ਇਕ ਪਾਸੇ ਰੱਖਦੀ ਹੋਈ ਨਾਰੀ ਦੇ ਪ੍ਰਤੀਨਿੱਧੀ ਵਜੋਂ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕਰਦੀ ਹੈ। ਇਸ ਕਾਰਜ ਲਈ ਉਹ ਇਤਿਹਾਸਕ-ਮਿਥਿਹਾਸਕ ਹਵਾਲਿਆਂ ਦਾ ਵੇਰਵਾ ਦਿੰਦੀ ਹੋਈ, ਇਸ ਪਿੱਛੇ ਪਏ ਕਾਰਨਾਂ ਅਤੇ ਘਟਨਾਵਾਂ ਨੂੰ ਤਰਕ ਦੀ ਭਾਸ਼ਾ ਵਿੱਚ ਨਜਿੱਠਦੀ ਹੋਈ ਆਪਣੀ ਗੱਲ ਕਹਿਣ ਦਾ ਜੇਰਾ ਰੱਖਦੀ ਹੈ। ਇਸ ਤਰ੍ਹਾਂ ਉਹ ਬਣੇ ਬਣੇ ਮੁੱਲ-ਵਿਧਾਨ ਅਤੇ ਪ੍ਰਪੰਰਾਵਾਂ ਨੂੰ ਤਰਕ ਦੀ ਕਸਵੱਟੀ ਤੇ ਪਰਖ਼ਦੀ ਹੋਈ ਤਿੱਖੀ ਕਾਵਿ-ਭਾਸ਼ਾ ਵਿੱਚ ਰੱਦ ਕਰਦੀ ਜਾਂਦੀ ਹੈ। ਉਹ ਜਿੱਥੇ ਬਹੁਤ ਸਾਰੀਆਂ ਔਰਤ ਵਿਰੋਧੀ ਧਾਰਨਾਵਾਂ ਨੂੰ ਪੁਨਰ-ਪਰਿਭਾਸ਼ਤ ਕਰਨ ਦਾ ਯਤਨ ਕਰਦੀ ਹੈ, ਉਸਦੇ ਨਾਲ ਹੀ ਨਾਰੀ ਜਗਤ ਦੇ ਕੋਮਲ ਅਤੇ ਸੂਖ਼ਮ ਅਹਿਸਾਸਾਂ ਨੂੰ ਵੀ ਮਾਰਮਿਕ ਭਾਸ਼ਾ ਵਿੱਚ ਪੇਸ਼ ਕਰਦੀ ਹੈ। ਇਹ ਚੇਤਨਾਮਈ ਪਾਸਾਰ ਜਿੱਥੇ ਇਸ ਕਵਿਤਾ ਨੂੰ ਵੱਖਰੇ ਨਕਸ਼ ਪ੍ਰਦਾਨ ਕਰਦਾ ਹੈ, ਉੱਥੇ ਇਸ ਦੀ ਵਿਸ਼ੈਗਤ ਪਹੁੰਚ ਅਤੇ ਸਮਰੱਥਾ ਨੂੰ ਵੀ ਸਹਿਜੇ ਹੀ ਪ੍ਰਗਟ ਕਰ ਜਾਂਦਾ ਹੈ।

ਇਸ ਕਵਿਤਾ ਦਾ ਦੂਜਾ ਮਹੱਤਵਪੂਰਨ ਪਾਸਾਰ ਵਰਤਮਾਨ ਦੌਰ ਦੇ ਨਵੇਂ ਸੰਕਟਾਂ ਅਤੇ ਵੰਗਾਰਾਂ ਨਾਲ ਜੁੜਿਆ ਹੋਇਆ ਹੈ। ਉਦੋਂ ਇਹ ਕਵਿਤਾ ਕੇਵਲ ਇਕ ਭੂ-ਖੰਡ ਤੱਕ ਹੀ ਸੀਮਤ ਨਹੀਂ ਰਹਿੰਦੀ ਸਗੋਂ ਇਸ ਤੋਂ ਵੀ ਅੱਗੇ ਜਾਂਦੀ ਹੋਈ ਮਹੱਤਵਪੂਰਨ ਵਿਸ਼ਵੀ ਸਰੋਕਾਰਾਂ ਨਾਲ ਵੀ ਸੰਵਾਦ ਦੀ ਭਾਸ਼ਾ ਵਿੱਚ ਰੂਬਰੂ ਹੁੰਦੀ ਹੈ। ਇੱਥੇ ਪਹੁੰਚ ਕੇ ਇਹ ਕਵਿਤਾ ਆਪਣੇ ਵਿਸ਼ਾਲ ਧਰਾਤਲ ਅਤੇ ਪ੍ਰਯੋਜਨ ਦੇ ਦ੍ਰਿਸ਼ਟੀਗਤ ਦਾਇਰਿਆਂ ਵਿੱਚ ਪ੍ਰਵੇਸ਼ ਕਰ ਜਾਂਦੀ ਹੈ। ਅਸਲ ਵਿੱਚ ਹਰਪ੍ਰੀਤ ਇਕ ਕੋਮਲ ਦਿਲ ਰੱਖਣ ਵਾਲੀ ਜ਼ਹੀਨ ਸ਼ਾਇਰਾ ਹੈ, ਜਿਸ ਨੂੰ ਉਸਦਾ ਆਲਾ ਦੁਆਲਾ ਅਤੇ ਸਮਾਜਿਕ ਘਟਨਾਵਾਂ ਗਹਿਰੀ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ। ਇਹੀ ਪ੍ਰਭਾਵ

ਅਤੇ ਫੱਟ ਉਸ ਦੀ ਕਵਿਤਾ ਵਿੱਚ ਆ ਕੇ ਵੇਗਮਈ ਵਿਚਾਰਾਂ ਦਾ ਰੂਪ ਧਾਰ ਲੈਂਦੇ ਹਨ। ਹਰਪ੍ਰੀਤ ਦੀ ਵਿਸ਼ੈਗਤ ਗੰਭੀਰਤਾ ਉਸਦੇ ਕਾਵਿ-ਸਰੋਕਾਰਾਂ ਵਿੱਚ ਪਈ ਹੋਈ ਹੈ। ਇਹੀ ਕਾਰਨ ਹੈ ਕਿ ਉਹ ਦੇਸ਼-ਵਿਦੇਸ਼ ਵਿੱਚ ਵਾਪਰੇ ਹਰ ਇਕ ਘਟਨਾਕ੍ਰਮ ਤੇ ਪੈਨੀ ਦ੍ਰਿਸ਼ਟੀ ਰੱਖਦੀ ਹੈ ਅਤੇ ਸਮਕਾਲੀ ਵਰਤਾਰਿਆਂ ਨੂੰ ਸਕੈਨ ਕਰਦੀ ਹੋਈ ਘਟਨਾਵਾਂ ਦੇ ਅਸਲ ਸੱਚ ਤੀਕ ਪਹੁੰਚ ਬਣਾਉਣ ਲਈ ਯਤਨਸ਼ੀਲ ਹੈ। ਭਾਵੇਂ ਕਿ ਉਹ ਲੰਮੇ ਸਮੇਂ ਤੋਂ ਅਮਰੀਕਾ ਵਿਖੇ ਰਹਿ ਰਹੀ ਹੈ ਪਰੰਤੂ ਉਸਦੀ ਕਾਵਿ-ਸਿਰਜਣਾ ਤੇ ਪਰਵਾਸੀ ਪਰਿਵੇਸ਼ ਦਾ ਅਸਰ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ। ਉਹ ਪਰਵਾਸ ਵਿੱਚ ਵਿਚਰਦੀ ਹੋਈ ਵੀ 'ਪੰਜਾਬੀਅਤ ਦੇ ਸੰਕਲਪ' ਨਾਲ ਆਪਣੀ ਗਹਿਰੀ ਸਾਂਝ ਵਿਅਕਤ ਕਰਦੀ ਹੈ। ਜੜ੍ਹਾਂ ਦਾ ਸਮਰਣ ਵੀ ਇਸ ਕਵਿਤਾ ਵਿੱਚ ਨਵੀਂ ਰੂਹ ਫ਼ੂਕਦਾ ਹੈ। ਇਹੀ ਕਾਰਨ ਹੈ ਕਿ ਉਹ ਪੰਜਾਬ ਦੇ ਦਰਪੇਸ਼ ਸੰਕਟਾਂ ਨੂੰ ਭਾਵੁਕ ਸੁਰ ਵਿੱਚ ਕਵਿਤਾਉਂਦੀ ਹੋਈ, ਇਨ੍ਹਾਂ ਵਿੱਚੋਂ ਕੋਈ ਰਾਹ ਤਲਾਸ਼ ਕਰਨ ਦਾ ਯਤਨ ਕਰਦੀ ਹੈ। ਜਦੋਂ ਇਹ ਕਵਿਤਾ ਅਜਿਹਾ ਤੌਖ਼ਲਾ ਅਤੇ ਫ਼ਿਕਰ ਕਰਨ ਲਗਦੀ ਹੈ ਤਾਂ ਆਪਣੇ ਆਪ ਹੀ ਵਸੀਹ ਧਰਾਤਲ ਗ੍ਰਹਿਣ ਕਰ ਲੈਂਦੀ ਹੈ।

ਇਸ ਤਰ੍ਹਾਂ ਇਹ ਕਵਿਤਾ ਸਮਕਾਲੀ ਮਨੁੱਖ ਦੇ ਜੀਵਨ ਸੰਕਟਾਂ, ਸੰਘਰਸ਼ਾਂ ਅਤੇ ਵੰਗਾਰਾਂ ਨੂੰ ਬੜੇ ਸੁਚੇਤ ਅਤੇ ਤਿੱਖੇ ਮੁਹਾਵਰੇ ਵਿੱਚ ਪ੍ਰਗਟਾਉਂਦੀ ਹੋਈ ਆਪਣੀ ਸਮਾਜਿਕ ਪ੍ਰਤੀਬੱਧਤਾ ਦੀ ਗਵਾਹੀ ਭਰਦੀ ਹੈ। ਕਿਸੇ ਵੀ ਕਵਿਤਾ ਦਾ ਦਾਰੋ-ਮਦਾਰ ਉਸਦੇ ਸਾਹਿਤਕ ਤੱਤ ਵਿੱਚ ਨਿਹਿਤ ਹੁੰਦਾ ਹੈ। ਹਰਪ੍ਰੀਤ ਇਸ ਕਸੌਟੀ ਤੇ ਖ਼ਰੀ ਉੱਤਰਦੀ ਹੋਈ ਆਪਣੀ ਗਹਿਰੀ ਕਾਵਿ-ਚੇਤਨਾ ਦਾ ਪ੍ਰਗਟਾਵਾ ਕਰਦੀ ਹੈ। ਇਸ ਕਵਿਤਾ ਦਾ ਇਹ ਹਾਸਿਲ ਹੈ ਕਿ ਇਸ ਵਿੱਚ ਸਮਕਾਲੀ ਦੌਰ ਦੇ ਸੰਕਟ ਅਤੇ ਵੰਗਾਰਾਂ ਉੱਗਰ ਧੁਨੀਆਂ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੇ ਹਨ। ਇਸ ਵਿੱਚ ਵਿਸ਼ਵ ਮੰਡੀ ਦੇ ਵਿਕਰਾਲ ਵਰਤਾਰਿਆਂ, ਮਨੁੱਖੀ ਮਨ ਦੀ ਜਟਿਲ ਪ੍ਰਵਿਰਤੀ ਅਤੇ ਵਰਤਮਾਨ ਦੌਰ ਦੇ ਕਿਸਾਨੀ ਸੰਘਰਸ਼ ਦੀਆਂ ਪ੍ਰਤੀ ਧੁਨੀਆਂ ਬੜੀ ਖ਼ੂਬਸੂਰਤ ਕਵਿਤਾ ਵਿੱਚ ਪੇਸ਼ ਹੋਈਆਂ ਹਨ। 'ਪਾਸ਼' ਦਾ ਸਾਹਿਤਕ ਬਿੰਬ ਅਤੇ ਸੰਕਲਪ ਇਸ ਕਵਿਤਾ ਨੂੰ ਇਕ ਨਿਵੇਕਲੀ ਦਿਸ਼ਾ ਪ੍ਰਦਾਨ ਕਰਦਾ ਹੈ। ਇਹ ਕ੍ਰਾਂਤੀ ਦੇ ਰਾਹ ਵੱਲ ਇਕ ਸ਼ਕਤੀਸ਼ਾਲੀ ਸੰਕੇਤ ਵਜੋਂ ਪੇਸ਼ ਹੁੰਦਾ ਹੈ, ਕਿਉਂਕਿ 'ਇਨਕਲਾਬ' ਹੀ ਇੱਕੋ ਇੱਕ ਅਜਿਹਾ ਰਾਹ ਹੈ, ਜਿਹੜਾ ਕਿ ਸੰਸਿਆਂ ਵਿੱਚ ਘਿਰੇ ਸਮਕਾਲੀ ਮਨੁੱਖ ਦੀ ਜ਼ਿੰਦਗੀ ਵਿੱਚ ਕੋਈ ਪਰਿਵਰਤਨ ਲਿਆ ਸਕਦਾ ਹੈ। ਇਸ ਤਰ੍ਹਾਂ ਇਹ ਕਵਿਤਾ ਮਹੱਤਵਪੂਰਨ ਦਿਸ਼ਾ ਵੱਲ ਵਧਦੀ ਹੋਈ ਆਪਣੇ ਕਾਵਿ-ਪ੍ਰਵਚਨ ਨੂੰ ਸਾਕਾਰ ਕਰਨ ਦਾ ਯਤਨ ਕਰਦੀ ਹੈ। ਮੈਂ ਇਸ ਗਹਿਰੇ ਨਕਸ਼ਾਂ ਵਾਲੀ ਕਾਵਿ ਪੁਸਤਕ ਦਾ ਸਵਾਗਤ ਕਰਦਾ ਹਾਂ।

**-ਡਾ. ਮੋਹਨ ਸਿੰਘ ਤਿਆਗੀ**
ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਤਤਕਰਾ


1. ਆਗਾਜ਼/9
2. ਹਰ ਇਨਸਾਨ ਕਵੀ ਹੈ/10
3. ਫਖਰ/11
4. ਤਮਾਸ਼ਬੀਨ/13
5. ਗੰਗਾ ਹਾਰ ਗਈ ਹੈ/14
6. ਬੇਖ਼ਬਰ/16
7. ਕੀੜੇ ਵੀ ਨਹੀਂ/18
8. ਸ਼ਬਦ/20
9. ਬੁੱਧ/21
10. ਚੁੱਪ ਰਹੋ/23
11. ਜਦੋ-ਜਹਿਦ/26
12. ਲਾਸ਼/28
13. ਜਾਲ੍ਹਸ਼ਾਜ/29
14. ਪੂੰਜੀਵਾਦ/30
15. ਪੱਕਾ ਇਹ ਜਰੂਰੀ ਹੈ/31
16. ਸ਼ੋਰ/33
17. ਨਾਉਮੀਦ/34
18. ਬਸਤੀ/35
19. ਕਿਉਂ/37
20. ਉਮਰ ਭਰ/39
21. ਉਹ/41
22. ਮਰਨਾ/43
23. ਅਜਗਰ/45
24. ਸ਼ਖਸ/47
25. ਯਾਦ/48
26. ਯਕੀਨ ਨਹੀਂ/50
27. ਹਉਕਾ/51
28. ਹਰ ਕਮੀ/52
29. ਸਫਰ/53
30. ਕਲਮਾਂ ਦਾ ਰਾਹੀ/54
31. ਨਜ਼ਮ/56
32. ਨਜ਼ਮ/57
33. ਕੀ ਰੱਖਿਆ ਹੈ/58
34. ਕਿਤੇ ਤੈਨੂੰ ਰੱਬ ਮਿਲ ਜਾਏ/60
35. ਤੂੰ ਹੀ ਤੂੰ/62
36. ਘਰ/64
37. ਕਹਾਣੀ/65
38. ਕਿਵੇਂ/67
39. ਸਾਂਝ/68
40. ਉਹ/69
41. ਪੱਥਰ ਦੇ ਦਿਲ/71
42. ਅਸੂਲ/73
43. ਤਸੱਵਰ/74
44. ਉਸਨੂੰ ਨਹੀਂ ਪਤਾ/76
45. ਹੋ ਸਕਦਾ ਏ/78
46. ਆਮੀਨ/79
47. ਫਿਰ ਆਉਣਾ ਪਵੇਗਾ/81
48. ਕਤਲ/83
49. ਭੁੱਲ ਚੁੱਕੇ ਨੇ/85
50. ਬੇਪ੍ਵਾਹ/86
51. ਆਉ/88
52. ਕਲਮ ਦਾ ਮਾਰਗ/90
53. ਮੇਰਾ ਮੁਰਸ਼ਦ/92
54. ਵਿਸਮਾਦ/94
55. ਰਾਧਾ/95
56. ਜ਼ਮਾਨਾ ਬਦਲ ਗਿਆ/96
57. ਸੁਨੇਹਾ/98
58. ਨਿਯਾਤ/100
59. ਸੌਂਗੀ/101
60. ਆ ਕਿਤੇ/102
61. ਲੋਕ/103
62. ਕੋਈ ਜੋਰ ਨਾ/105
63. ਹੁਣ/107
64. ਰਾਹਤ/109
65. ਅੰਨ੍ਹਾ ਰਾਜਾ/110
66. ਨਾਂ ਖੋਹ/111
67. ਗੁੰਮਨਾਮ/113
68. ਮਹਿਸੂਸ ਕਰ/114
69. ਠੱਗ/115
70. ਇੱਕ ਖਤ ਪਾਸ਼ ਲਈ/116
71. ਗੰਢ (ਮੁਖਾਤਿਬ ਪਾਸ਼ ਨੂੰ)/119
72. ਸੋਚੋ/120
73. ਸਿਰਫ ਮੇਰੀ/121
74. ਕਰੋਨਾ ਤੇ ਦਰਿੰਦੇ (ਮਨੀਸ਼ਾ ਨੂੰ ਸਮਰਪਿਤ)/123
75. ਅਕਿਤ੍ਘਣ/127
76. ਹਿਊਮੇਨਿਯਮ/131
77. ਉਹ ਤੇ ਆਹ/132

78. ਜ਼ਨਮ/134
79. ਤਾਕਤ/135
80. ਵਾਰਿਸ/136
81. ਭੀੜ/137
82. ਉਮੀਦ/139
83. ਪੁਕਾਰ/142
84. ਕੋਈ ਸ਼ਿਵ ਨੂੰ ਪੁੱਛਦਾ ਪਿਆ ਹੈ/145
85. ਸੁਣੋ ਸੁਣੋ/147
86. ਅੰਮ੍ਰਿਤਾ ਤੇ ਪ੍ਰੀਤਮ/149
87. ਅੰਮ੍ਰਿਤਾ/151
88. ਰੁੱਖ ਬਨਾਮ ਭੂਤਨੀ/154
89. ਖੋਰੂ/155
90. ਇਨਕਾਰ/157
91. ਮੇਰਾ ਮੁਰਸ਼ਦ/160
92. ਅਵਸਥਾ/162
93. ਬੁੱਲ੍ਹੇ ਸ਼ਾਹ ਨੂੰ/164
94. ਬੁੱਲ੍ਹੇ ਸ਼ਾਹ ਨੂੰ/167
95. ਮੀਰਾ/168
96. ਦਰਦ/169
97. ਰਾਵਣ/171
98. ਸਵਾਲ/172
99. ਨਿਯਮ/174
100. ਕਰੋਨਾ/175
101. ਕਰੋਨਾ ਦੀ ਆੜ ਵਿੱਚ/176
102. ਬਦ/177
103. ਕਰੋਨਾ ਲਈ/179
104. ਮੈਂ ਕਰੋਨਾ ਹਾਂ/182
105. ਕਰੋਨਾ ਤੇ ਰੱਬ/185
106. ਇੱਛਾ/187
107. ਭੁੱਖ/189
108. 15 ਅਗਸਤ/191
109. ਵੱਡਾ ਦਰਖਤ/193
110. ਨਸਲਕੁਸ਼ੀ/195
111. ਸੋਚ/198
112. ਧਰਤੀ/200
113. ਨਸ਼ਾ/202
114. ਬਿਰਹਾ/203
115. ਇੱਕ ਸਵਾਲ (ਸਮਕਾਲੀਨ ਕਵੀ ਸਈਅਦ ਸ਼ਿਵਰਾਜ ਲੁਧਿਆਣਵੀ ਨੂੰ)/205
116. ਸੁਫ਼ਨਾ/207
117. ਸਬਰ ਤੇ ਸਦਕਾ/210
118. ਸਿਜਦਾ/213
119. ਮਹਿਮਾਂ/216
120. ਕੁਕਨੂਸ/218
121. ਦੁਸ਼ਮਣ/219
122. ਜੇਸਮੀਨ/222
123. ਪਿੰਡ/223
124. ਤਾਰੀਫ ਤੇ ਫਰਕ/225
125. ਸਕੂਨ/227
126. ਮੇਰੀ ਭਾਸ਼ਾ/229
127. ਖੋਜ/231
128. ਨਜ਼ਮ (ਰਾਮ ਮੰਦਿਰ)/233
129. ਰਾਮ/235
130. ਨਾਚ/237
131. ਡਰਦਾ ਰੱਬ/239
132. ਕਿਉਂ/241
133. ਰਾਮ ਉਦਾਸ ਹੈ/242
134. ਸਿੱਖੀ/245
135. ਬੁੱਲਿਆ/246
136. ਪਾਸ਼ ਨਾਲ ਗੱਲਾਂ/247
137. ਮੈਂ ਤੇ ਪਾਸ਼/250
138. ਸੋਹਣੀ ਕੁੜੀ/252
139. ਸਟੇਟਮੈਂਟ/255
140. ਪ੍ਰਤੱਖ/259
141. ਸਾਜ਼ਸ਼/263
142. ਫਤਵਾ/271
143. ਕਿਸਾਨ ਦੀ ਆਵਾਜ਼/275
144. ਸੰਦੇਸ਼/277
145. ਕਰੋਨਾ/2020 /278
146. ਪੰਜ-ਆਬ/280
147. ਕਲਮਾਂ ਦੇ ਕਾਫ਼ਲੇ/285
148. ਕੱਠਪੁਤਲੀ/287
149. ਪਿਆਰ ਸੀ/291
150. ਮਿਸ਼ਾਲ/293
151. ਜੇ ਪਾਸ਼ ਹੁੰਦਾਂ/299
152. ਵਿਵੇਕ/300
153. ਗਵਾਹ/305
154. ਚੂਹੇ/308
155. ਸੱਤਿਆਗ੍ਰਹਿ/309
156. ਕੋਈ ਨਾਂ/311

## ਆਗਾਜ਼

ਜਦ ਉੱਤਰਦਾ ਏ
ਤਦ ਮੇਰਾ ਹੁੰਦਾ
ਕਾਗਜ਼ ਤੇ ਉੱਤਰੇ
ਕਾਗਜ਼ ਦਾ ਹੁੰਦਾ
ਜਦ ਸਭ ਦਾ ਹੁੰਦਾ
ਫਿਰ ਭੁੱਲ ਜਾਂਦੀ ਹਾਂ

ਜਦ ਅੱਖੀਆਂ ਦੇਖਣ
ਉਹਨਾਂ ਅੱਖੀਆਂ ਦਾ ਹੁੰਦਾ
ਜਿਹੜੇ ਬੁੱਲ੍ਹ ਪੜ੍ਹਦੇ ਨੇ
ਉਹਨਾਂ ਬੁੱਲਾਂ ਦਾ ਹੁੰਦਾ
ਮੇਰਾ ਹੋ ਕੇ
ਫਿਰ ਸਭ ਦਾ ਹੁੰਦਾ
ਜਦ ਸਭ ਦਾ ਹੁੰਦਾ
ਫਿਰ ਭੁੱਲ ਜਾਦੀ ਹਾਂ।
✪

## ਹਰ ਇਨਸਾਨ ਕਵੀ ਹੈ

ਨਾ ਮੈਂ ਕੋਈ ਕਵੀ ਹਾਂ
ਨਾ ਕੋਈ ਕਵਿਤਰੀ ਹਾਂ
ਨਾ ਅਰਸ਼ਾਂ ਤੋਂ ਉੱਤਰੀ ਕੋਈ ਪਰੀ ਹਾਂ
ਆਮ ਜਿਹੀ ਇੱਕ ਔਰਤ ਹਾਂ
ਜਜ਼ਬਿਆਂ, ਅਹਿਸਾਸਾਂ ਤੇ ਸੁਫ਼ਨਿਆਂ
ਦੇ ਨਾਲ ਭਰੀ

ਨਾ ਮੈਂ ਕਵਿਤਾ ਵਿੱਚ
ਨਾ ਮੇਰੇ ਵਿੱਚ ਕਵਿਤਾ
ਰਸੂਲ ਹਮਜ਼ਾਤੋਵ ਹੈ
ਕਹਿੰਦਾ
ਮੇਰਾ ਦਾਗ਼ਿਸਤਾਨ ਦੇ ਅੰਦਰ
ਹਰ ਇਨਸਾਨ ਕਵੀ ਹੈ
ਜੇ ਇਹ ਸੱਚ ਹੈ
ਸੱਚ ਮੁੱਚ ਹੀ ਸੱਚ ਹੈ
ਤਾਂ ਹੈ
ਥੋੜ੍ਹਾ ਜਿਹਾ ਕਵੀਪਣ
ਮੇਰੇ ਅੰਦਰ
ਕੁੱਝ ਪਹਿਚਾਨਿਆ
ਤੇ
ਕੁੱਝ ਪਹਿਚਾਣ ਰਹਿਤ ।
✪

## ਫ਼ਖ਼ਰ

ਚਿੱਟਾ ਬਗਲਾ
ਆਪਣੇ ਬੱਚਿਆਂ ਲਈ ਖਾਣਾ ਟੋਲ ਰਿਹਾ ਹੈ
ਮੀਂਹ ਹਨੇਰੀ 'ਚ ਬੱਦਲਾਂ ਦੀ ਕਾਲੀ ਚਾਦਰ ਥੱਲੇ
ਦਲਦਲੀ, ਗਿੱਲੀ ਜ਼ਮੀਨ ਤੇ ਲੱਭ ਰਿਹਾ ਹੈ
ਕੁੱਝ ਅਨਾਜ ਦੇ ਦਾਣੇ
ਆਪਣੇ ਬੱਚਿਆਂ ਦੇ ਲਈ
ਤੇ ਕੁੱਝ
ਆਪਣੇ ਕੁਨਬੇ ਨੂੰ ਬਚਾਉਣ ਦੇ ਲਈ

ਇੱਕ ਨੌਂਜਵਾਨ
ਸੜਕ ਤੇ ਲੇਟਿਆ ਹੋਇਆ
ਸਮੈਕ ਦਾ
ਧੂੰਆਂ ਛੱਡ ਰਿਹਾ ਹੈ
ਜਿਸਦੇ ਚਿਹਰੇ ਤੇ ਮੱਖੀਆਂ ਭਿਣਭਿਣਾ
ਰਹੀਆਂ ਨੇ

ਚਿੱਟਾ ਬਗਲਾ
ਉਹਨਾਂ ਨੂੰ ਦੇਖ ਦੇਖ
ਸੋਚ ਰਿਹਾ ਹੈ
ਹੇ ਇਨਸਾਨ!
ਤੂੰ ਕਿੰਨਾ ਕੋਰਾ ਤੇ ਖੋਖਲਾ ਬਣ ਗਿਆ ਹੈਂ
ਉਸਨੂੰ
ਹੁਣ ਆਪਣੀ ਦੁਨੀਆਂ
ਇਨਸਾਨਾਂ
ਤੋਂ ਵਧੀਆ ਲੱਗ ਰਹੀ ਹੈ
ਕਿਉਂਕਿ

ਉਹ ਮਿਹਨਤ ਕਰਦਾ ਹੈ
ਨਸ਼ਿਆਂ ਦਾ ਸੇਵਨ ਨਹੀਂ

ਉਸ ਨੌਜਵਾਨ ਨੂੰ
ਲਿਬੜਿਆ ਹੋਇਆ ਤੇ ਲਾਚਾਰ ਦੇਖਕੇ
ਉਹ ਆਪਣੇ ਆਪ ਤੇ
ਫ਼ਖ਼ਰ
ਮਹਿਸੂਸ ਕਰਦਾ ਹੈ।
✪

## ਤਮਾਸ਼ਬੀਨ

ਇਹ ਸੜਕ
ਤੇ ਕਿਸਦੀ ਲਾਸ਼ ਪਈ ਹੈ?
ਭੀੜ ਤਮਾਸ਼ਾ ਦੇਖ ਰਹੀ ਹੈ
ਕੁੱਤੇ ਜਿਸਮ ਫ਼ਰੋਲ ਰਹੇ ਨੇ
ਲੋਕੀਂ ਕੁੱਝ ਨਾ ਬੋਲ ਰਹੇ ਨੇ
ਸਾਸ਼ਕ ਨੂੰ
ਕੋਈ ਫ਼ਰਕ ਨਾ ਪੈਂਦਾ
ਉਸ ਲਈ ਪੈਸਾ ਟੋਲ ਰਹੇ ਨੇ

ਇਨਸਾਨਾਂ ਤੋਂ ਚੰਗੇ
ਤਾਂ ਕੁੱਤੇ ਨੇ ਹੋ ਗਏ
ਇੱਕ ਦੂਜੇ ਲਈ ਬੋਲ ਰਹੇ ਨੇ
ਗਲੇ ਸੜ੍ਹੇ ਜਿਸਮਾਂ ਦੇ ਵਿੱਚੋਂ
ਕੁੱਝ ਨਾ ਕੁੱਝ ਤੇ ਟੋਲ ਰਹੇ ਨੇ

ਬੰਦਿਆਂ ਦੇ ਦਿਲ ਪੱਥਰ ਨੇ ਹੋ ਗਏ
ਗਿਰਵੀ ਰੱਖ ਬੇਠੇ ਨੇ ਖ਼ੁਦ ਨੂੰ
ਜ਼ਮੀਰਾਂ ਨੂੰ ਛਿੱਕੇ ਟੰਗਕੇ
ਖ਼ੁਦ ਹੀ ਖ਼ੁਦ ਨੂੰ ਰੋਲ ਰਹੇ ਨੇ

ਕੀ ਹੁੰਦੇ ਸੀ
ਕੀ ਬਣ ਬੈਠੇ ਨੇ
ਸੋਹਣਾ ਵਿਰਸਾ ਭੁੱਲ ਚੁੱਕੇ ਨੇ
ਟਿੱਕ ਟੋਕਾਂ ਤੇ
ਪਤਾ ਨਹੀਂ ਕੀ ਟੋਲ ਰਹੇ ਨੇ
ਆਪਣੀ ਭਾਸ਼ਾ ਭੁੱਲ ਰਹੇ ਨੇ

ਆਪਣੀ ਭਾਸ਼ਾ ਭੁੱਲ ਰਹੇ ਨੇ
ਗ਼ੈਰਾਂ ਦੀ ਬੋਲੀ ਬੋਲ ਰਹੇ ਨੇ
ਇਹ
ਸੜਕ ਤੇ ਕਿਸਦੀ ਲਾਸ਼ ਪਈ ਹੈ ।
✪

## ਗੰਗਾ ਹਾਰ ਗਈ ਹੈ

ਜਿਉਂਦੇ ਜੀ ਜੋ ਜਲੇ ਸੀ
ਮਹਿੰਗਾਈ ਤੇ ਬੇਰੁਜ਼ਗਾਰੀ ਤੋਂ
ਮਰ ਕੇ ਨਦੀਆਂ ਲਈ ਵੀ
ਸਿਰਦਰਦ ਬਣੇ ਨੇ

ਅੱਧ ਜਲੀਆਂ ਲਾਸ਼ਾਂ ਨੂੰ ਜਦ
ਪਵਿੱਤਰ ਨਦੀ
ਵਿੱਚ ਸੁੱਟਿਆ ਜਾਂਦਾ ਹੈ
ਤਾਂ ਕਿ
ਉਹਨਾਂ ਦੇ ਪਿੱਤਰ ਦੋਸ਼
ਦੂਰ ਹੋ ਜਾਵਣ

ਸਾਸ਼ਕ ਗੰਗਾ ਮਾਤਾ
ਸਾਫ਼ ਹੋ ਰਹੀ ਹੈ ਕਹਿਕੇ
ਲੋਕਾਂ ਨੂੰ ਟਟੋਲ ਰਿਹਾ ਹੈ
ਪਰ
ਉਸਨੂੰ ਇਹ ਨਹੀਂ ਦਿਸਦਾ
ਕਿ ਗੰਗਾ ਵੀ ਹੁਣ
ਹਾਰ ਚੁੱਕੀ ਹੈ
ਲਾਸ਼ਾਂ ਦਾ ਬੋਝ ਉਠਾਕੇ

ਉਹ
ਲੋਕਾਂ ਅੱਗੇ
ਝੂਠ ਬੋਲ ਰਿਹਾ ਹੈ
ਕਿ
ਗੰਗਾ ਹੁਣ ਪਹਿਲਾਂ ਤੋਂ
ਸਾਫ਼ ਹੋ ਗਈ ਹੈ
ਗੂੰਗੇ ਬੋਲੇ ਤੇ ਅੰਨ੍ਹੇ ਲੋਕੀਂ
ਉਸ ਤੇ ਫੁੱਲ ਵਰਸਾ ਰਹੇ ਨੇ
ਝੂਠੇ ਨਾਹਰੇ ਲਾ ਰਹੇ ਸੀ

ਗੰਗਾ ਦਿਲ ਫ਼ਰੋਲ ਰਹੀ ਹੈ
ਧੁਰ ਅੰਦਰੋਂ ਉਹ ਰੋ ਰਹੀ ਹੈ
ਉੱਚੀ ਉੱਚੀ ਬੋਲ ਰਹੀ ਹੈ
ਜਿਉਂਦੇ ਜੀ ਜੋ ਜਲੇ ਸੀ
ਮਰ ਕੇ
ਮੇਰੇ ਲਈ ਸਿਰ ਦਰਦੀ
ਬਣੇ ਨੇ।
✪

## ਬੇਖ਼ਬਰ

ਇਸ ਸ਼ਹਿਰ ਦੇ ਬਾਸ਼ਿੰਦੇ
ਮੇਰੀ ਹੋਂਦ ਤੋਂ ਅਣਜਾਣ ਨੇ
ਮੇਰੇ ਕਿਰਦਾਰ ਤੋਂ ਅਣਜਾਣ ਨੇ
ਮੈਂ ਇਸ ਸ਼ਹਿਰ ਦੀ ਪਹਿਚਾਣ ਨੂੰ
ਕਿਸ ਤਰ੍ਹਾਂ
ਆਪਣੀ ਪਹਿਚਾਣ ਕਹਾਂ

ਇਸ ਸ਼ਹਿਰ ਦੇ ਬਾਸ਼ਿੰਦੇ
ਮੇਰੀ ਚਾਹਤ ਤੋਂ ਅਣਜਾਣ ਨੇ
ਮੇਰੇ ਸੁਫ਼ਨੇ ਇਹਨਾਂ ਅੱਗੇ
ਨਹੀਂ ਫਲੇ ਫੁਲੇ
ਮੇਰਾ ਕੋਈ ਜਜ਼ਬਾ ਨਾ ਜੁੜਿਆ
ਇਹਨਾਂ ਨਾਲ
ਮੇਰੇ ਮਚਲਦੇ ਅਰਮਾਨਾਂ ਤੋਂ
ਇਹ ਅਣਜਾਣ ਨੇ

ਇਸ ਸ਼ਹਿਰ ਦੇ ਬਾਸ਼ਿੰਦੇ
ਮੇਰੇ ਸੁਫ਼ਨਿਆਂ
ਦੀ ਮੰਗਦੇ ਨੇ ਕੁਰਬਾਨੀ
ਮੇਰੀ ਸੋਚ ਤੇ ਮੇਰੇ ਫ਼ੈਸਲੇ
ਇਹਨਾਂ ਦੀ
ਹੁਕਮ ਅਦੂਲੀ ਨਹੀਂ ਕਰਦੇ
ਇਹਨਾਂ ਦੇ ਫ਼ੈਸਲਿਆਂ ਦੀ
ਨਾ ਫ਼ੁਰਮਾਨੀ ਕਰਨ ਕਰਕੇ
ਇਹ ਮੇਰੀ

ਸੋਚ ਨੂੰ ਲਹੂ ਲੁਹਾਣ ਤੇ ਖ਼ਤਮ
ਕਰਨਾ ਚਾਹੁੰਦੇ ਨੇ
ਮਿਟਾ ਦੇਣਾ ਚਾਹੁੰਦੇ ਨੇ
ਮੇਰੀ ਹੋਂਦ ਮੇਰੀ ਹਸਤੀ ਦਾ
ਹਰ ਨਿਸ਼ਾਨ
ਮੈਂ ਕਿਸ ਤਰ੍ਹਾਂ
ਇਸ ਸ਼ਹਿਰ ਦੇ ਬਾਸ਼ਿੰਦਿਆਂ ਦੀ ਪਹਿਚਾਣ
ਨੂੰ ਆਪਣੀ ਪਹਿਚਾਣ ਕਹਾਂ

ਇਸ ਸ਼ਹਿਰ ਦੇ ਆਪਣੇ
ਮਨਪਸੰਦ ਬਾਸ਼ਿੰਦਿਆਂ ਦੇ ਵਾਂਗਰ
ਇਸ ਦੇ ਰਸਤੇ ਤੇ ਗਲ਼ੀਆਂ ਵੀ
ਮੇਰੇ ਕਦਮਾਂ ਦੀ ਪੈਰਵਾਈ
ਨਹੀਂ ਕਰਦੇ
ਮੇਰੇ ਅਹਿਸਾਸਾਂ ਤੋਂ ਬੇਖ਼ਬਰ
ਮੇਰੀਆਂ ਖੁਸ਼ੀਆਂ ਵਿੱਚ ਖੁਸ਼
ਤੇ ਮੇਰੇ ਮਾਤਮ ਵਿੱਚ ਮਾਤਮ
ਨਹੀਂ ਕਰਦੇ

ਕਿਉਂਕਿ
ਇਸ ਸ਼ਹਿਰ ਦੇ ਬਾਸ਼ਿੰਦੇ
ਮੇਰੀ ਹੋਂਦ ਤੋਂ
ਜਾਣ ਕੇ ਵੀ ਅਣਜਾਣ ਨੇ
ਤੇ ਖੇਡ ਰਹੇ ਨੇ
ਲੁਕਣਮੀਟੀ
ਮੇਰੇ ਇਤਿਹਾਸ
ਮੇਰੇ ਵਜੂਦ ਨੂੰ ਖਤਮ ਕਰਨ ਲਈ
ਫਿਰ ਮੈਂ
ਇਸ ਸ਼ਹਿਰ ਦੀ ਪਹਿਚਾਣ ਨੂੰ
ਕਿਸ ਤਰ੍ਹਾਂ
ਆਪਣੀ ਪਹਿਚਾਣ ਕਹਾਂ।
✪

## ਕੀੜੇ

ਬੁੱਧ ਨੇ ਕਿਹਾ
ਆਪਣੇ ਅੰਦਰ ਦਾ ਬੋਧ ਜਗਾਉ
ਹਰ ਕੋਈ ਬੁੱਧ ਹੈ
ਪਰ
ਬੁੱਧ ਨੂੰ ਨਾ ਸਮਝ ਸਕੇ
ਨਾਨਕ ਵੀ
ਸਮਝਾ ਕੇ ਨਾ ਸਮਝਾ
ਸਕਿਆ
ਤੇਰੇ ਮੇਰੇ ਵਰਗੇ ਕੀ
ਸਮਝਾਵਣਗੇ

ਊਧਮ ਸਿੰਘ ਤੇ ਸਰਾਭੇ ਵਾਂਗਰ
ਕਿੰਨੇ ਹੀ ਵਾਰ ਗਏ
ਆਪਣਾ ਆਪ
ਇਹਨਾਂ ਖਾਤਰ
ਫਿਰ ਵੀ
ਇਹ ਨਾ ਸਮਝ ਸਕੇ

ਕੀ ਇਹ ਕੀੜੇ ਨੇ
ਕੀੜਿਆਂ ਵਾਂਗਰ ਰੀਂਘਦੇਂ ਰਹਿਣਗੇ
ਨਾ ਸਮਝਣ
ਕੀੜੇ ਹੀ ਤਾਂ ਨੇ

ਨਹੀਂ! ਨਹੀਂ
ਇਹ ਤਾਂ ਕੀੜੇ ਵੀ ਨਹੀਂ ਨੇ
ਕੀੜਿਆਂ ਤੋਂ ਵੀ ਗਏ ਗੁਜ਼ਰੇ ਨੇ

ਕੀੜਿਆਂ ਤੋਂ ਵੀ ਗਏ ਗੁਜ਼ਰੇ ਨੇ
ਮਰੀਆਂ ਹੋਈਆਂ ਜ਼ਮੀਰਾਂ ਦਾ
ਬੋਝ ਉਠਾ ਰਹੇ ਨੇ

ਕੀੜੇ ਤਾਂ
ਜੇ ਰੀਂਘਦੇਂ ਵੀ ਨੇ
ਤਾਂ ਉਹ ਵੀ
ਆਪਣੀ ਮਰਜ਼ੀ ਦੇ ਨਾਲ।
✪

## ਸ਼ਬਦ

ਸ਼ਬਦ ਕੁੱਝ ਕਹਿੰਦੇ ਰਹਿੰਦੇ
ਹਰ ਪਲ
ਕੁੱਝ ਨਾਂ ਕੁੱਝ ਸਹਿੰਦੇ ਰਹਿੰਦੇ
ਵਿਲਕਦੀਆਂ ਅੱਖੀਆਂ
ਸਿਸਕਦੇ ਸ਼ਬਦ
ਮਹਿਕਦੇ ਸ਼ਬਦ
ਧੁਖ਼ਦੇ ਸ਼ਬਦ
ਡਰਦੇ ਸ਼ਬਦ
ਸੁਫਨਿਆਂ ਦਾ ਪਾਣੀ ਭਰਦੇ

ਮਰੇ ਹੋਏ ਸ਼ਬਦ
ਫੁਕਰੇ ਸ਼ਬਦ
ਬਹੁਤ ਸੌਖੀ ਹੈ
ਉਤਪਤੀ
ਖੋਖਲੇ ਸ਼ਬਦਾਂ ਦੀ

ਇਹਨਾਂ ਨੂੰ ਦਰਦਾਂ ਦੀ
ਦੁਨੀਆਂ ਦਾ ਅਹਿਸਾਸ
ਨਹੀਂ ਹੁੰਦਾਂ
ਖੋਖਲੇ ਸ਼ਬਦਾਂ ਦਾ
ਕੋਈ ਵੀ
ਮਾਅਨਾ ਨਹੀਂ ਹੁੰਦਾ
ਹਰਫ਼ ਨਿਕਲੇ ਕਿਉਂ ਤੇ ਕਿੱਥੋਂ
ਮਾਅਨੇ ਰੱਖਦਾ ਹੈ।
✪

## ਬੁੱਧ

ਵਹਿਮ ਸੀ ਉਸਦਾ
ਮਹਿਲਾਂ ਵਾਲੇ
ਹੰਕਾਰੀ
ਅਭਿਮਾਨੀ ਤੇ ਅਸਤਿਤਵਹੀਣ
ਸ਼ਾਇਦ ਰੱਬ
ਝੁੱਗੀਆਂ ਵਿੱਚ ਹੀ ਵਸਦਾ ਹੈ

ਸੰਤ ਫਕੀਰ
ਤਾਂ ਲੀਰਾਂ ਪਾਈ ਫਿਰਦੇ
ਤੇ ਧੁਆਂਖੇ ਹੋਏ ਚਿਹਰਿਆਂ 'ਚੋਂ
ਲੱਭਦੇ ਨੇ

ਪਰ
ਝੁੱਗੀਆਂ ਵਿੱਚ ਕਾਤਿਲ ਵੀ
ਤਾਂ ਪਲਦੇ ਨੇ ਬਹੁਤ ਵਾਰ
ਕਦੀ ਕਦੀ
ਨਹੀਂ ਸੀ ਪਤਾ ਉਸਨੂੰ
ਕਿ ਕੀ ਸਹੀ ਤੇ ਕੀ ਗਲਤ

ਸ਼ਾਇਦ ਉਹ
ਇਹ ਭੁੱਲ ਬੈਠੀ ਸੀ ਕਿ
ਮਹਿਲਾ ਵਿੱਚੋਂ
ਲਿਉ ਟਾਲਸਤਾਏ
ਵੀ ਮਿਲ ਜਾਂਦੇ ਨੇ ਤੇ

ਮਹਿਲਾ ਵਿੱਚੋਂ
ਲਿਉ ਟਾਲਸਤਾਏ ਵੀ
ਮਿਲ ਜਾਂਦੇ ਨੇ ਤੇ
ਸਿਧਾਰਥ
ਮਹਿਲਾਂ ਵਿੱਚੋਂ ਹੀ ਮਿਲ ਸਕਦੇ
ਤੇ ਮਹਿਲਾਂ ਵਿੱਚੋਂ ਹੀ ਨਿਕੱਲਦੇ ਨੇ
ਤਾਂ ਕਿ
ਬੁੱਧ ਹੋਵਣ ਦਾ ਸਫ਼ਰ
ਤੈਅ ਕਰ ਸਕਣ।
✪

## ਚੁੱਪ ਰਹੋ

ਕਾਤਿਲ ਹੱਸ ਰਿਹਾ ਹੈ
ਸਭ ਨੂੰ ਉਹ
ਇਹ ਦੱਸ ਰਿਹਾ ਹੈ
ਉਹ ਸਭ ਤਾਂ
ਮੇਰੇ ਨਾਲ ਖੜ੍ਹੇ ਨੇ
ਜਿਹਨਾਂ ਦੇ ਪੁਰਖ਼ੇ
ਮੇਰੇ ਹੱਥੋਂ ਮਰੇ ਨੇ

ਮੁਸਕੜੀਆਂ 'ਚ ਹੱਸ ਰਿਹਾ ਹੈ
ਉੱਚੀ ਉਚੀਂ ਦੱਸ ਰਿਹਾ ਹੈ
ਇਹ
ਸਭ ਤਾਂ ਬੇਸ਼ਰਮ ਜਿਹੇ ਨੇ
ਅੰਦਰੋ ਬਾਹਰੋਂ ਮਰੇ ਪਏ ਨੇ
ਸਵਾਗਤ
ਦੇ ਲਈ ਮੇਰੇ
ਲਾਸ਼ਾਂ ਦੀ ਹਿੱਕ ਉੱਪਰ ਖੜ੍ਹਕੇ
ਅੱਖਾਂ ਵਿਛਾਕੇ
ਸਿਰ ਝੁਕਾਅ ਕੇ
ਹੱਥਾਂ ਵਿੱਚ ਲਈ ਹਾਰ ਖੜ੍ਹੇ ਨੇ

ਕਿਉਂਕਿ
ਉਹ ਝੁੱਕ ਚੁੱਕੇ ਨੇ ਮੇਰੇ ਅੱਗੇ
ਹਾਰ ਗਏ ਨੇ ਆਪਣੇ ਆਪ ਤੋ
ਸਿਰ ਝੁਕਾਅ ਕੇ
ਬਾਂਹਾਂ ਵਧਾ ਕੇ
ਕਿੰਨਾਂ ਪਿਆਰ ਜਤਾ ਰਹੇ ਨੇ

ਮੈਨੂੰ ਗਲ ਨਾਲ ਲਾ ਰਹੇ ਨੇ
ਚਾਈਂ ਚਾਈਂ ਮੋਹਰੇ ਹੋਕੇ
ਮੇਰੇ ਤੇ ਫੁੱਲ ਵਰਸਾ ਰਹੇ ਨੇ
ਉਚੌਂ ਉਚੌਂ ਗਾ ਰਹੇ ਨੇ
ਆਰਤੀ ਵਾਲਾ ਥਾਲ ਲਈ
ਉਹ ਮੇਰੇ ਵੱਲ ਨੂੰ ਆ ਰਹੇ ਨੇ

ਕਾਤਿਲ ਹੱਸ ਰਿਹਾ ਹੈ
ਤੇ ਦੱਸ ਰਿਹਾ ਹੇ
ਅੱਖਾਂ ਚੁਰਾ ਕੇ
ਮੂੰਹ ਲਮਕਾ ਕੇ
ਮੇਰੇ ਵਲ ਨੂੰ ਦੇਖ ਰਹੇ ਨੇ
ਉਹ ਤਾਂ
ਕਦ ਦੇ ਵਿੱਕ ਚੁੱਕੇ ਨੇ
ਹੱਥ ਫੈਲਾ ਕੇ
ਝੋਲੀ ਚੁੱਕ ਕੇ
ਮੰਗਤੇ ਬਣ ਉਹ ਆ ਰਹੇ ਨੇ
ਸੰਗ ਸ਼ਰਮ ਸਭ ਵੇਚ ਵੱਟ ਕੇ
ਮੇਰੇ ਨਾਲ ਉਹ ਬੇਠ ਰਹੇ ਨੇ
ਨੱਚ ਰਹੇ ਨੇ
ਗਾ ਰਹੇ ਨੇ

ਕਾਤਿਲ ਹੱਸ ਰਿਹਾ ਹੈ
ਤੇ ਪੁੱਛ ਰਿਹਾ ਹੈ
ਤੁਸੀਂ
ਕਿਉਂ! ਖ਼ੌਰੂ ਪਾਈ ਜਾਂਦੇ ਹੋ
ਆਪਣਾ ਆਪ ਜਲਾਈ ਜਾਂਦੇ
ਐਂਵੇ ਸਿਰ ਖਪਾਈ ਜਾਂਦੇ ਹੋ
ਮੈਂਨੂੰ ਵੀ ਸਤਾਈ ਜਾਂਦੇਂ ਹੋ

ਕੁੱਝ ਨਹੀਂ ਤੁਸੀਂ ਕਰ ਸਕਣਾ
ਰੋਲਾ ਪਾ ਪਾ ਹੈ ਥੱਕਣਾ
ਹੱਥਾਂ ਨੂੰ ਕਿਊਂ ਮਲ ਰਹੇ ਹੋ
ਐਵੇਂ ਕਿਉਂ ਜਲ ਰਹੇ ਹੋ

ਕਾਤਿਲ ਹੱਸ ਰਿਹਾ ਹੈ
ਉਹ ਤਾਂ
ਸਭ ਕੁੱਝ ਭੁੱਲ ਭੁਲਾ ਕੇ
ਮੇਰੇ ਨਾਲ ਹੁਣ ਤੁਰ ਰਹੇ ਨੇ
ਪਿੱਛੇ ਨੂੰ ਨਾ ਦੇਖ ਰਹੇ ਨੇ
ਹੱਥੀ ਛਾਂਵਾ ਕਰ ਰਹੇ ਨੇ
ਕਦਮਾਂ ਤੇ ਸਿਰ ਧਰ ਰਹੇ ਨੇ
ਫੁੱਲਾਂ ਦੀ ਬਾਰਿਸ਼ ਕਰ ਰਹੇ ਨੇ
ਮੇਰਾ ਪਾਣੀ ਭਰ ਰਹੇ ਨੇ
ਅੱਗੇ ਪਿੱਛੇ ਮੇਰੇ ਨੱਠਦੇ
ਤੁਹਾਡੇ ਤੋਂ ਜਰਾ ਨਾ ਡਰਦੇ

ਕਾਤਿਲ ਹੱਸ ਰਿਹਾ ਹੇ
ਸਭ ਨੂੰ ਦੱਸ ਰਿਹਾ ਹੈ
ਮਰੀਆਂ ਜ਼ਮੀਰਾਂ ਨੇ ਕੀ ਕਰਨਾ
ਉਹਨਾਂ ਨੂੰ ਲੱਭਿਆ ਹੈ ਖਜ਼ਾਨਾਂ
ਕੋਈ ਨਾ ਉਹਨਾਂ ਦਾ ਨਿਸ਼ਾਨਾ
ਸਾਡਾ ਸਾਂਝਾ ਆਸ਼ਿਆਨਾ
ਤੁਹਾਡਾ ਸਮਝਾਉਂਣਾ ਤਾਂ
ਐਵੇਂ ਖ਼ੌਰੂ ਪਾਉਣਾ ਹੈ
ਤੁਸੀਂ ਚੁੱਪ ਰਹੋ, ਤੁਸੀਂ ਚੁੱਪ ਰਹੋ ।
✪

## ਜਦੋ-ਜਹਿਦ

ਅਜੇ ਤਾਂ ਜਦੋ-ਜਹਿਦ ਜਾਰੀ ਹੈ
ਆਪਣੇ ਆਪ ਨਾਲ ਲੜਾਈ ਜਾਰੀ ਹੈ
ਤਨਹਾਈਆਂ ਦਾ ਮੌਸਮ ਹੈ
ਖੁਸ਼ੀਆਂ ਦੀ ਤਲਾਸ਼ ਜਾਰੀ ਹੈ

ਉਸ ਨੇ ਤੇਰੇ ਮੋਢਿਆਂ ਦਾ
ਭਾਰ ਹੌਲਾ ਕੀ ਕਰਨਾ ਏ
ਉਸ ਦਾ ਤੇ ਆਪਣਾ ਆਪ
ਉਸ 'ਤੇ ਹੀ ਭਾਰੀ ਹੈ

ਦਿਲ ਦੇ ਦਰਦਾਂ ਦਾ ਨਾਂ ਲੱਭਿਆ
ਕੋਈ ਇਲਾਜ ਅੱਜ ਤੱਕ
ਇਹ ਜਾਨਲੇਵਾ ਬਿਮਾਰੀ ਹੈ

ਉਹ ਸ਼ਖ਼ਸ ਤਾਂ
ਮਰ ਗਿਆ ਹੈ ਕਦੋਂ ਦਾ
ਵਕਤ ਨੇ ਕਰ ਦਿੱਤੀ ਧੁੰਦਲੀ
ਉਸ ਦੀ ਤਸਵੀਰ ਸਾਰੀ ਹੈ

ਖ਼ਤਮ ਨਹੀਂ ਹੈ ਹੋ ਰਿਹਾ
ਉਸ ਦੀ ਤਲਾਸ਼ ਵਿੱਚ
ਜਨਮ ਜਨਮਾਂਤਰ ਤੋਂ
ਐਸਾ ਸਫ਼ਰ ਜਾਰੀ ਹੈ

ਖੁਸ਼ੀਆਂ ਦੀ ਤਲਾਸ਼ ਵਿੱਚ
ਥੱਕ ਹਾਰ ਕੇ ਬੈਠ ਗਿਆ

ਥੱਕ ਹਾਰ ਕੇ ਬੈਠ ਗਿਆ
ਹੁਣ ਉਸਨੂੰ ਲੱਗਦਾ
ਹਰ ਪਲ ਭਾਰੀ ਹੈ ।

ਸੁਫਨਿਆਂ ਦਾ ਦੌਰ ਹੁਣ
ਕੁੱਝ ਇਸ ਤਰ੍ਹਾਂ ਚੱਲ ਰਿਹਾ
ਹਰ ਘਰ ਦੇ ਦਰਵਾਜ਼ੇ 'ਤੇ
ਲਿਖੀ ਹੋਈ ਦੁਸ਼ਵਾਰੀ ਹੈ

ਮਿਲ ਕੇ ਹਰ ਵਾਰ ਕਿਉਂ
ਵਿਛੜ ਜਾਂਦਾ ਹੈ ਉਹ?
ਜਨਮਾਂ ਤੋਂ ਜਿਸਦੀ ਭਾਲ ਵਿੱਚ
ਇਹ ਸਫ਼ਰ ਜਾਰੀ ਹੈ।

ਚਾਨਣ ਇਸ ਦੇਸ਼ ਵਿੱਚ
ਨਹੀਂ ਤਦ ਤੱਕ ਫ਼ੈਲ ਸਕਦਾ
ਜਦ ਤੱਕ ਅਗਿਆਨਤਾ
ਇਸ 'ਤੇ ਭਾਰੀ ਹੈ।

ਬੇਈਮਾਨੀਆਂ ਦਾ ਯੁਗ ਹੈ
ਸ਼ਾਸਕ ਨੇ ਬੁੱਲੇ ਲੁੱਟ ਰਹੇ
ਇਕ ਹੋਰ ਲੈਨਿਨ ਦੀ ਭਾਲ ਜਾਰੀ ਹੈ
ਅਜੇ ਤਾਂ ਜਦੋ-ਜਹਿਦ ਜਾਰੀ ਹੈ।
✪

## ਲਾਸ਼

ਉਹ
ਆਪਣੀ ਲਾਸ਼ ਨੂੰ
ਆਪ ਹੀ ਹੈ ਦੇਖ ਰਹੀ
ਸ਼ਬਦਾਂ ਦੀ ਲਾਸ਼
ਜਿਸਮ
ਦਿਲ ਤੇ ਰੂਹ ਦੀ ਲਾਸ਼

ਸੀਸ਼ੇ ਦੇ ਬਕਸੇ ਵਿੱਚ
ਕੈਦ
ਇੱਕ ਲਾਸ਼
ਜਿਸ ਨੂੰ! ਸ਼ਾਇਦ
ਉਹ ਫੁੱਲਾਂ ਨਾਲ ਭਰ ਦੇਣਗੇ
ਪਰ
ਕਦੀ ਨਹੀਂ ਪੜ੍ਹ ਸਕਣਗੇ
ਉਸ ਲਾਸ਼ ਵਿੱਚ
ਦਫ਼ਨ
ਦਿਲ ਦੀ ਇਬਾਰਤ ਨੂੰ
ਮਰੇ ਹੋਏ ਸੁਫ਼ਨਿਆਂ ਨੂੰ
ਕਿ
ਉਹ ਕੀ ਚਾਹੁੰਦੀ ਸੀ
ਕਿਉਂ ਚਾਹੁੰਦੀ ਸੀ
ਸਾਇਦ!
ਬਹੁਤ ਸੋਹਣੇ ਸੁਫ਼ਨੇ
ਤੇ ਛੋਟੀਆਂ ਛੋਟੀਆਂ ਖਵਾਇਸ਼ਾਂ
ਪਰ
ਫੁੱਲਾਂ ਨਾਲ ਢੱਕਣ ਵਾਲਿਆਂ ਨੂੰ

ਪਰ
ਫੁੱਲਾਂ ਨਾਲ ਢੱਕਣ ਵਾਲਿਆਂ ਨੂੰ
ਕੀ ਪਤਾ।
✪

## ਜਾਲ੍ਹਸ਼ਾਜ

ਉਹ ਇੱਕ ਖ਼ੂਬਸੂਰਤ ਸ਼ਿਕਾਰੀ ਹੈ
ਜੋ ਜਾਣਦਾ ਹੈ
ਸ਼ਿਕਾਰ ਕਿਵੇਂ ਫੜਨਾ ਹੈ
ਚੋਗਾ ਪਾ ਕੇ
ਲਾਲਚ ਦਾ ਬਜ਼ਾਰ
ਕਿਵੇਂ
ਖੜ੍ਹਾ ਕਰਨਾ ਹੈ

ਲੋਕ ਰੌਲ਼ਾ ਪਾਉਂਦੇਂ ਨੇ
ਉਹ ਮਿੰਨ੍ਹਾ ਮਿੰਨ੍ਹਾ ਹੱਸਦਾ ਹੈ
ਕਿਉਂਕਿ
ਉਸ ਨੂੰ ਪਤਾ ਹੈ
ਕੋਈ
ਕੋਈ ਵੀ ਕੁੱਝ ਨਹੀ ਕਰ ਸਕਦਾ
ਚਾਹੇ ਪਾ ਲਵੇ
ਜਿੰਨਾ ਮਰਜੀ ਰੌਲ਼ਾ
ਕਿਉਂਕਿ

ਤਾਕਤ ਹੁਣ ਸਿਰਫ ਤੇ ਸਿਰਫ
ਉਸ ਪਾਸ ਹੈ
ਉਹ
ਜਿਸਦਾ ਵੀ ਚਾਹੇ
ਸਿਰ ਕਲਮ
ਕਰ ਸਕਦਾ ਹੈ ਤੇ
ਜੀਭ ਕੱਟ ਸਕਦਾ ਹੈ

ਕਿਉਂਕਿ
ਉਸਨੂੰ ਸਿਰ ਉਠਾ ਕੇ
ਚੱਲਣ ਵਾਲੇ
ਚੰਗੇ ਨਹੀਂ ਲੱਗਦੇ
ਉਹ ਸੋਚ ਨੂੰ ਕੈਦ ਕਰਨਾ
ਚਾਹੂੰਦਾ ਹੈ ।
✪

## ਪੂੰਜੀਵਾਦ

ਮੱਛਰ ਬਣ ਤੁਰ ਰਿਹਾ ਹੈ
ਕੱਟ ਰਿਹਾ ਹੈ ਹਰ ਕਿਸੇ ਨੂੰ
ਕਿਸਦਾ ਖ਼ੂਨ ਮਿੱਠਾ ਹੈ
ਪੀ ਰਿਹਾ ਹੈ ਮਜ਼ੇ ਦੇ ਨਾਲ
ਕਦੀ ਵਾਇਰਸ ਫ਼ੈਲਾ
ਕਦੀ ਕੋਈ ਭੈੜੀ ਬਿਮਾਰੀ ਲਾ
ਕਦੀ ਪਰਮਾਣੂ ਬੰਬ ਦਿਖਾ
ਕੋਈ ਨਵੀਂ ਮਿਜ਼ਾਇਲ ਬਣਾ
ਹਥਿਆਰਬੰਦ ਫ਼ੌਜਾਂ ਵਧਾ
ਕਰ ਰਿਹਾ ਹੈ ਫ਼ੈਸਲੇ
ਕਈ
ਅੰਦਰੋਂ ਅੰਦਰੀ
ਦੁਨੀਆਂ ਖਤਮ ਖ਼ਤਮ ਕਰਨ ਦੇ।
✪

## ਪੱਕਾ ਇਹ ਜਰੂਰੀ ਹੈ

ਮੈਂ ਇਸ ਵਾਰ ਜਦ ਆਵਾਂਗਾ
ਸੜਕਾਂ ਨਵੀਆਂ ਬਣਵਾਂਵਾਂਗਾ
ਅਮੀਰ ਨੂੰ ਸਬਕ ਸਿਖਾਵਾਂਗਾ
ਗਰੀਬ ਨੂੰ ਅਮੀਰ ਬਣਾਵਾਂਗਾ
ਅਮੀਰ ਗਰੀਬ
ਦਾ ਫ਼ਰਕ ਮਿਟਾਕੇ
ਸਭ ਲਈ ਘਰ ਬਣਾਵਾਂਗਾ
ਸਭ ਨੂੰ ਸਨਮਾਨ ਦਿਵਾਂਵਾਂਗਾ

ਕੋਈ ਨ ਹੋਉ ਜੋ ਥੱਲੇ ਸੌਉ
ਬਖ਼ਸ਼ ਦੇਵੋ ਮੇਰੀਆਂ ਭੁੱਲਾਂ
ਇੱਕ ਵਾਰ ਅਜ਼ਮਾਕੇ ਦੇਖੋ
ਫਿਰ ਇੱਕ ਵਾਰ ਜਿਤਾਕੇ ਦੇਖੋ
ਪੱਕਾ ਕਰਦੋ ਮੇਰੀ ਜਿੱਤ ਨੂੰ
ਪੱਕਾ ਦੋਵੇਂ ਜਰੂਰੀ ਹੈ

ਲੋਕ ਤਾਂ ਪਾਗਲ ਨੇ
ਮੇਰੀਆਂ ਗੱਲਾਂ ਵਿੱਚ ਆ ਜਾਵਣਗੇ
ਦਿਮਾਗ ਇਹਨਾਂ ਦਾ ਬਸ ਇੱਕ ਡੱਬਾ ਹੈ
ਜਿਸ ਵਿੱਚ ਕੋਈ ਅਕਲ ਨਹੀਂ ਹੈ
ਕਿਸੇ ਗੱਲ ਦੀ ਕੋਈ ਸਮਝ ਨਹੀਂ ਹੈ
ਬਸ ਚਕਮਾ ਦੇ ਘਮਾਉਣਾ ਹੈ
ਸੌਖਾ ਬਹੁਤ ਭਰਮਾਉਣਾ ਹੈ

ਜਦ ਜਿੱਤਕੇ ਫਿਰ ਆ ਜਾਵਾਂਗਾ
ਗਲ ਵਿੱਚ ਜਿੱਤ ਦੇ ਹਾਰ ਪਵਾ ਕੇ

ਗਲ ਵਿੱਚ ਜਿੱਤ ਦੇ ਹਾਰ ਪਵਾ ਕੇ
ਜੁੱਤੀਆਂ ਫਿਰ ਇਹਨਾਂ ਦੇ ਲਾਵਾਂਗਾਂ
ਉਂਗਲੀਆਂ ਤੇ ਨਚਾਕੇ ਰੱਖੂੰ
ਕੰਨ ਇਹਨਾਂ ਦੇ ਕਸਕੇ ਰੱਖੂੰ
ਪੈਰਾਂ ਦੇ ਤਲੇ ਚਟਾਵਾਗਾਂ
ਖੜ੍ਹ ਜਾਵਣ ਇਹ ਮੇਰੇ ਹਿੱਤ ਵਿੱਚ
ਮੋਹਰੇ ਬਣ ਜਾਵਣ ਮੇਰੀ ਜਿੱਤ ਵਿੱਚ
ਪੱਕਾ ਕਰਦੋ ਮੇਰੀ ਜਿੱਤ ਨੂੰ
ਮੇਰੇ ਲਈ ਇਹ ਜਰੂਰੀ ਹੈ।
✪

## ਸ਼ੋਰ

ਤਨਹਾਈਆਂ ਦਾ ਸ਼ਹਿਰ ਹੈ
ਤਨਹਾ ਹਰ ਸ਼ਖ਼ਸ ਹੈ
ਸ਼ੋਰ ਹੈ ਇੱਕ ਅਜ਼ੀਬ ਜਿਹਾ
ਲੜਖੜਾਉਂਦਾ ਮਿਜ਼ਾਜ ਹੈ

ਜਾਮ ਜਾਮ ਨਾਲ ਨੇ ਖੜ੍ਹਕ ਰਹੇ
ਨਸ਼ਿਆਂ ਵਿੱਚ ਡੁੱਬਿਆ ਸ਼ਬਾਬ ਹੈ
ਧੂੰਆਂ ਹੈ ਛੱਡ ਰਿਹਾ

ਉਹ ਕੌਣ ਹੈ
ਜੋ ਹਨੇਰਿਆਂ 'ਚੋਂ ਰੌਸ਼ਨੀ ਹੈ
ਲੱਭ ਰਿਹਾ

ਅੱਜ ਦਾ ਇਨਸਾਨ ਜੋ
ਵਹਿਮ ਹੈ ਇੱਕ ਪਾਲ ਰਿਹਾ
ਮੌਤ ਵਿੱਚੋਂ ਜ਼ਿੰਦਗੀ ਨੂੰ ਹੈ
ਭਾਲ ਰਿਹਾ

ਮੇਕਅੱਪ ਦੇ ਨਾਲ ਇਹ ਚਿਹਰੇ
ਜੋ ਨੇ ਢੱਕੇ ਹੋਏ
ਧੂੰਆਂ ਲਬਾਂ ਤੋਂ ਜੋ ਨੇ ਉਗਲ ਰਹੇ
ਲੜਖੜਾਉਂਦੇਂ ਕਦਮ
ਮਰੇ ਹੋਏ ਦਿਲ
ਸੜੀਆਂ ਹੋਈਆਂ ਸੋਚਾਂ
ਖੋਖਲੇ ਦਿਮਾਗ
ਆਧੁਨਿਕਤਾ ਦੇ ਸ਼ੋਰ ਹੇਠ

ਆਧੁਨਿਕਤਾ ਦੇ ਸ਼ੋਰ ਹੇਠ
ਖ਼ੁਦ ਨੂੰ ਹੀ ਨਹੀਂ ਨੇ
ਭਾਲ ਰਹੇ ।
✪

## ਨਾਉਮੀਦ

ਉਹ ਦੱਸਦੇ ਨੇ
ਹੁਣ
ਉਹਨਾਂ ਦੇ ਆਪਣੇ ਘਰ ਵਿੱਚ ਵੜਨ ਤੋਂ
ਪਹਿਲਾਂ ਹੀ ਪੈਰ ਥਿੜ੍ਹਕਦੇ ਨੇ
ਦਰਵਾਜ਼ਾ ਖੋਲ੍ਹਣ ਤੋਂ ਵੀ ਡਰ
ਲੱਗਦਾ ਹੈ

ਉਹ ਦੱਸਦੇ ਨੇ
ਹੁਣ ਤਾਂ
ਆਪਣੇ ਘਰ ਦੇ ਕਮਰੇ ਵਿੱਚ
ਬੰਦ ਹੋ
ਜਾਵਣ ਨੂੰ ਦਿਲ ਕਰਦਾ ਹੈ

ਹਨੇਰਾ ਖਤਮ ਨਾਂ ਹੋਏ
ਰੌਸ਼ਨੀ ਦੀ ਕੋਈ
ਉਮੀਦ ਨਹੀਂ

ਹਰ ਪਲ ਇਹ
ਡਰ ਹੈ ਸਤਾ ਰਿਹਾ
ਫਿਰ ਉਹ ਸਭ
ਸਹਿਣਾ ਪਵੇਗਾ
ਜਿਸ ਤੋਂ
ਦੂਰ ਹੋਵਣ ਲਈ
ਹਨੇਰਾ
ਹੀ ਹੈ ਚੰਗਾ ਲੱਗ ਰਿਹਾ।
✪

## ਬਸਤੀ

ਇਹ ਅੱਗ ਦੀ ਬਸਤੀ ਹੈ
ਇੱਥੇ
ਹਰ ਇਨਸਾਨ ਦੀਆਂ
ਅੱਖਾਂ 'ਚ ਅੰਗਿਆਰ ਨੇ
ਬਰਸ ਰਹੇ

ਹੋਂਠਾਂ 'ਚੋਂ ਚੰਗਿਆੜੇ ਉਮੜ ਰਹੇ ਨੇ
ਇੱਥੇ ਦਿਲ ਜਲ ਰਹੇ ਨੇ
ਸੋਚਾਂ ਸੁਆਹ ਹੋ ਰਹੀਆਂ ਨੇ
ਉਮੰਗਾਂ ਤਬਾਹ ਹੋ ਰਹੀਆਂ ਨੇ
ਕਿਉਂਕਿ
ਇਹ ਅੱਗ ਦੀ ਬਸਤੀ ਹੈ
ਜੋ
ਸਭ ਕੁੱਝ
ਜਲਾਉਣ ਦੇ ਵਿੱਚ ਯਕੀਨ
ਰੱਖਦੀ ਹੈ
ਇਸਦੇ ਹਰ ਕੋਨੇ ਵਿੱਚ
ਚਾਰੇ ਪਾਸੇ
ਦਹਿਸ਼ਤ ਨੱਚਦੀ ਹੈ
ਅਰਮਾਨ ਦੱਬ ਰਹੇ ਨੇ
ਤੜਪ ਰਹੀਆਂ ਨੇ ਕੁੱਝ ਰੂਹਾਂ
ਜੋ
ਇਸ ਅੱਗ ਨੂੰ ਘੱਟ ਕਰਨ ਲਈ
ਪੁਕਾਰ ਰਹੀਆਂ ਨੇ
ਇੱਥੇ
ਕੋਈ ਕਿਸੇ ਦਾ ਨਹੀਂ ਹੈ

ਇੱਥੇ
ਕੋਈ ਕਿਸੇ ਦਾ ਨਹੀਂ ਹੈ
ਸੁਣ
ਕਿਉਂਕਿ
ਇਹ ਅੱਗ ਦੀ ਬਸਤੀ ਹੈ

ਇਹ ਅੱਗ ਦੀ ਬਸਤੀ ਹੈ
ਜ਼ੰਨਤ ਨੂੰ ਜ਼ੰਨਤ ਨਹੀਂ
ਰਹਿਣ ਦੇਵੇਗੀ।
✪

## ਕਿਉਂ

ਕਿਉਂ ਕਹਿਣਾ ਤੇ ਕੀ ਕਹਿਣਾ
ਇੰਨ੍ਹਾਂ ਲੋਕਾਂ ਨੂੰ
ਕੀ ਕਰਨਾ ਤੇ ਕਿਉਂ ਕਰਨਾ
ਇਨ੍ਹਾਂ ਲੋਕਾਂ ਲਈ
ਜੋ
ਕੁਫ਼ਰ ਕੁਫ਼ਰ ਹੈ ਤੋਲਦੇ
ਕਾਂਵਾਂ ਵਾਂਗਰ ਨਾਂ ਗੋਲ੍ਹਦੇ
ਐਂਵੇ ਪਏ ਨੇ ਹੱਡੀਆਂ ਰੋਲਦੇ

ਇਹ ਤਾਂ ਅੱਜ ਵੀ
ਮੜੀਆਂ ਤੇ ਰੱਬ ਪਏ ਟੋਲਦੇ
ਸੱਚ ਨੂੰ ਫਾਂਸੀ ਦਿੰਦੇ ਨੇ
ਨਾਲੇ ਪੱਥਰ ਮਾਰਦੇ
ਸ਼ਰੇਆਮ ਸੱਚ ਵੇਚਣ ਵਿੱਚ ਬਜ਼ਾਰਾਂ ਦੇ
ਗੁਰਦੁਆਰੇ, ਮੰਦਰੀਂ ਨੇ ਝਾੜੂ ਫੇਰਦੇ
ਕੀ ਕਹਿਣਾ ਤੇ ਕਿਉਂ ਕਹਿਣਾ

ਬਣ ਯਾਰ ਪਿਆਰ ਦਿਖਾਵਦੇਂ
ਪਿੱਠ ਪਿੱਛੇ ਵਾਰ ਕਰਾਂਵਦੇ
ਵਿੱਚ ਬਜ਼ਾਰੀ ਇਜ਼ੱਤਾਂ ਨੇ ਉਤਾਰਦੇ
ਦਿਲਾਂ ਦੇ ਭੇਤ ਨਾਂ ਖੋਲ੍ਹਦੇ
ਸਿੱਧੇ ਮੂੰਹ ਨਾਂ ਬੋਲਦੇ
ਭੁੱਲ ਭੁਲੇਖੇ ਇਹਨਾਂ ਨੂੰ ਮਿਲਜੇ
ਜੇ ਕੋਈ ਸਿੱਧਰਾ ਸੱਚਾ ਬੰਦਾ
ਫਿਰ ਉਸਦੀ ਮੰਜੀ ਠੋਕਦੇ

ਭਗਤ ਸਿੰਘ ਵੀ
ਪਛਤਾ ਰਿਹਾ ਹੋਵੇਗਾ
ਕੀ ਖੱਟਿਆ ਉਸਨੇ ਵੀ ਮਰਕੇ
ਇਹਨਾਂ ਲੋਕਾਂ ਲਈ
ਇਹਨਾਂ ਲੋਕਾਂ ਲਈ
ਕੀ ਕਰਨਾ ਤੇ ਕਿਉਂ ਕਰਨਾ
ਕਿਉਂ ਮਰਨਾ
ਇਹਨਾਂ ਲੋਕਾਂ ਲਈ।
✪

# ਉਮਰ ਭਰ

ਉਹ ਆਪਣੀ
ਤਲਾਸ਼ ਹੀ ਕਰਦਾ ਰਿਹਾ
ਸਾਰੀ ਉਮਰ ਸਾਰੀ ਉਮਰ
ਦਿਲ ਦਾ ਆਰਾਮ ਗਵਾਕੇ
ਰੂਹ ਦਾ ਸਕੂਨ ਲੱਭਦਾ ਰਿਹਾ
ਸਾਰੀ ਉਮਰ ਸਾਰੀ ਉਮਰ

ਉਹ ਆਪਣੀ
ਤਲਾਸ਼ ਹੀ ਕਰਦਾ ਰਿਹਾ
ਤਾਹਨੇ ਮਿਹਣੇ
ਦੂਜਿਆਂ ਤੋਂ ਹੀ ਜ਼ਰਦਾ ਰਿਹਾ
ਨਾਲ-ਦਿਆਂ ਨੇ ਉਸਦੇ
ਤਾਂ ਖੜ੍ਹੇ ਕਰ ਦਿੱਤੇ ਨੇ ਮਹਿਲ
ਉਹ ਕਿਉਂ
ਝੁੱਗੀਆਂ ਦੇ ਵਿੱਚ ਸੜ੍ਹਦਾ ਰਿਹਾ
ਸਾਰੀ ਉਮਰ ਉਮਰ

ਆਪਣਾ ਆਪ ਮਿਟਾਕੇ
ਸਾਰੀ ਉਮਰ ਕਮਾਕੇ
ਝੋਲੀ ਬਾਕੀਆਂ ਦੀ ਭਰਦਾ ਰਿਹਾ
ਕੰਡਿਆਲੀਆਂ ਰਾਹਾਂ ਤੇ
ਚਲਕੇ ਤਹਿ ਕੀਤਾ ਜੋ ਸਫ਼ਰ
ਕਿਉਂ ਕੜਵੇ ਬੋਲਾਂ ਦੀ ਤਪਸ਼
ਝੱਲਦਾ ਰਿਹਾ
ਸਾਰੀ ਉਮਰ ਸਾਰੀ ਉਮਰ

ਬੱਚਿਆਂ ਨੂੰ ਮਖ਼ਮਲ ਤੇ ਸੁਆਵਣ ਲਈ
ਨਾਂ ਟੁੱਟਣ ਸੁਫਨੇ ਘਰਵਾਲੀ ਦੇ
ਉਹ ਫੁੱਲਾਂ ਦੀ ਸੇਜ ਮਾਣੇ
ਖ਼ੁਦ ਕੰਡਿਆਂ ਤੇ ਸਿਰ ਧਰਕੇ ਸੌਂਦਾਂ
ਤੇ ਕੰਮ ਕਰਦਾ ਰਿਹਾ
ਸਾਰੀ ਓਮਰ ਸਾਰੀ ਉਮਰ

ਆਪਣਾ ਪੇਟ ਕੱਟਕੇ
ਢਿੱਡ ਸਾਰਿਆਂ ਦਾ ਭਰਦਾ
ਸੁਫ਼ਨਿਆਂ ਨੂੰ ਛੁਪਾਕੇ ਆਪਣੇ ਸੀਨੇ
ਖਿੱਸਕ ਨਾਂ ਜਾਏ ਸਭ ਕੁੱਝ
ਉਸਦੇ ਹੱਥਾਂ 'ਚੋਂ
ਸੋਚ ਸੋਚ ਡਰਦਾ ਰਿਹਾ
ਉਹ ਸਾਰੀ ਉਮਰ ਸਾਰੀ ਉਮਰ

ਕੁੱਝ ਪਾਣੇ ਦੀ ਕੋਸ਼ਿਸ ਵਿੱਚ
ਸਭ ਕੁੱਝ ਨੂੰ ਗਵਾਕੇ
ਅੱਜ ਸੋਚ ਰਿਹਾ ਹੋ ਬੇਬੱਸ
ਕਿਸ ਕਿਸ ਲਈ ਸੀ ਉਹ ਮਰਿਆ
ਕਿਸਦੇ ਲਈ ਉਹ ਇਹ ਸਭ
ਕਰਦਾ ਰਿਹਾ
ਸਾਰੀ ਉਮਰ ਸਾਰੀ ਉਮਰ

ਰੌਸ਼ਨੀ ਦੀ ਖੋਜ ਵਿੱਚ
ਗੁੰਮ ਨਾਂ ਹੋ ਜਾਏ ਕਿਤੇ ਉਸਦਾ
ਅਕਸ
ਕੁੱਝ ਜੂਗਨੂਆਂ ਦਾ ਸਾਥ ਲੈ
ਉਹ ਹਨੇਰਿਆਂ ਦੇ ਨਾਲ ਤੁਰ
ਲੜਦਾ ਰਿਹਾ
ਉਹ ਸਾਰੀ ਉਮਰ ਸਾਰੀ ਉਮਰ।
✪

# ਉਹ

(ਇੱਕ ਅਜਨਬੀ ਦੇ ਲਈ ਜਿਸਨੂੰ ਮੈਂ ਹਜੂਰ ਸਾਹਿਬ ਵਿਖੇ ਮਿਲੀ)

ਉਹ ਚੁੱਪ ਗੜੁੱਪ ਜਿਹਾ
ਆਪਣੀ ਤਸਵੀਰ 'ਚ ਹੀ
ਸ਼ਾਇਦ
ਆਪਣਾ ਅਕਸ
ਲੱਭਣਾ ਚਾਹੁੰਦਾਂ ਸੀ
ਜਾਂ ਕੁੱਝ ਹੋਰ
ਇਸ ਲਈ
ਆਪਣੀ ਤਸਵੀਰ ਦੀ ਹੀ
ਭਾਲ ਕਰਦਾ ਰਿਹਾ
ਤੇ
ਉਸ ਤੋਂ
ਪੁੱਛਿਆ ਨਾਂ ਗਿਆ
ਉਸਦਾ ਸਿਰਨਾਂਵਾਂ
ਉਸਨੂੰ
ਇਸ ਗਲਤੀ ਦਾ ਅਹਿਸਾਸ
ਜੀਵਨ ਭਰ ਰਿਹਾ

ਆਪਣੀ ਤਸਵੀਰ ਲੈਣ ਲਈ
ਉਹ ਆਇਆ ਹੋਵੇਗਾ
ਪਰ
ਬਿਨ ਲਏ
ਜਦ ਪਰਤਿਆ ਹੋਵੇਗਾ

ਉਸਦੇ ਅੰਦਰ
ਕਿੰਨ੍ਹਾਂ ਕੁੱਝ ਵਾਪਰਿਆ
ਤੇ ਘਟਿਆ ਵਧਿਆ ਹੋਵੇਗਾ

ਕਾਸ਼!
ਉਹ ਥੋੜ੍ਹਾ ਜਿਹਾ ਰੁੱਕ
ਗਈ ਹੁੰਦੀ
ਲੈ ਲੇਂਦੀ ਉਸਦਾ ਸਿਰਨਾਂਵਾਂ
ਤੇ
ਉਸਨੂੰ
ਉਸਦੀ ਤਸਵੀਰ ਭੇਜ਼ ਦਿੰਦੀ
ਸ਼ਾਇਦ
ਇੱਕ ਬੋਝ ਉਤਾਰ ਲਿਆ ਹੁੰਦਾ ਦਿਲ ਤੋਂ
ਜੋ ਅਜੇ ਤੱਕ ਨਹੀਂ ਉਤੱਰਿਆ
ਉਸਦੀ ਆਤਮਾ ਤੋਂ
ਕਿਉਂਕਿ
ਅੱਜ ਵੀ ਉਸਦੇ ਸੁਫ਼ਨਿਆਂ ਵਿੱਚ
ਉਹ ਆਉਂਦਾ ਹੈ
ਤੇ
ਆਪਣੀ ਤਸਵੀਰ ਮੰਗਦਾ ਹੈ।
✪

## ਮਰਨਾ

ਸਹਿਜ ਸੁਭਾਅ ਹੀ
ਚੁੱਪ ਚੁਪੀਤੇ
ਧੁੰਦਲੀ ਜਿਹੀ ਇੱਕ
ਯਾਦ ਸੀ ਆਉਂਦੀ
ਨਿੱਕੇ ਹੁੰਦਿਆਂ
ਬਚਪਨ ਦੇ ਵਿੱਚ ਜਦ ਦਾਦੀ ਸੀ ਇੱਕ
ਕਹਾਣੀ ਸੁਣਾਉਂਦੀ
ਸ਼ਾਇਦ!
ਉਸ ਵਿੱਚ ਇੰਝ ਹੁੰਦਾ ਸੀ
ਜਿਊਣਾ ਝੂਠ ਤੇ
ਮਰਨਾ ਸੱਚ ਹੁੰਦਾ ਸੀ

ਫਿਰ ਕਿਉਂ
ਮਰਨੇ ਤੋਂ ਹੈ ਡਰਨਾ
ਹੱਕਾਂ ਦੇ ਲਈ ਕਿਉਂ ਨਹੀਂ ਲੜਨਾ

ਦਾਦੀ ਉਦਾਂ ਹੀ ਨਹੀਂ ਕਹਿੰਦੀ ਸੀ
ਇੱਕ ਇੱਕ ਗੱਲ ਉਹ ਸੱਚ ਕਹਿੰਦੀ ਸੀ

ਮਰਨਾ ਹੈ ਮਹਿਬੂਬ ਜਿਹਾ
ਅਸ਼ਾਂਤ ਤੋਂ ਸ਼ਾਂਤ ਹੋ ਜਾਣਾ
ਬ੍ਰਹਿਮੰਡ ਵਿੱਚ ਸਮਾ ਜਾਣਾ

ਫਿਰ ਕਿਉ
ਮਰਨੇ ਤੋ ਡਰਨਾ

ਕਿਉਂ
ਜ਼ਿੰਦਗੀ ਦਾ ਝੂਠ ਹੰਢਾਉਂਣਾ
ਬੇਖ਼ਬਰ ਹੋ
ਅਸਲ ਮਕਸਦ ਤੋਂ
ਜ਼ਹਿਮਤ ਝੱਲਕੇ
ਬਹੁਤ ਕੁੱਝ ਲੁਕਾਉਣਾ
ਝੂਠ ਮਕਾਰੀ ਕਰਦੇ ਰਹਿਣਾ
ਧੋਖੇ ਦੇਣਾ ਧੋਖੇ ਖਾਣਾ
ਕੋਸ਼ਿਸ ਕਰਨਾ
ਝੂਠ ਖਾਣ ਦੀ
ਝੂਠ ਪੀਣ ਦੀ
ਕਿਸੇ ਤੋਂ ਅੱਗੇ ਵਧਣ ਦੀ
ਕਿਸੇ ਨੂੰ ਪਿੱਛੇ ਧੱਕਣ ਦੀ
ਮੁਕਾਬਲੇਬਾਜ਼ੀ
ਜਿਉਂਦੇ ਜੀ ਮਰਨੇ ਦੀ

ਕਿਉਂ
ਸਭ ਚੁੱਕੀ ਫਿਰਦੇ ਨੇ
ਡਰੇ ਹੋਏ
ਮਰੇ ਹੋਏ
ਵਿਚਾਰਾਂ ਦੀਆਂ ਲਾਂਸ਼ਾਂ
ਆਪਣੇ ਆਪਣੇ ਜਿਹਨ ਦੇ ਅੰਦਰ
ਕਾਂਹਤੋਂ ਡਰਦੇ
ਕਿਉਂ ਨਹੀਂ ਲੜਦੇ

ਜੇ ਮਰਕੇ ਵੀ ਕੋਈ ਜਿਉਣਾ
ਹੈ ਹੁੰਦਾ
ਮਰਕੇ ਕਿਉਂ ਨਹੀ ਜਿਉਂਦੇ
ਮਰਨੇ ਨੂੰ ਖ਼ੂਬਸੂਰਤ ਬਣਾਉਂਦੇ।
✪

## ਅਜਗਰ

ਅਜਗਰ ਨੇ ਸੱਪ ਨੇ
ਕੁੰਡਲੀ ਮਾਰ ਬੈਠੇ ਨੇ
ਤੂੰ ਤੁਰੀ ਜਾ ਤੂੰ ਤੁਰੀ ਜਾ
ਬੇਖ਼ਬਰ ਹੋ ਕੇ

ਅਜਗਰ ਨੇ ਸੱਪ ਨੇ
ਤੈਨੂੰ ਭਟਕਾਉਣਗੇ
ਤੂੰ
ਕਿੰਨੀ ਸੋਹਣੀ ਹੈਂ
ਕਿੰਨੀ ਮਨਮੋਹਣੀ ਹੈਂ
ਤੂੰ ਕਿੰਨੀ ਉੱਚੀ ਹੈਂ
ਤੂੰ ਕਿੰਨੀ ਸੁੱਚੀ ਹੈਂ

ਕੋਈ ਵੀ
ਤੇਰੇ ਵਰਗਾ ਨਹੀਂ
ਤੈਨੂੰ ਭਟਕਾਉਣਗੇ
ਤੇਰੇ ਮਕਸਦ ਤੋਂ
ਕਦੇ
ਝੂਠੀਆਂ ਤਾਰੀਫ਼ਾਂ ਦੇ ਨਾਲ
ਕਦੇ ਕਈ ਸੁਫ਼ਨੇ ਦਿਖਾ

ਪਰ
ਵਿੱਚੋਂ ਵਿੱਚ
ਥੱਲੇ ਲਾਉਣ ਦੀ
ਕੋਸ਼ਿਸ ਕਰਨਗੇ
ਕਿਵੇਂ
ਮਾਰਨਾ ਹੈ ਤੈਨੂੰ
ਤਾਰੀਫ਼ਾਂ ਦੇ ਨਾਲ

ਹੁਸ਼ਿਆਰੀ ਦੇ ਨਾਲ
ਉੱਚੀ ਬਣਾ
ਥੱਲੇ ਉਤਾਰਨਾ ਹੈ ਤੈਨੂੰ
ਪਰ ਤੂੰ
ਪੰਧ ਜਾਰੀ ਰੱਖ
ਕਿਉਂਕਿ
ਉੱਪਰ ਚੜ੍ਹਨਾ ਜਰੂਰੀ ਨਹੀਂ
ਪੈਰ ਧਰਤੀ
ਤੇ ਹੀ ਜਮੇਂ ਰਹਿਣ
ਤਾਂ ਚੰਗਾ ਹੈ।
✪

## ਸ਼ਖਸ

ਕਿੰਨਾਂ ਅਜੀਬ ਜਿਹਾ ਹੈ
ਇਹ ਸਖਸ਼
ਜੋ
ਸਭ ਕੁਝ ਕਹਿਕੇ
ਭੁੱਲ ਜਾਂਦਾ ਹੈ ਤੇ
ਸਾਫ ਸੁਥਰਾ ਬਣ ਜਾਂਦਾ ਹੈ
ਧੋਤੇ ਹੋਏ ਕੱਪੜੇ ਦੀ ਤਰ੍ਹਾਂ

ਮੈਂ
ਤਾਂ ਕਦੇ ਵੀ ਮੈਲ਼ਾ ਨਹੀਂ ਸੀ
ਦੂਸਰਿਆਂ ਦੀ ਮੈਲ਼ ਹੀ ਧੋਂਦਾਂ ਰਿਹਾ
ਫਿਰ
ਕਿਉਂ! ਖ਼ੋਰੂ ਪਾ ਰਿਹਾ ਹੈ
ਇਹ ਸ਼ਖਸ
ਜਦ
ਉਸ ਸ਼ਖ਼ਸ ਨੇ ਉਸਨੂੰ
ਉਸਦੀ
ਪਹਿਚਾਣ ਕਰਾਈ।
✪

## ਯਾਦ

ਕੋਠੇ ਦੀ ਛੱਤ ਉੱਤੇ
ਤਾਰਿਆਂ ਦੀ ਛਾਂ ਥੱਲੇ
ਜਦੋਂ ਹੱਸਦੇ ਗਾਉਂਦੇ ਸੀ
ਉਹ ਦਿਨ ਯਾਦ ਆਉਂਦੇ ਨੇ
ਬੜਾ ਹੀ ਰਲਾਉਂਦੇ ਨੇ
ਦਿਲ ਤੜਪਾਉਂਦੇ ਨੇ
ਰੂਹ ਰਾਹੀ ਖਿੱਚੇ ਹੋਏ
ਗੁਜ਼ਰ ਗਏ ਪਲਾਂ ਨੂੰ
ਮੁੱਕ ਗਈਆਂ ਬਾਂਤਾਂ ਨੂੰ
ਕਿਵੇਂ ਦਿਲ ਖੋਲ੍ਹ ਦੱਸਾਂ
ਆਪਣੇ ਜਜ਼ਬਾਤਾਂ ਨੂੰ

ਕੰਧਾਂ ਟੱਪ ਉਹ ਜਦੋਂ
ਨੱਸਾ ਨੱਸਾ ਆਉਂਦਾ ਸੀ
ਬਾਹਾਂ ਵਿੱਚ ਬਾਂਹਾਂ ਪਾ
ਉਹ ਨੱਚਣਾ ਸਿਖਾਉਂਦਾ ਸੀ
ਹੱਸਦਾ ਉਹ ਚਿਹਰਾ ਮੇਰੀਆਂ
ਅੱਖਾਂ ਮੋਹਰੇ ਆਉਂਦਾ ਹੈ
ਕਿਸੇ ਨੂੰ ਹੈ ਕੀ ਪਤਾ
ਕਿੰਨਾਂ ਉਹ ਰੁਆਉਂਦਾ ਹੈ

ਗੱਲਾਂ ਨੂੰ ਵੀ ਅਸੀਂ ਦੋਨੋਂ
ਗੀਤਾਂ ਵਿੱਚ ਕਰਦੇ ਸੀ
ਕਈ ਵਾਰ ਕਿੰਨਾਂ ਹੱਸਦੇ ਸੀ
ਕਈ ਵਾਰ ਬਹੁਤ ਲੜਦੇ ਸੀ

ਹੁਣ ਮੈਨੂੰ ਉਸਦੀਆਂ
ਲੜਾਈਆਂ ਯਾਦ ਆਉਂਦੀਆਂ
ਰੂਹ ਖਿੱਚ ਲੈਂਦੀਆਂ
ਤੇ ਦਿਲ ਚੀਰ ਜਾਂਦੀਆਂ

ਤੈਨੂੰ ਵੀ ਪਤਾ ਹੈ ਉਹ
ਤੇਰੇ ਨਾਲ ਕਿੰਨਾਂ ਲੜਦਾ ਸੀ
ਮੈਂ ਤੇਰੇ ਜਦੋਂ ਮਾਰ ਦਿੰਦੀ
ਉਹ ਤੇਰੇ ਨਾਲ ਖੜ੍ਹਦਾ ਸੀ

ਉਸ ਵੱਲ ਤੂੰ ਹੁਣ ਤੱਕ ਨਹੀਂਉ ਸਕਦੀ
ਮੇਰੇ ਛੋਟੇ ਵੀਰ ਨਾਲ ਲੜ ਨਹੀਂਉ ਸਕਦੀ
ਥੋੜ੍ਹੀ ਚਿਰ ਬਾਅਦ ਫਿਰ ਸਭ ਭੁੱਲ ਜਾਂਦਾਂ ਸੀ
ਮੇਰੀਆਂ ਉਹ ਗੱਲਾਂ ਵਿੱਚ ਫਿਰ ਆ ਜਾਂਦਾ ਸੀ

ਕਦੀ ਕਦੀ ਦਿਲ ਚਾਹਵੇ
ਉਸ ਨੂੰ ਪਤਾ ਲੱਗ ਜਾਵੇ
ਕਿਉਂ ਐਂਦਾਂ ਅਸੀ ਕਰਦੇ ਸੀ
ਉਸ ਨੂੰ ਉਸ ਤੋਂ ਬਚਾਉਣ ਲਈ
ਉਸ ਨਾਲ ਹੀ ਲੜਦੇ ਸੀ

ਕਦੀ ਕਦੀ ਮੇਰਾ ਦਿਲ
ਮੈਨੂੰ ਇਹ ਸਵਾਲ ਕਹਿੰਦਾ

ਸ਼ਾਇਦ ਜੇ ਉਹ ਸੁਣ ਲੈਂਦਾ
ਹੁਣ ਸਾਡੇ ਨਾਲ ਹੁੰਦਾ।
✪

## ਯਕੀਨ ਨਹੀਂ

ਉਸਨੂੰ ਡਰ ਸੀ
ਕਿ
ਕੋਈ ਮਹੁੱਬਤ ਨਹੀਂ ਕਰ ਸਕਦਾ
ਸਭ ਗਰਜ਼ਾਂ ਭਾਲਦੇ ਨੇ
ਇਸ ਲਈ ਕੋਈ
ਵਾਰ ਵਾਰ ਗਿਆ ਅਜ਼ਮਾਇਆ
ਜਾਂ
ਖ਼ੁਦ ਹੀ ਨਹੀਂ ਸੀ
ਕਾਬਿਲ
ਉਹ ਮਹੁੱਬਤ ਦੇ
ਉਸਦੀ ਮਹੁੱਬਤ ਤਾਂ
ਬਣੀ ਬੇਯਕੀਨੀ ਹੀ
ਵਰਨਾ
ਜੋ ਰਾਹਾਂ 'ਚ ਦਿਲ ਖ਼ਿਲਾਰਦੇ
ਉਸ ਤੇ
ਕੌਣ ਫ਼ਿਦਾ ਨਹੀਂ ਹੂੰਦਾਂ।
✪

## ਹਉਕਾ

ਸ਼ਾਇਦ
ਦਿਮਾਗ ਦੇ ਹਰ ਕੋਨੇ ਦੇ ਵਿੱਚ
ਭਰ ਦਿੱਤਾ ਸੀ ਗਿਆ
ਕਿ
ਕੋਈ ਕਿਸੇ ਨੂੰ ਮਹੁੱਬਤ ਨਹੀਂ ਕਰਦਾ
ਬਸ ਕੁੜੀਏ
ਆਪਣੀਆਂ ਅੱਖਾਂ ਨੂੰ ਖੋਲ੍ਹਕੇ ਤੁਰਨਾ
ਤੇ ਕੰਨਾਂ ਨੂੰ ਸੰਭਾਲਣਾ
ਦਿਲ ਨੂੰ ਜ਼ਿੰਦਰਾ ਮਾਰਕੇ ਰੱਖਣਾ
ਪਰ
ਦਿਮਾਗ ਦੇ ਦਰਵਾਜ਼ਿਆਂ ਨੂੰ ਖੁੱਲਾ ਰੱਖਣਾ
ਜਦੋਂ
ਮਹੁੱਬਤ ਦਿਲ ਦੇ ਦਰਵਾਜ਼ੇ ਤੇ ਦਸਤਕ
ਦੇਵਣ ਆਈ
ਦਰਵਾਜ਼ਾ ਖੋਲ੍ਹ ਕੇ ਵੀ ਬੰਦ ਕਰ ਦਿੱਤਾ ਗਿਆ
ਬਸ! ਦਿਮਾਗ ਖੁੱਲ੍ਹਾ ਰੱਖਿਆ
ਤੇ
ਸੁੰਨਮਸਾਣ ਹੋ ਗਏ ਦਿਲਾਂ ਤੱਕ
ਜਾਂਦੇਂ ਰਾਹ
ਕਿਉਂਕਿ
ਅਪਮਾਨ ਕਰ ਦਿੱਤਾ ਗਿਆ ਕਿਸੇ ਦੀ
ਪਾਕ ਮੁਹੱਬਤ ਤੇ ਸ਼ੱਕ ਕਰਕੇ
ਤੇ
ਉਹ ਹਉਕਾ ਬਣ ਉੱਠਿਆ।
✪

## ਹਰ ਕਮੀ

ਉਹ ਕਹਿੰਦੀ ਹੈ
ਉਹ ਸਹਿਮਤ ਹੈ
ਦੁਨੀਆਂ ਭਰ ਦੀਆਂ ਸਾਰੀਆਂ ਕਮੀਆਂ
ਉਸਦੇ ਅੰਦਰ
ਹਰ ਗਲਤੀ ਉਸਦੀ
ਹਰ ਇਲਜ਼ਾਮ ਮਨਜ਼ੂਰ ਹੈ ਉਸਨੂੰ

ਅਗਰ ਨਹੀਂ ਹੈ ਕੋਈ ਨਾਲ ਉਸਦੇ
ਜਾਂ ਨਹੀਂ
ਕੋਈ ਵੀ ਖੜ੍ਹਨਾ ਚਾਹੂੰਦਾਂ
ਫਿਰ
ਉਸਨੂੰ ਇਕੱਲਾ ਛੱਡ ਦਿਉ
ਤਾਂਕਿ! ਉਹ
ਆਪਣੇ ਆਪ ਨੂੰ ਮਿਲ ਸਕੇ
ਤੇ
ਸਾਂਝੇ ਕਰ ਲਵੇ ਆਪਣੇ ਦੁੱਖ
ਆਪਣੇ ਆਪ ਨਾਲ
ਪਰ
ਕੋਈ ਉਸ ਤੋਂ ਕੋਈ ਉਮੀਦ
ਨਾ ਰੱਖੇ
ਤੇ
ਨਾਂ ਉਹ ਕਿਸੇ ਤੋਂ
ਨਾਂ ਕੋਈ
ਉਸ ਤੇ ਹੱਕ ਜਤਾਵੇ
ਨਾਂ ਉਹ ਕਿਸੇ ਤੇ

ਉਹ ਤਾਂ ਹੁਣ ਆਪਣੇ
ਪਾਗਲਪਨ ਦੇ ਵਿੱਚ ਹੀ
ਖੋ ਜਾਵੇ
ਕਿਉਕਿ
ਉਹ ਸਹਿਮਤ ਹੈ।
✪

## ਸਫ਼ਰ

ਸਫ਼ਰ ਜਾਰੀ ਹੈ
ਉਹ ਦਰ ਬ-ਦਰ ਹੈ ਭਟਕ ਰਿਹਾ
ਹਰ ਥਾਂ ਤੇ ਉਸਨੂੰ ਹੀ ਲੱਭ ਰਿਹਾ
ਜੋ ਦੇ ਦੇਵੇ ਉਸਨੂੰ ਉਹ
ਆਤਮਿਕ ਸੁੱਖ
ਜੋ ਕਰ ਦੇਵੇ ਖਤਮ ਉਸਦੀ ਭਟਕਣਾ
ਤ੍ਰਿਸ਼ਨਾਂ ਦੇਹਾਂ ਤੋਂ ਦੇਹਾਂ ਤੱਕ ਥਿੜ੍ਹਕਣ ਦੀ
ਤਾਂ ਕਿ! ਉਹ
ਕੀੜਿਆਂ ਵਾਂਗਰ ਨਾ ਰੀਘਦਾਂ ਰਵੇ
ਜਿਸਮਾਂ ਦੀਆਂ ਮੰਡੀਆਂ ਵਿੱਚ

ਕਿਤੇ ਆਪਣਾ ਅਸਤਿਤਵ
ਨਾਂ ਗਵਾ ਬੈਠੇ
ਤੇ ਡਿੱਗ ਜਾਵੇ ਆਪਣੀਆਂ ਹੀ
ਨਜ਼ਰਾਂ ਵਿੱਚ।
✪

## ਕਲਮਾਂ ਦਾ ਰਾਹੀ

ਤੂੰ ਕਲਮਾਂ ਦਾ ਰਾਹੀ ਨਹੀਂ ਹੈਂ
ਕਵਿਤਾ ਤੇਰੀ ਰੂਹ ਵਿੱਚ ਨਹੀਂ ਹੈ
ਜਦੋਂ
ਆਸਮਾਨ ਤੇ
ਟਿਮਟਿਮਾਉਂਦੇ ਤਾਰਿਆਂ ਵਿੱਚੋਂ
ਇੱਕ ਰੂਹ
ਤਿਲਮਿਲਾਉਂਦੀ ਹੋਈ
ਸਵਾਲ ਕਰੇਗੀ
ਤੇ ਪੁੱਛੇਗੀ
ਜਵਾਬ
ਉਹਨਾਂ ਗੁਨਾਹਾਂ ਦਾ
ਜੋ ਤੂੰ ਕੀਤੇ

ਉਹ ਆਪਣੇ
ਅਹਿਸਾਨਾਂ ਦਾ ਹਿਸਾਬ
ਮੰਗੇਗੀ
ਫਿਰ ਤੂੰ ਉਸ ਨਾਲ ਤਾਂ ਕੀ
ਆਪਣੀਆਂ ਨਜ਼ਰਾਂ ਦੇ ਨਾਲ ਹੀ
ਨਜ਼ਰਾਂ ਨਾਂ ਮਿਲਾ ਸਕੇਂਗਾ
ਜਦ ਆਪਣੇ ਆਪ ਨੂੰ
ਦੋਸ਼ੀ ਪਾਵੇਂਗਾ
ਦੱਸ ਭਲਾਂ
ਕਿੰਝ
ਸੰਭਾਂਲੇਗਾ ਆਪਣੇ ਆਪ ਨੂੰ

ਕੀ ਆਪਣੇ ਕੀਤੇ ਗੁਨਾਂਹਾਂ ’ਚੋਂ
ਉੱਭਰ ਸਕੇਂਗਾ
ਤੇਰੇ ਅਸ਼ਾਂਤ ਮਨ ਦੇ ਦਰਿਆ ਵਿੱਚ
ਕਿਵੇਂ ਠਹਿਰਾਅ ਆਏਗਾ

ਤੂੰ ਕਲਮਾਂ ਦਾ ਰਾਹੀ ਨਹੀਂ
ਕਿਉਂਕਿ
ਜੇ ਤੂੰ ਕਲਮਾਂ ਦਾ ਰਾਹੀ ਹੁੰਦਾ
ਕਿਵੇਂ
ਕਰ ਸਕਦਾ ਸੀ
ਜ਼ਖਮੀਂ
ਇੱਕ ਰੂਹ ਨੂੰ
ਜੋ ਰੂਹ
ਤੂੰ ਸੀ ਕੀਤੀ ਜ਼ਖਮੀਂ
ਉਸੇ ਦੀ ਹੀ ਤੂੰ
ਉਪਜ ਸੀ
ਦੱਸ
ਕਿਵੇਂ! ਮੁਆਫ ਕਰੇਗਾ
ਆਪਣੇ ਇਸ ਗੁਨਾਹ ਨੂੰ

ਤੂੰ ਕਲਮਾਂ ਦਾ ਰਾਹੀ ਨਹੀਂ
ਕਵਿਤਾ ਤੇਰੀ ਰੂਹ ਵਿੱਚ ਨਹੀਂ
ਪਰ
ਇਹ ਵੀ ਤਾਂ ਜਰੂਰੀ ਨਹੀਂ
ਜੋ ਕਲਮਾਂ ਦੇ ਰਾਹੀ
ਹੋਵਣ
ਸੱਚ ਦੇ ਹੋਣ ਪੁਜਾਰੀ ਉਹ
ਕਿਉਂਕਿ
ਕਲਮ ਵੀ ਤਾਂ ਹੁਣ ਵਿੱਕ
ਰਹੀ ਹੈ ਤੇ ਲਿਖ ਰਹੀ ਹੈ
ਬਹੁਤ ਕੁੱਝ
ਆਪਣੇ ਸਵਾਰਥ ਦੇ ਲਈ

ਕਿੰਨੇ ਰਾਜ਼ ਛੁਪਾ ਰਹੀ ਹੈ
ਸੱਚ ਦੀ
ਝੂਠੀ ਔੜ ਕੇ ਚਾਦਰ
ਸ਼ਰੇਆਮ
ਨਿਲਾਮ ਹੋ ਰਹੀ ਹੈ।
✪

## ਨਜ਼ਮ

ਉਹ ਬੰਦਿਆਂ ਨੂੰ ਮਿਲਕੇ ਖ਼ੁਦਾ ਬਣ ਹੈ ਬੈਠਾ
ਖ਼ੁਦਾ ਨੂੰ ਜੇ ਮਿਲ ਪੈਂਦਾਂ ਫਿਰ ਕੀ ਕਹਾਉਂਦਾ

ਬੰਦਿਆਂ ਦੇ ਨਾਲ ਉਸ ਚਾਰ ਗੱਲਾਂ ਕੀ ਕੀਤੀਆਂ
ਖ਼ੁਦਾ ਨਾਲ ਜੇ ਕਰ ਲੈਂਦਾਂ ਉਸ ਨੂੰ ਖੂੰਝੇ ਉਹ ਲਾਉਂਦਾ

ਬੰਦਿਆਂ 'ਚ ਬੇਠਕੇ ਜੋ ਸਿਆਣਾ ਹੈ ਬਣਦਾ
ਖ਼ੁਦਾ ਨਾਲ ਜੇ ਬੈਠ ਜਾਂਦਾਂ ਫਿਰ ਉਸ ਨੂੰ ਵੀ ਸਮਝਾਉਂਦਾ

ਬੰਦਿਆਂ ਨੂੰ ਮਿਲਕੇ ਜੋ ਹੁਕਮ ਹੈ ਸੁਣਾਉਂਦਾ
ਖ਼ੁਦਾ ਨੂੰ ਜੇ ਮਿਲ ਪੈਂਦਾਂ ਆਪਣੇ ਢੰਗ ਨਾਲ ਚਲਾਉਂਦਾ

ਬੰਦਿਆਂ ਨਾਲ ਬੇਠਕੇ ਖ਼ੁਦ ਨੂੰ ਹੈ ਭੁੱਲ ਬੈਠਾ
ਖ਼ੁਦਾ ਨਾਲ ਜੇ ਮਿਲ ਬਹਿੰਦਾ ਭੁੱਲਣ ਉਸ ਨੂੰ ਵੀ ਲਾਉਂਦਾ।
✪

## ਨਜ਼ਮ

ਮੈਂ ਉਸਦੇ ਗੀਤਾਂ ਤੇ ਗਜ਼ਲਾਂ ਨੂੰ ਸੁਣਾ ਸ਼ਿੱਦਤ ਦੇ ਨਾਲ
ਆਪਣਿਆਂ ਨੂੰ ਭੁੱਲ ਹੀ ਜਾਂਵਾਂ ਤੇ ਚੰਗਾ ਹੈ

ਉਹ ਹੈ ਕਿਸੇ ਹੋਰ ਦੇ ਆਸ਼ਿਆਨੇ ਦਾ ਮਾਲਿਕ
ਮੈਂ ਉਸਦੇ ਘਰ ਨਾਂ ਹੀ ਵੜਾਂ ਤਾਂ ਚੰਗਾ ਹੈ

ਮੁਹੱਬਤ ਦਾ ਅੰਜ਼ਾਮ ਮਿਲਣਾ ਹੀ ਨਹੀਂ ਹੁੰਦਾ
ਮੈਂ ਵਿਛੱੜੀ ਹੀ ਰਹਾਂ ਤਾਂ ਚੰਗਾ ਹੈ

ਅਰਸੇ ਤੋਂ ਗਵਾਚਿਆ ਕੋਈ ਸ਼ਖਸ ਲੱਗਦਾ ਹੈ ਉਹ
ਉਸ ਨੂੰ ਨਾਂ ਹੀ ਮਿਲਾਂ ਤਾਂ ਚੰਗਾ ਹੈ

ਬੇਸ਼ੱਕ ਹੈ ਉਸ ਦਾ ਅਹਿਸਾਸ ਵੱਖਰਾ ਹਰ ਅੰਦਾਜ਼ ਵੱਖਰਾ
ਮੈਂ ਉਸ ਨੂੰ ਸੁਫ਼ਨਿਆਂ ਵਿੱਚ ਹੀ ਮਿਲਾਂ ਤਾਂ ਚੰਗਾ ਹੈ

ਮੈਂ ਖੋਈ ਰਹਾਂ, ਮਦਹੋਸ਼ ਹੀ ਰਹਾਂ
ਇਜ਼ਹਾਰ-ਏ-ਮਹੁੱਬਤ ਨਾਂ ਹੀ ਕਰਾਂ ਤਾਂ ਚੰਗਾ ਹੈ

ਕੋਈ ਦੇ ਰਿਹਾ ਹੈ ਫਿਰ ਦਿਲ ਦੇ ਦਰਵਾਜ਼ੇ ਤੇ ਦਸਤਕ
ਖੋਲ੍ਹਾਂ ਕਿ ਨਾਂ ਖੋਲ੍ਹਾਂ ਜਾਂ ਦਸਤਕ ਹੀ ਸੁਣਾ ਤਾਂ ਚੰਗਾ ਹੈ

ਨਾਂ ਮਿਲਕੇ ਵੀ ਉਹ ਤਾਂ ਸਿਰਫ਼ ਮੇਰਾ ਹੀ ਹੈ
ਮੈਂ ਇਸ ਭਰਮ 'ਚ ਹੀ ਰਹਾਂ ਤਾਂ ਚੰਗਾ ਹੈ

ਮੈਂ ਉਸ ਦੇ ਗੀਤਾਂ ਤੇ ਗਜ਼ਲਾਂ ਨੂੰ ਹੀ ਸੁਣਾਂ ਸ਼ਿੱਦਤ ਦੇ ਨਾਲ
ਆਪਣਿਆਂ ਨੂੰ ਭੁੱਲ ਹੀ ਜਾਂਵਾਂ ਤਾਂ ਚੰਗਾ ਹੈ।
✪

## ਕੀ ਰੱਖਿਆ ਹੈ

ਨਾਵਾਂ ਦੇ ਵਿੱਚ ਕੀ ਰੱਖਿਆ ਹੈ
ਇਹਨਾਂ ਨਾਵਾਂ ਦੇ ਵਿੱਚ ਕੀ ਰੱਖਿਆ ਹੈ
ਇਹ ਸਨਮਾਨ ਮੈਨੂੰ ਨਹੀਂ ਚਾਹੀਦੇ
ਸਨਮਾਨਾਂ ਵਿੱਚ ਕੀ ਰੱਖਿਆ ਹੈ
ਇਸਦਾ ਨਾਂ ਹੈ ਉਸਦਾ ਨਾਂ ਹੈ
ਮੇਰਾ ਨਾਂ ਕਿਉਂ ਪਿੱਛੇ ਰੱਖਿਆ ਹੈ
ਰਾਤ ਬਰਾਤੇ ਲੱਭਦੀ ਰਸਤੇ ਉਸ ਗਿਰ੍ਹਾਂ ਦੇ
ਉਸ ਰਸਤੇ ਵਿੱਚ ਕੀ ਰੱਖਿਆ ਹੈ

ਉਸਦੇ ਦਿਲ ਨੂੰ ਪੜਨਾ ਚਾਹਵਾਂ
ਉਹ ਕੀ ਜਾਣੇ ਉਸ ਵਿੱਚ ਕੀ ਰੱਖਿਆ ਹੈ
ਦਿਲ ਮੇਰੇ ਦਾ ਸਕੂਨ ਨਾਂ ਲੈ ਜਾਵਣ
ਉਸਦੀਆਂ ਅੱਖੀਆਂ ਵਿੱਚ ਕੀ ਰੱਖਿਆ ਹੈ
ਹਨੇਰ ਗਰਦੀ ਦੇ ਆਸ਼ਿਕ ਪੁੱਛਣ
ਹੱਥ ਵਿੱਚ ਤੇਰੇ ਲਾਲਟੈਣ ਕਿਉਂ ਹੈ
ਰੌਸ਼ਨੀ ਵਿੱਚ ਦੱਸ ਕੀ ਰੱਖਿਆ ਹੈ

ਸਾਡੇ ਨਾਲ ਆ ਤੂੰ ਵੀ ਬਹਿਜਾ
ਥੋੜ੍ਹੀ ਜਿਹੀ ਸ਼ੋਹਰਤ ਵੀ ਲੈਲੈ
ਕਦੇ ਸ਼ੌਹਰਤ ਦਾ ਮਜ਼ਾ
ਤੂੰ ਵੀ ਚੱਖਿਆ ਹੈ
ਚਾਰੇ ਪਾਸੇ ਹੈ ਕੂੜ ਪਸਾਰਾ
ਆਪਣੇ ਘਰ ਨੂੰ ਤੂੰ ਵੀ ਭਰ ਲੈ
ਇਮਾਨਦਾਰੀ 'ਚ ਕੀ ਰੱਖਿਆ ਹੈ

ਛੱਡ ਪਰੇ ਇਹ ਦੁਨੀਆਂਦਾਰੀ
ਮਤਲਬ ਦੇ ਸਭ ਸਾਕ ਸਬੰਧੀ
ਲੋੜ ਪੈਣ ਤੇ ਸਭ ਨੱਠ ਜਾਂਦੇ
ਮਤਲਬ ਲਈ ਸਭ ਨੇੜੇ ਆਂਓਂਦੇ
ਇਸ ਤਰ੍ਹਾਂ ਦੀ ਰਿਸ਼ਤੇਦਾਰੀ ਵਿੱਚ
ਦੱਸ ਭਲਾ ਮੈਨੂੰ ਕੀ ਰੱਖਿਆ ਹੈ

ਕੋਈ ਕਿਸੇ ਨੂੰ ਪਿਆਰ ਨਹੀਂ ਕਰਦਾ
ਪਿਆਰ ਵੀ ਅੱਜਕੱਲ੍ਹ ਫੈਂਸਨ ਹੈ ਇੱਕ
ਸ਼ਾਇਦ ਹੋਵੇ ਕੋਈ ਟਾਂਵਾ ਟਾਂਵਾ
ਜੋ ਇਸ਼ਕ ਦੀ ਨਬਜ਼ ਪਛਾਣੇ
ਬਰਨਾ ਸਭ ਸ਼ਿਕਾਰੀ ਇੱਥੇ
ਦਿਲ ਦਾ ਸਕੂਨ ਜੋ ਖੋਹ ਲੈਂਦੇ ਨੇ
ਸੋਚ ਸਮਝ ਕੇ ਇਹ ਬਾਜ਼ੀ ਖੇਡੀਂ
ਦਿਲ ਦਾ ਚੈਨ ਗੁਆਉਣੇ ਦੇ ਵਿੱਚ
ਦੱਸ ਤਾਂ ਸਹੀ ਭਲਾਂ ਕੀ ਰੱਖਿਆ ਹੈ

ਉਸ ਨੂੰ ਸਾਹਮਣੇ ਪਾ ਕੇ ਆਪਣੇ
ਉਹ ਆਪਣਾ ਰਸਤਾ ਬਦਲ ਲੈਂਦਾ ਹੈ
ਉਸ ਨੂੰ ਉਹ ਪਹਿਚਾਣ ਸਕੇ ਨਾਂ
ਨਾਮ ਵੀ ਆਪਣਾ ਬਦਲ ਲੈਂਦਾ ਹੈ
ਭੁੱਲ ਜਾਂਦਾ ਹੈ ਉਸਨੇ ਵੀ ਉਸਦੀਆਂ
ਰਾਹਾਂ ਵਿੱਚ ਖੜਕੇ ਕੀ ਕਰਨਾ ਹੈ
ਉਸ ਲਈ ਉਸਦੀਆਂ ਰਾਹਾਂ ਵਿੱਚ ਵੀ
ਕੁੱਝ ਵੀ ਤਾਂ ਖਾਸ ਨਹੀਂ ਰੱਖਿਆ ਹੈ
ਇਹ ਰਾਹਵਾਂ ਤਾਂ ਸਿਰਫ਼ ਰਾਹਵਾਂ ਹੀ ਨੇ
ਇਹਨਾਂ ਰਾਹਵਾਂ ਦੇ ਵਿੱਚ ਕੀ ਰੱਖਿਆ ਹੈ
ਇਹਨਾਂ ਨਾਵਾਂ ਦੇ ਵਿੱਚ ਕੀ ਰੱਖਿਆ ਹੈ।

## ਕਿਤੇ ਤੈਨੂੰ ਰੱਬ ਮਿਲ ਜਾਏ

ਜੇ ਕਿਤੇ ਤੈਨੂੰ ਰੱਬ ਮਿਲ ਜਾਏ
ਮੇਰੇ ਦਿਲ ਦਾ ਹਾਲ ਸੁਣਾਏ
ਇਹ ਜੋ ਮੇਰੇ ਤੇ ਤੂੰ ਤੋਹਮਤ ਲਾਏਂ
ਹਰ ਤੋਹਮਤ ਨੂੰ ਮਾਰ ਮਿਟਾਏਂ
ਤੇਰੇ ਲਈ ਮੈਂ ਕੀ ਕੀ ਸੀ ਮੰਗਿਆ
ਤੈਨੂੰ ਮੇਰੀ ਚਾਹਤ ਦਿਖਾਏ
ਹਰ ਤੋਹਮਤ ਤੋਂ ਮੈਨੂੰ ਬਚਾਏ
ਤੈਨੂੰ ਮੇਰੀ ਯਾਦ ਦਿਲਾਏ

ਹਰ ਪਲ ਰਸਤਾ ਤੇਰੇ ਘਰ ਦਾ
ਹੀ ਸੀ ਤੱਕਿਆ
ਮੇਰੇ ਘਰ ਕਦੇ ਤੂੰ ਵੀ ਆਏਂ
ਤੈਨੂੰ ਹੀ ਮੈਂ ਸਿਜਦਾ ਸੀ ਕੀਤਾ
ਉਹ ਆਕੇ ਤੈਨੂੰ ਸਮਝਾਏ
ਮੇਰੇ ਦਿਲ ਵਿੱਚ ਤੂੰ ਹੀ ਸੀ ਬੈਠਾ
ਤੈਨੂੰ ਤੇਰੀ ਤਸਵੀਰ ਦਿਖਾਏ

ਲਬ ਤੋਂ ਨਿਕਲੀ ਬਦਦੁਆ ਵੀ
ਤੇਰੇ ਲਈ ਦੁਆ ਬਣ ਜਾਏ
ਦਿਲ ਜਲਣੇ ਦਾ ਸੇਕ ਜੋ ਹੁੰਦਾ
ਤੇਰੇ ਕਰਕੇ ਰਾਹਤ ਬਣ ਜਾਏ
ਮਰ ਮਰ ਕੇ ਵੀ
ਤੈਨੂੰ ਹੀ ਸੀ ਤੱਕਿਆ
ਤੈਨੂੰ ਹੀ ਮੈਂ ਸਿਜਦਾ ਕੀਤਾ
ਜਦ ਤੇਰੇ ਨਾਲ ਕੋਈ ਨਹੀਂ ਸੀ

ਜਦ ਤੇਰੇ ਨਾਲ ਕੋਈ ਨਹੀਂ ਸੀ
ਤੇਰੇ ਨਾਲ ਹੀ ਖੜ੍ਹੀ ਰਹੀ ਸੀ
ਕਦੇ ਤਾਂ ਇਹ ਗੱਲ
ਤੇਰੇ ਦਿਲ ਦੇ ਵਿੱਚ ਵੀ ਆਏ

ਬੇਸ਼ੱਕ ਦਿਲ ਵਿੱਚ ਤੂੰ ਹੀ ਬੇਠਾ ਸੀ
ਪਿਆਰ ਤੈਨੂੰ ਖ਼ੁਦ ਤੋਂ ਜ਼ਿਆਦਾ ਕੀਤਾ ਸੀ
ਪਿਆਰ ਇਸ਼ਕ ਵਿੱਚ ਫ਼ਰਕ ਬੜਾ ਹੈ
ਜੇ ਕੀਤੇ ਤੈਨੂੰ ਰੱਬ ਮਿਲ ਜਾਏ
ਤੈਨੂੰ ਵੀ ਉਹ ਪੜ੍ਹਨੇ ਪਾਏ
ਪਿਆਰ ਮੇਰਾ ਸੀ
ਪਰ ਇਸ਼ਕ ਮੇਰਾ ਤੂੰ
ਕਦੀ ਨਾਂ ਬਣਿਆ
ਕਦ ਤੋਂ ਨਾਂ ਬਣਿਆ
ਕਿਉਂ ਨਾਂ ਬਣਿਆ
ਆ ਜਾਏ ਰੱਬ ਤੈਨੂੰ ਸਮਝਾਏ
ਮੇਰੇ ਦਿਲ ਦਾ ਹਾਲ ਸੁਣਾਏ
ਜੇ ਕਿਤੇ ਤੈਂਨੂੰ ਰੱਬ ਮਿਲ ਜਾਏ।
✪

## ਤੂੰ ਹੀ ਤੂੰ

ਤੁਸੀਂ ਤੁਸੀਂ ਤਾਂ ਸਾਰੇ ਹੁੰਦੇ
ਤੂੰ ਦਾ ਰੁੱਤਬਾ ਕਿਸੇ ਨੂੰ ਮਿਲਦਾ
ਤੂੰ ਕਹਿਣ ਤੇ ਕਦੀ ਨਾਂ ਰੁੱਸੀਏ
ਤੂੰ ਕਹਿਣੇ ਤੇ ਕਦੀ ਨਾਂ ਹੱਸੀਏ

ਤੂੰ ਤੂੰ ਤੇ ਆ ਜਾਦਾਂ
ਇੱਕ ਨੂਰ ਅੱਖਾਂ ਵਿੱਚ
ਤੂੰ ਤੂੰ ਹੁੰਦਾ ਇੱਕ ਲੱਖਾਂ ਵਿੱਚ
ਤੂੰ ਤੂੰ ਨੂੰ ਹੀ ਤੱਕਣ ਜੂਹਾਂ
ਤੂੰ ਤੂੰ ਕਹਿੰਦਿਆਂ ਹੱਸਦੀਆਂ ਰੂਹਾਂ

ਤੂੰ ਹੀ ਤੂੰ ਦਿਲ ਵਿੱਚ ਹੈ ਵੱਸਦੇ
ਤੂੰ ਤੂੰ ਤੇ ਹੀ ਚਿਹਰੇ ਭੱਖਦੇ
ਤੂੰ ਦੇ ਅੱਗੇ ਹੀ ਹੁੰਦੇ ਨੇ ਸਿਜਦੇ
ਤੂੰ ਦਾ ਹੀ ਦਿਲ ਹਾਮੀ ਹੈ ਭਰਦੇ

ਤੂੰ ਤੂੰ ਤੇ ਹੂੰਦਾ ਨੂਰ ਅੱਖਾਂ ਵਿੱਚ
ਤੂੰ ਤੂੰ ਤੇ ਹੂੰਦਾਂ ਗਰੂਰ ਦਿਲਾਂ ਦਾ
ਤੂੰ ਤੂੰ ਤੇ ਹੁੰਦਾਂ ਸਰੂਰ ਰੂਹਾਂ ਦਾ
ਤੂੰ ਤੂੰ ਤੂੰ ਹੈ ਇਸ਼ਕ ਦੀ ਬੋਲੀ
ਤੂੰ ਤੂੰ ਕਹਿੰਦੇ
ਜਦ ਦਿਲ ਮਿਲ ਜਾਂਦੇਂ
ਤੂੰ ਤੂੰ ਤੇ ਹੋ ਜਾਵੇ ਪ੍ਰਕਾਸ਼
ਤੂੰ ਤੂੰ ਕਹਿੰਦੇ ਮਿਲ ਜਾਂਦੇ ਨੇ
ਦੋਂਵੇ ਧਰਤੀ ਤੇ ਆਕਾਸ਼

ਤੂੰ ਕਹਿਣ ਤੇ ਆ ਜਾਵੇ
ਬੁੱਲੀਆਂ ਤੇ ਮੁਸਕਾਨ
ਤੂੰ ਨੂੰ ਕਦੀ ਨਾਂ ਛੋਟਾ ਦੱਸੀਏ
ਤੂੰ ਤੂੰ ਤੇ ਹੀ ਹੈ ਰੱਬ ਮਹਾਨ
ਤੂੰ ਤੂੰ ਤੂੰ ਹੈ ਰੱਬ ਦੀ ਜ਼ਾਤ
ਤੂੰ ਤੂੰ ਕਹਿਕੇ
ਉਸਨੂੰ ਹੀ ਦੱਸੀਏ
ਭੇਤ ਦਿਲਾਂ ਦੇ ਤੇ ਜ਼ਜਬਾਤ
ਤੂੰ ਤੂੰ ਕਹਿ ਕੇ ਕਰੀਏ
ਰੱਬ ਨਾਲ ਗੱਲਬਾਤ

ਤੂੰ ਤੂੰ ਦੇ ਸਭ ਨਖ਼ਰੇ ਜ਼ਰੀਏ
ਤੂੰ ਤੂੰ ਹੀ ਤਾਂ ਰੱਬ ਨੂੰ ਕਹੀਏ
ਤੂੰ ਦੇ ਅੱਗੇ ਹੁੰਦੇ ਨੇ ਸਿਜਦੇ
ਤੂੰ ਦੀ ਹੀ ਦਿਲ ਹਾਮੀ ਹੈ ਭਰਦੇ
ਰੱਬ ਦਾ ਦਰਜ਼ਾ ਜਿਸਨੂੰ ਦੇਈਏ
ਉਸ ਨੂੰ ਹੀ ਫਿਰ ਤੂੰ ਤੂੰ ਕਹੀਏ।
✪

## ਘਰ

ਕਬਰਾਂ ਦੇ ਵਿੱਚ ਦੱਬ ਜਾਂਦੇ ਨੇ
ਪੱਥਰਾਂ ਦੇ ਥੱਲੇ ਰੱਖ ਜਾਂਦੇ ਨੇ
ਕੀੜੇ ਮਕੌੜੇ ਖਾ ਜਾਂਦੇ ਨੇ
ਉੱਪਰ ਨਾਂ ਦੀ ਤਖ਼ਤੀ ਲਾ ਕੇ
ਜਦ ਕਬਰਾਂ ਦੇ ਵਿੱਚ ਛੱਡ ਜਾਂਦੇ ਨੇ
ਕਦੇ ਕਦਾਈ ਯਾਦ ਰਹੇ ਤਾਂ
ਫੁੱਲਾਂ ਦੇ ਹਾਰ ਚੜ੍ਹਾ ਜਾਂਦੇ ਨੇ

ਲੱਕੜ ਦੀ ਸੋਹਣੀ ਸੇਜ਼ ਲਿਟਾ ਕੇ
ਅੱਗ ਦੀ ਭੇਟ ਚੜਾ ਜਾਂਦੇ ਆ
ਹੋਲੀ ਹੋਲੀ ਜਲ ਜਾਂਦੇ ਆ
ਜਦ ਸਿਵਿਆਂ ਦੇ ਵਿੱਚ ਛੱਡ ਜਾਂਦੇ ਨੇ
ਮਰ ਕੇ ਜਦ ਸੁਆਹ ਹਾਂ ਬਣਦੇ
ਹਵਾ ਦੇ ਵਿੱਚ ਉਡਾ ਕੇ ਉੱਪਰੋਂ ਹੀ
ਪਾਣੀ ਵਿੱਚ ਬਹਾ ਜਾਂਦੇ ਨੇ
ਕੋਈ ਤੇਰਾ ਵਜ਼ੂਦ ਨਹੀਂ ਹੁਣ
ਆਪਣੇ ਹੀ ਸਮਝਾ ਜਾਂਦੇ ਆ

ਸੋਹਣੀ ਦੁਨੀਆਂ ਤੇ ਜਦ ਹੁੰਦੇ ਨੇ
ਰੰਗਾਂ ਤੋਂ ਭਰਮਾ ਜਾਂਦੇ ਨੇ
ਸੱਚ ਦੀ ਪੌੜੀ ਤੇ ਕੀ ਚੜ੍ਹਨਾ
ਝੂਠ ਤੋਂ ਵੀ ਘਬਰਾ ਜਾਂਦੇ ਨੇ
ਫਿਰ ਆਉਣੇ ਦਾ ਸੁਫ਼ਨਾ ਲੈ ਕੇ
ਅੰਬਰੀ ਘਰ ਬਣਾ ਲੈਂਦੇ ਨੇ
ਜੰਮਣਾ ਮਰਨਾ ਉਸ ਖੇਡ ਬਣਾਈ
ਆਪਣੀ ਵਾਰੀ ਚੱਕਰ ਲਾ ਜਾਂਦੇ ਹਾਂ।
✪

## ਕਹਾਣੀ

ਕਵਿਤਾ ਪਈ ਹੁਣ ਚੀਕਾਂ ਮਾਰੇ
ਗ਼ਜ਼ਲ ਵੀ ਆਪਣਾ ਦਰਦ ਸੁਣਾਉਂਦੀ
ਕਿਉਂ ਗੀਤਾਂ 'ਚ ਹੁਣ ਬੋਅ ਜਿਹੀ ਆਉਂਦੀ
ਕਵਿਤਾ ਪੜਕੇ ਕੋਈ ਨਾਂ ਰਾਜ਼ੀ
ਗ਼ਜ਼ਲਾਂ ਨੂੰ ਵੀ ਕੋਈ ਗਲ ਨਾਲ ਨਾਂ ਲਾਵੇ
ਕਹਾਣੀ ਹਰ ਕਿਸੇ ਦੀ ਹੈ ਆਪਣੀ
ਕੋਈ ਨਾਂ ਕਿਸੇ ਨੂੰ ਪੜ੍ਹਨਾ ਚਾਹਵੇ
ਹੁਣ ਗੂੰਗੇ, ਬਹਿਰੇ ਹੋ ਗਏ ਨੇ ਲੋਕੀਂ
ਅੰਨਿਆਂ ਨੂੰ ਕਾਣਾ ਸਮਝਾਵੇ

ਚੰਗੇ ਨੇ ਕਈ ਗੀਤਕਾਰ ਬਥੇਰੇ
ਚੰਗੇਂ ਨੂੰ ਨਾਂ ਕੋਈ ਸੁਣਨਾ ਚਾਹਵੇ
ਕੋਈ ਕਾਹਤੋਂ ਨਾਂ ਹੁਣ ਸੋਂਹਣਾ ਗਾਵੇ
ਜੋ ਨਫ਼ਰਤ ਨਾਂ ਵੰਡੀਆਂ ਪਾਵੇ
ਸਭ ਲੋਂਕਾਂ ਨੂੰ ਰਾਹ ਦਿਖਾਵੇ
ਇੱਕ ਦੂਜੇ ਦੇ ਭੇਦ ਮਿਟਾਵੇ
ਸ਼ਿਕਵੇ ਭੁੱਲਕੇ ਜੋ ਗਲੇ ਲਗਾਵੇ

ਖੁਸ਼ ਹੋ ਕੇ ਕਵਿਤਾ ਗ਼ਜ਼ਲ ਨੂੰ ਦੱਸਦੀ
ਕਈ ਗੀਤ ਹੁਣ ਵੀ ਨੇ ਸੋਹਣੇ
ਜਿਹਨਾਂ ਦੀ ਉਹ ਕਦਰ ਹੈ ਕਰਦੀ
ਦਿਲ ਦੇ ਵਿੱਚ ਬਸਾ ਕੇ ਹੈ ਰੱਖਦੀ
ਨਜ਼ਰ ਝੁਕਾ ਕੇ ਸਿਜਦੇ ਕਰਦੀ ਹੈ
ਸਾਰਾ ਦਿਨ ਹੈ ਗਾਉਂਦੀ ਰਹਿੰਦੀ

ਗ਼ਜ਼ਲ ਹੈ ਕਵਿਤਾ ਦੀ ਭੈਣ ਵਡੇਰੀ
ਰੰਗ ਰੂਪ 'ਚ ਜ਼ਿਆਦਾ ਸੋਹਣੀ

ਗ਼ਜਲ ਹੈ ਕਵਿਤਾ ਦੀ ਭੇਣ ਵਡੇਰੀ
ਰੰਗ ਰੂਪ 'ਚ ਜ਼ਿਆਦਾ ਸੋਹਣੀ
ਹਾਰ ਸ਼ਿੰਗਾਰ ਲਾ ਖ਼ੁਦ ਨੂੰ ਪਰੋਵੇ
ਗ਼ਜ਼ਲ ਦੇ ਮੋਢੇ ਕਵਿਤਾ ਸਿਰ ਰੱਖਕੇ ਰੋਵੇ
ਕਿਉਂ ਸੜ੍ਹਿਆਂਦ ਹੁਣ ਗੀਤਾਂ 'ਚੋਂ ਆਵੇ

ਕਵਿਤਾ ਨੂੰ ਇਹ ਗਮ ਸਤਾਵੇ
ਸੋਚ ਰਹੀ ਹੈ ਕੋਈ ਤਾਂ ਆਵੇ
ਪੁੱਠੇ ਰਸਤੇ ਪੈ ਗਿਆ ਨੂੰ
ਕਿਸੇ ਤਰ੍ਹਾਂ ਉਹ ਮੋੜ ਲਿਆਵੇ
ਕੋਈ ਤਾਂ ਆਵੇ, ਕੋਈ ਤਾਂ ਆਵੇ
ਜੋ ਸੋਹਣੇ ਗੀਤਾਂ ਨੂੰ ਗਾਵੇ
ਕਵਿਤਾ ਆਪਣਾ ਦਰਦ ਸੁਣਾਵੇ

ਕਵਿਤਾ ਹੁਣ ਪਈ ਚੀਕਾਂ ਮਾਰੇ
ਗ਼ਜ਼ਲ ਵੀ ਆਪਣਾ ਦਰਦ ਸੁਣਾਉਂਦੀ
ਹੁਣ ਕਿਉਂ ਗੀਤਾਂ ਚੋਂ ਬੋਅ ਜਿਹੀ ਆਉਂਦੀ ।
✪

## ਕਿਵੇਂ

ਚੜ੍ਹ ਗਏ ਜੋ ਭੇਟ ਨਫ਼ਰਤ ਦੀ
ਪਿਆਰ ਵਿੱਚ ਯਕੀਨ ਦਰਸਾਉਣ ਕਿਵੇਂ
ਬਣਾ ਦਿੱਤੇ ਗਏ ਸੀ ਜੋ ਕਤਲਗਾਹ
ਉਹਨਾਂ ਘਰਾਂ ਦੀਆਂ ਬਰੂਹਾਂ ਤੇ
ਕੋਈ ਪੈਰ ਧਰਨ ਜਾਵੇ ਕਿਵੇਂ
ਦਿਲਾਂ ਵਿੱਚ ਜਿਹਨਾਂ ਦੇ
ਜ਼ਹਿਰ ਸੀ ਭਰ ਦਿੱਤਾ ਗਿਆ
ਉਹ ਅਪਣੇ ਹੱਥਾਂ ਨਾਲ
ਅੰਮ੍ਰਿਤ ਪਿਲਾਵਣ ਕਿਵੇਂ

ਜਿਹਨਾਂ ਮਾਂਵਾਂ ਨੇ
ਤੱਕੇ ਨਾਂ ਮੂੰਹ ਪੁੱਤਾਂ ਦੇ
ਉਹ ਦੀਵਾਲੀ ਦੀ ਰਾਤ
ਦੀਵੇ ਜਗਾਵਣ ਕਿਵੇਂ
ਖ਼ੁਸ਼ੀਆਂ ਰੋਧ ਦਿੱਤੀਆਂ
ਜਿਹਨਾਂ ਦੀਆਂ ਸਮੇਂ ਦੇ ਸ਼ਾਸਕਾਂ
ਉਹ ਲੋਕ ਮਹਿਲ ਆਪਣੇ ਹੁਣ
ਸਜਾਵਣ ਕਿਵੇਂ

ਕਟਾ ਲਏ ਹੱਥ ਜਿਹਨਾਂ
ਹੱਕਾਂ ਲਈ ਲੜਨੇ ਦੀ ਖਾਤਿਰ
ਉਹ ਹੁਣ
ਖੁਸੀਆਂ ਦੇ ਅਨਾਰ ਚਲਾਵਣ ਕਿਵੇਂ
ਮੱਥਾ ਮਾਰ ਮਾਰ ਤੇ ਥੱਕ ਹਾਰਕੇ
ਬੇਠ ਗਏ ਨੇ ਬਹੁਤੇ

ਬੇਸਮਝਾਂ ਨੂੰ ਕੋਈ ਜਾਕੇ
ਸਮਝਾਵੇ ਕਿਵੇਂ
ਛੱਡ ਘਰ ਬਾਰ ਆਪਣੇ
ਜੋ ਹੋ ਗਏ ਨੇ ਬੇ-ਵਤਨ
ਵਾਪਸ ਘਰ ਆਪਣੇ ਉਹਨਾਂ ਨੂੰ
ਕੋਈ ਲਿਆਵੇ ਕਿਵੇਂ।
✪

## ਸਾਂਝ

ਉਸਦਾ ਮੇਰਾ
ਮੇਰਾ ਉਸਦਾ
ਅਜੀਬ ਹੈ ਰਿਸ਼ਤਾ
ਸੰਗਮ, ਮੇਲ ਜੁਦਾਈ ਨਾ ਦੱਸਦਾ
ਰੋਂਦਾ ਰੋਂਦਾ ਵੀ ਹੈ ਹੱਸਦਾ
ਇਹ ਰਿਸ਼ਤਾ ਅਨਮੋਲ ਬੜਾ ਹੈ
ਬਚਪਨ ਵਾਂਗਰ ਅਣਭੋਲ ਜਿਹਾ ਹੈ
ਪਾਕ ਮਹੁੱਬਤ ਰੂਹ ਹੇ ਇਸਦੀ
ਨਜ਼ਰ ਲੱਗੇ ਨਾਂ ਇਸਨੂੰ ਕਿਸੇ ਦੀ
ਰੱਬ ਦੇ ਵਾਂਗਰ ਹੈ ਇਹ ਸੁੱਚਾ
ਇਸ ਦੁਨੀਆਂ ਵਿੱਚ ਸਭ ਤੋਂ ਉੱਚਾ

ਇਹ ਰਿਸ਼ਤਾ ਅਬਾਦ ਰਹੇ
ਹਰ ਬੰਧਨ ਤੋਂ ਅਜ਼ਾਦ ਰਹੇ
ਪਾਕ ਰਹੇ
ਬੇਦਾਗ ਰਹੇ
ਜਦ ਵੀ ਸੋਚਾਂ ਮੈਂ ਇਸ ਵਾਰੇ
ਰੱਬ ਜਿਹਾ ਅਹਿਸਾਸ ਦਵੇ।
✪

# ਉਹ

ਚੱਲਦੀ ਚੱਲਦੀ ਰੁੱਕ ਗਈ ਏ
ਬਾਲਣ ਵਾਂਗਰ ਸੁੱਕ ਗਈ ਏ
ਮੌਤ ਨੇ ਕੀ ਮਕਾਉਣਾ ਸੀ ਉਸਨੂੰ
ਜ਼ਿਊਂਦੇ ਜੀ ਹੀ ਮੁੱਕ ਗਈ ਏ

ਜੀਵਣ ਜਾਚ ਸਿੱਖਣ ਤੋਂ ਪਹਿਲਾਂ
ਜਿਉਣੇ ਨੂੰ ਹੀ ਭੁੱਲ ਗਈ ਹੈ
ਮੰਜ਼ਿਲ ਹੁਣ ਦਿਸਦੀ ਨਾ ਜਾਪੇ
ਰਸਤੇ ਵਿੱਚ ਹੀ ਰੁੱਕ ਗਈ ਹੈ

ਵਕਤ ਉਕਾਉਣਾ ਕੀ ਸੀ ਉਸਨੂੰ
ਉਹ ਆਪੇ ਹੀ ਉਕੱ ਗਈ ਏ
ਤੁਰਦੀ ਸੀ ਜੋ ਨਾਲ ਹਵਾ ਦੇ
ਹਲਾਤ ਦੇ ਅੱਗੇ ਹੁਣ ਝੁੱਕ ਗਈ ਏ

ਸੁਫ਼ਨੇ ਦਿਲ ਦੇ ਵਿਹੜੇ ਵਿੱਚ ਬੇਠੇ
ਪਰ ਉਹ ਨਿਸ਼ਾਨਾ ਚੁੱਕ ਗਈ ਏ
ਜੋ ਖੇਤਾਂ ਵਿੱਚ ਨਚਦੀ ਸੀ ਰਹਿੰਦੀ
ਪਤਾ ਨਹੀਂ ਕਿੱਥੇ ਲੁੱਕ ਗਈ ਏ

ਹਵਾ ਨਾਲ ਜੋ ਗੱਲਾਂ ਕਰਦੀ ਸੀ
ਵਿੱਚ ਹਵਾਂਵਾਂ ਸੀ ਉਸਦੀਆਂ ਰਾਂਹਵਾਂ
ਕਿੱਥੇ ਗਈਆਂ ਨੇ ਉਹ ਥਾਂਵਾਂ
ਹਵਾ ਵੀ ਉਸ ਨੂੰ ਪੁੱਛ ਰਹੀ ਹੈ

ਕਾਹਦਾ ਬੋਝ ਉਠਾ ਨੀ ਸਕਦੀ
ਕਿਸ ਕਰਕੇ ਉਹ ਝੁੱਕ ਰਹੀ ਏ
ਉਸ ਨੂੰ ਮਿਲਣੇ ਤੋਂ ਪਹਿਲਾਂ ਹੀ
ਰਸਤੇ ਵਿੱਚ ਹੀ ਰੁੱਕ ਗਈ ਏ

ਜਿਸਦਾ ਸਭ ਪਾਣੀ ਸੀ ਭਰਦੇ
ਜੋ ਸਭ ਨੂੰ ਖੁਸ਼ੀਆਂ ਸੀ ਵੰਡਦੀ
ਸਭਨਾਂ ਦੇ ਸੀ ਦੁੱਖ ਵੰਡਾਉਂਦੀ
ਕਿਉਂ ਹੋਲੀ ਹੋਲੀ
ਅੰਦਰੋਂ ਅੰਦਰੀ ਮੁੱਕ ਰਹੀ ਏ

ਸੁਫ਼ਨੇ ਸਭ ਪਰਾਏ ਨੇ ਹੋ ਗਏ
ਜ਼ਿੰਦਗੀ ਐਂਵੇ ਲੰਘ ਰਹੀ ਏ
ਅੱਖਾਂ ਨਾਲ ਜੋ ਗੱਲਾਂ ਸੀ ਕਰਦੀ
ਹੁਣ ਖ਼ੁਦ ਤੋਂ ਹੀ ਸੰਗ ਰਹੀ ਹੈ

ਮੈਂ ਵੀ ਜਿਉਂਣਾ ਚਾਹੁੰਦੀ ਹਾਂ
ਮੇਰੀ ਵੀ ਜਿਉਣੇ ਦੀ ਚਾਹਤ
ਕਿਉਂ ਸਭ ਨੂੰ
ਨਹੀਂ ਦੱਸਣਾ ਚਾਹੁੰਦੀ
ਆਪਣਾ ਹੱਕ
ਕਿਉਂ ਨਹੀਂ ਲੈਣਾ ਚਾਹੁੰਦੀ।
✪

## ਪੱਥਰ ਦੇ ਦਿਲ

ਡਰਦੇ ਨੇ ਜਿਵੇਂ
ਸ਼ਾਂਤੀ ਤੋਂ
ਅਸ਼ਾਂਤੀ ਵਿੱਚ ਜਾ ਰਹੇ ਹੋਵਣ
ਆਪਣੇ ਘਰਾਂ ਵਿੱਚ ਪੈਰ ਧਰਨ
ਤੋਂ ਹੁਣ ਲੋਕ

ਅਸਮਾਨ ਵਿੱਚ
ਉਡੱਦੇ ਪਰਿੰਦਿਆਂ ਨੂੰ ਦੇਖ
ਬਣ ਜਾਵਣ
ਉਸ ਤਰ੍ਹਾਂ ਖ਼ੁਦ ਵੀ ਪੰਛੀ
ਪਰ
ਬਣ ਜਾਵਣ ਅਜਨਬੀ
ਘਰ ਆਵਣ ਤੇ
ਕਿਉਂਕਿ! ਹੁਣ
ਘਰਾਂ ਦੀਆਂ ਕੰਧਾਂ ਪਿਆਰ ਦੀਆਂ ਨਹੀਂ
ਸੰਗਮਰਮਰ ਦੀਆਂ ਨੇ

ਹੁਣ
ਘਰਾਂ ਵਿੱਚ ਪਰਿਵਾਰ ਨਹੀਂ
ਵੱਖ ਵੱਖ ਥਾਵਾਂ ਤੋਂ ਆਏ
ਲੋਕ ਵੱਸਦੇ ਨੇ
ਤੇ
ਉਹਨਾਂ ਦੇ
ਪੱਥਰ ਬਣ ਚੁੱਕੇ ਦਿਲ
ਬਰਫ਼ ਵਾਂਗਰ
ਠੰਡੇ ਹੋ ਚੁੱਕੇ ਜਜ਼ਬਾਤ

ਮਰ ਚੁੱਕੀਆਂ ਭਾਵਨਾਵਾਂ ਦੀਆਂ ਲਾਸ਼ਾਂ
ਚੁੱਕੀ ਫਿਰਦੇ ਨੇ

ਘਰਾਂ ਵਿੱਚ ਹੁਣ
ਸਿਰਫ਼ ਤੇ ਸਿਰਫ਼
ਜਿਸਮ ਤੁਰਦੇ ਫਿਰਦੇ ਨੇ
ਇਨਸਾਨ ਨਹੀਂ
ਕਿਉਂਕਿ
ਘਰ ਹੁਣ ਸ਼ਾਂਤੀ ਨਿਵਾਸ ਨਹੀਂ
ਅਸ਼ਾਂਤੀ ਨਿਵਾਸ ਨੇ।
✪

## ਅਸੂਲ

ਉਹ ਜਾਣਦੀ ਹੈ
ਅਸੂਲਾਂ ਦੀ
ਕੋਈ ਕਦਰ ਨਹੀਂ ਕਰਦਾ
ਹੁਣ ਉਹ ਵੀ
ਜਿਉਂਦੇ ਜੀ ਮਰਨਾ ਨਹੀਂ
ਚਾਹੁੰਦੀ

ਅਸੂਲਾਂ ਨੂੰ ਕਿੱਲੀ ਟੰਗਕੇ
ਆਪਣੇ ਆਪ ਨੂੰ
ਦੇਖਣਾ ਚਾਹੁੰਦੀ ਹੈ
ਜੀ ਭਰ ਕੇ
ਜੀਉਣਾ ਚਾਹੁੰਦੀ ਹੈ ਆਪਣੀ
ਜ਼ਿੰਦਗੀ

ਪਰ
ਉਹ ਬਹੁਤ ਵਫ਼ਾਦਾਰ ਵੀ ਹੈ
ਤੇ ਅਸੂਲਾਂ ਵਾਲੀ ਵੀ
ਇਛਾਵਾਂ ਅਸੂਲਾਂ ਤੇ
ਹਾਵੀ ਹਨ
ਹੁਣ
ਉਹ ਅਸੂਲ ਪਾਲੇਗੀ ਤੇ
ਇਛਾਵਾਂ
ਦਾ ਗਲਾ ਘੁੱਟੇਗੀ
ਕਿਉਂਕਿ
ਉਹ ਆਪਣੀ ਹੀ ਨਜ਼ਰ ਵਿੱਚ
ਗਿਰਨਾ ਨਹੀਂ ਚਾਹੁੰਦੀ।
✪

## ਤਸੁੱਵਰ

ਉਸਨੂੰ ਲੱਗਦਾ ਹੈ ਕਿ
ਉਸਦੇ ਕੰਮਪਲੈਕਸ
ਜੋ ਜਦ ਹੁੰਦੇ ਨੇ ਉਸ ਤੇ ਹਾਵੀ
ਫਿਰ ਉਹ ਪੈਸੇ ਦੀ ਬਰਸਾਤ
ਕਰਦਾ ਹੈ

ਪੈਸਾ ਪੈਸਾ ਕਰਦਾ ਉਹ
ਪੈਸੇ ਨਾਲ ਹੀ ਸਭ ਕੁੱਝ ਤੋਲਦਾ
ਪੈਸੇ ਨਾਲ ਹੀ ਫਿਰ ਬੋਲਦਾ
ਉਹ
ਉਸਨੂੰ ਹੰਕਾਰੀ ਲੱਗਦਾ ਹੈ
ਹਰ ਪਲ ਭਾਰੀ ਲੱਗਦਾ ਹੈ

ਉਹ
ਉਸਦਾ ਤਸੁੱਵਰ ਨਹੀਂ ਸੀ
ਓਸਦੇ ਤਾਂ
ਸੁਫ਼ਨਿਆਂ ਦੀ ਤਸਵੀਰ
ਕੁੱਝ ਹੋਰ ਸੀ

ਕਿਉਂਕਿ
ਉਸਦੇ ਤਾਂ ਸੁਫਨਿਆਂ ਵਿੱਚ
ਸੁਕਰਾਤ ਆਉਂਦਾ ਸੀ
ਜੋ ਪੀ ਕੇ ਪਿਆਲਾ ਜ਼ਹਿਰ ਦਾ
ਵੀ ਮੁਸਕਰਾਉਂਦਾ ਸੀ

ਉਹ ਚਾਹੁੰਦੀ ਕਿ ਕਿਧਰੋਂ ਮਿਲ ਜਾਏ
ਉਸਨੂੰ ਲਿਉ ਤਾਲਸਤਾਏ
ਡੁੱਬ ਜਾਏ
ਉਹ ਉਸਦੇ ਸ਼ਬਦਾਂ ਦੀ ਫ਼ਕੀਰੀ
ਦੇ ਸਮੂੰਦਰ ਵਿੱਚ
ਬਣ ਜਾਵੇ ਉਸਦੇ ਕਿਸੇ ਨਾਵਲ ਦੀ
ਲਾਇਨ ਕੋਈ
ਜਾਂ
ਤੁਰ ਪਏ ਨਾਲ ਉਸਦੇ
ਇੱਕ
ਲੰਬੇ ਅਣਡਿੱਠੇ ਸਫ਼ਰ ਤੇ।
✪

## ਉਸਨੂੰ ਨਹੀਂ ਪਤਾ

ਉਸਨੂੰ ਕੀ ਪਤਾ
ਪਿਆਰ
ਕੀ ਹੁੰਦਾ ਹੈ
ਇਸ਼ਕ
ਕੀ ਹੁੰਦਾ ਹੈ
ਸਿਰਫ਼
ਬੋਲ ਦੇਣਾ
ਇਕਬਾਲ ਕਰਨਾ
ਇਕਰਾਰ ਕਰਨਾ
ਹੀ
ਤਾਂ ਨਹੀਂ ਹੁੰਦਾ

ਇਸ਼ਕ
ਭੱਠੀਆਂ ਵਿੱਚ ਤਪਣਾ
ਤੱਤੀਆਂ ਤਵੀਆਂ ਤੇ ਬੈਠਣਾ
ਥਲਾਂ ਵਿੱਚ ਸੜ੍ਹਨਾਂ
ਜਿਉਂਦੇ ਜੀ ਕੰਧਾਂ ਵਿੱਚ
ਮਰਨੇ ਲਈ ਖੜ੍ਹਨਾਂ ਹੈ

ਬਹੁਤ ਔਖਾ ਹੈ
ਪਰ ਸੋਨਾ
ਭੱਠੀਆਂ ਵਿੱਚ ਤਪਕੇ ਹੀ
ਕੁੰਦਨ ਬਣਦਾ ਹੈ

ਜੋ
ਇਸ਼ਕ ਕਹਿ ਦੇਵੇ

ਤੂੰ
ਮੈਨੂੰ ਬੇਨਾਮ ਰੱਖੀਂ
ਠੀਕ ਹੈ

ਪਰ
ਇਸ਼ਕ ਮੁਸ਼ਕ ਕਦ ਛੁਪੇ ਨੇ
ਤੇ ਕਦੋਂ ਛੁਪਦੇ ਨੇ
ਇਹ ਤਾਂ
ਸਿਰ ਚੜ੍ਹਕੇ ਬੋਲਦੇ ਨੇ।
✪

## ਹੋ ਸਕਦਾ ਏ

ਹੋ ਸਕਦਾ ਏ
ਨਾਂ
ਮਿਲ ਸਕਾਂ ਮੈਂ ਤੈਂਨੂੰ
ਅਗਰ
ਤੂੰ ਸੱਚ ਏ
ਤਾਂ
ਹਰਫ਼ਾਂ ਵਿੱਚੋਂ ਪੜ੍ਹ ਲੈਣਾ ਮੈਨੂੰ
ਹਵਾ ਦੇ ਬੁੱਲਿਆਂ 'ਚੋਂ ਦੀ ਪੜ੍ਹ ਲੈਣਾ ਮੈਂਨੂੰ
ਸੂਰਜ਼ ਦੀਆਂ ਕਿਰਨਾਂ ਵਿੱਚੋਂ ਲੱਭ ਲੈਣਾ ਮੈਨੂੰ
ਚੰਨ ਤਾਰਿਆਂ ਨੂੰ ਤੱਕਣਾ
ਤੇ ਤੱਕ ਲੈਣਾ ਮੈਨੂੰ

ਇਸ ਤਰ੍ਹਾਂ ਤੂੰ
ਹਰ ਰੋਜ਼
ਮੇਰੇ ਨਾਲ ਗੱਲਾਂ ਕਰਨੀਆਂ
ਮੈਂ ਲੱਭ ਲਵਾਂਗੀ
ਕਦੇ ਨਾਂ ਕਦੇ
ਤੈਂਨੂੰ।
✪

## ਆਮੀਨ

ਸਦੀਆਂ ਤੋਂ ਕੋਈ ਸ਼ੈਅ
ਉਹਦੇ ਨਾਲ ਨਾਲ ਤੁਰਦੀ
ਫਿਰ
ਗਵਾਚ ਜਾਂਦੀ
ਅਚਾਨਕ
ਹੀ ਫਿਰ ਆ ਖੜ੍ਹਦੀ ਹੈ
ਮੋਹਰੇ ਉਸਦੇ
ਕਦੀ ਕਦੀ ਉਹ ਅੱਗੇ ਰਹਿ ਜਾਂਦੀ
ਕਦੀ ਕਦੀ ਉਹ ਪਿੱਛੇ ਰਹਿ ਜਾਂਦੀ
ਇਹ ਆਵਾਗਮਣ ਦਾ ਚੱਕਰ
ਜਾਰੀ ਹੈ ਤੇ ਰਹੇਗਾ
ਜਦ ਤੱਕ
ਭਟਕਣਾ ਖਤਮ ਨਹੀਂ ਹੁੰਦੀ

ਇਸ ਵਾਰ
ਉਹ ਫਿਰ ਪਿੱਛੇ ਰਹਿ ਗਈ
ਉਸਨੂੰ ਲੱਗਦਾ ਹੈ

ਪਰ
ਅਚਾਨਕ ਹੀ ਫਿਰ ਸਾਹਮਣੇ
ਆ ਖੜ੍ਹੀ ਹੋਈ ਹੈ
ਹੁਣ ਉਹ
ਆਪਣੀ ਉਸ ਸ਼ੈਅ ਨੂੰ
ਵੇਲ ਵਾਂਗ ਲਿਪਟਣਾ
ਤੇ
ਇੱਕ ਹੋ ਜਾਣਾ ਚਾਹੁੰਦੀਂ ਹੈ

ਡਰ ਹੈ ਕਿ
ਇਸ ਵਾਰ ਫਿਰ
ਅੱਗੇ ਪਿੱਛੇ ਹੋਣ ਦੀ ਦੌੜ
ਜਾਰੀ ਰਹੇਗੀ
ਪਰ
ਇਸ ਵਾਰ ਉਹ
ਨਾ-ਮਨਜ਼ੂਰ ਕਰਦੀ ਹੈ

ਰੱਬ
ਨਾਲ ਬਗਾਵਤ
ਕਰਨ ਤੇ ਤੁਰਦੀ ਹੈ
ਜਾਂ ਤਾਂ ਉਹ
ਉਸਦੀ ਸ਼ੈਅ ਨੂੰ ਉਸ ਨਾਲ
ਮਿਲਾ ਦੇ
ਜਾਂ
ਫਿਰ ਤੈਅ ਕਰ ਦਵੇ
ਉਸਦਾ ਮਰਨਾ
ਉਸਦੀ ਉਸ
ਸ਼ੈਅ ਦੀਆਂ ਅੱਖਾਂ ਮੋਹਰੇ
ਤਾਂ ਕਿ
ਮੌਤ ਤਾਂ ਖ਼ੂਬਸੁਰਤ ਹੋ ਸਕੇ
ਆਮੀਨ!
✪

## ਫਿਰ ਆਉਣਾ ਪਵੇਗਾ

ਅਜੇ ਤਾਂ ਸਫ਼ਰ ਬਹੁਤ
ਲੰਬਾ ਹੈ
ਅਜੇ ਤਾਂ ਪਹਿਲਾ ਪੜਾਅ ਹੀ ਨਹੀਂ
ਖਤਮ ਹੋਇਆ

ਅਜੇ ਤਾਂ ਤੇਰੇ ਵਿੱਚੋਂ
ਤੂੰ ਹੀ ਨਹੀਂ ਗਈ
ਫਿਰ
ਕਿਹੜਾ ਸਫਰ
ਕਿਹੜੀ ਮੰਜ਼ਿਲ
ਦੱਸ
ਕੀ ਤੈਨੂੰ ਲੱਗਦਾ ਹੈ
ਤੈਨੂੰ ਮੰਜ਼ਿਲ ਮਿਲੇਗੀ

ਜਿਸ
ਮੰਜ਼ਿਲ ਦੀ ਤੈਨੂੰ ਚਾਹ ਹੈ
ਉਹ ਹੈ
ਰਾਹ ਇਬਾਦਤ ਦੀ
ਪਾਕੀਜ਼ਗੀ ਖਿਆਲਾਂ ਦੀ
ਰੂਹਾਨੀਅਤ ਅੱਖੀਆਂ ਦੀ
ਪਰ
ਇਸ ਸਫ਼ਰ ਵਿੱਚ
ਜੇ ਕੋਈ ਉਂਗਲੀ ਉਠੱਦੀ ਹੈ
ਕਰਦੀ ਹੈ ਤੇਰਾ ਮੇਰਾ
ਸਾਡਾ ਚੀਰ ਹਰਨ
ਤਾਂ

ਸਾਡਾ ਚੀਰ ਹਰਨ
ਤਾਂ
ਸ਼ਾਇਦ ਇਸ ਜਨਮ ਵੀ
ਥੋੜ੍ਹੀ ਦੇਰ ਕਰ ਦਿੱਤੀ

ਸਫ਼ਰ ਜਾਰੀ ਰੱਖਦੇ ਹਾਂ
ਕੋਈ ਹੋਰ
ਚੰਗਾ ਰਸਤਾ ਲੱਭਦੇ ਹਾਂ
ਸ਼ਾਇਦ
ਕੁੱਝ ਹੋ ਸਕੇ
ਪਰ ਨਹੀਂ
ਲੱਗਦਾ ਹੈ ਫਿਰ ਆਉਣਾ ਪਵੇਗਾ
ਮੰਜ਼ਿਲ ਤੇ ਪਹੁੰਚਣ ਲਈ।
✪

## ਕਤਲ

ਉਹ ਕਾਤਿਲ
ਜੋ ਕਰੇ ਕਤਲ ਦੇਸ਼ ਲਈ
ਉਹ ਸ਼ਾਨ ਹੈ
ਜੋ ਕਤਲ ਹੋਵੇ ਦੇਸ਼ ਲਈ
ਉਹ ਅਭਿਮਾਨ ਹੈ
ਇਸ ਤਰ੍ਹਾਂ
ਕਾਤਿਲ ਜੋ ਕਰੇ ਕਤਲ
ਉਹ ਕਤਲ ਕਤਲ ਦਾ ਅਭਿਮਾਨ ਹੈ

ਉਹ ਕਾਤਿਲ
ਜੋ ਕਤਲ ਕਰੇ ਮਸੂਮ ਦਾ
ਉਹ ਹੈਵਾਨ ਹੈ
ਕਾਤਿਲ
ਕਤਲ ਕਰੇ ਜੋ ਸੱਚ ਦਾ
ਉਹ ਇਨਸਾਨੀਅਤ ਦਾ ਅਪਮਾਨ ਹੈ

ਕਤਲ ਸਨਮਾਨ ਵੀ ਹੈ
ਹੋਵੇ ਜੇ ਮਾਣ ਸਨਮਾਨ ਲਈ
ਬੇਸ਼ੱਕ
ਕਤਲ ਹੋਵੇ ਮਾਣ ਸਨਮਾਨ ਲਈ
ਆਨ ਲਈ
ਸ਼ਾਨ ਲਈ
ਅਪਮਾਨ ਲਈ
ਕਤਲ ਕਰਨਾ ਹੋਵੇ ਆਪਣਾ
ਕਿਸੇ ਦਾ

ਕਿਸੇ ਲਈ
ਹਾਂ ਉਹ ਕਾਤਿਲ
ਬਣਨਾ ਵੀ ਸੌਖਾ ਨਹੀਂ

ਕਤਲ ਕਰਨ ਤੋ ਂਪਹਿਲਾਂ
ਕਤਲ ਹੋਣ ਤੋਂ ਪਹਿਲਾਂ
ਆਪਣੇ ਆਪ ਦਾ
ਆਪ ਹੀ
ਕਰਨਾ ਪੈਂਦਾ ਹੈ ਕਤਲ
ਆਪਣੇ ਅਸਤਿਤਵ
ਆਪਣੀ ਸੋਚ
ਆਪਣੇ ਖ਼ਿਆਲਾਂ
ਆਪਣੀ ਹੋਂਦ
ਨੂੰ ਖਤਮ ਕਰਨਾ ਪੈਂਦਾ ਹੈ

ਤੇ ਕਰਨਾ ਪੈਂਦਾ ਹੈ
ਪੈਂਦਾ
ਆਪਣੇ ਆਪ ਵਿੱਚੋਂ
ਇੱਕ ਸੂਰਵੀਰ
ਜਾਂ
ਪਸ਼ੂ।
✪

## ਭੁੱਲ ਚੁੱਕੇ ਨੇ

ਭੁੱਲ ਚੁੱਕੇ ਨੇ
ਕਿ ਹਰ
ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ
ਆਪਣਾ
ਸਵਰਗ ਛੱਡ ਰਹੇ ਨੇ
ਚਮਕਦੀ ਦਮਕਦੀ ਦੁਨੀਆ ਦੇ ਭੁਲੇਖੇ

ਬਿਨ ਸੋਚੇ ਸਮਝੇ
ਕੰਧਾਂ ਟੱਪਕੇ
ਅੰਨ੍ਹੇ ਕੂਏ 'ਚ ਛਾਲ ਮਾਰਨ ਦਾ
ਰੁਝਾਨ ਜਾਰੀ ਹੈ
ਤੇ ਜਾਰੀ ਰਹੇਗਾ
ਕਿਉਂਕਿ
ਹਰ ਕੋਈ ਅਜ਼ਮਾਉਣਾ ਚਾਹੁੰਦਾਂ ਹੈ
ਆਪਣੀ ਕਿਸਮਤ
ਤੇ
ਜਾਨਣਾ ਚਾਹੁੰਦਾ ਹੈ
ਅੰਨ੍ਹੇ ਖੂਹ ਦੇ
ਰਾਜ਼ ਨੂੰ।
✪

## ਬੇਪ੍ਰਵਾਹ

ਕਾਤਿਲ ਜੋ ਨੇ
ਮੇਰੀ ਸੋਚ ਦੇ
ਹੁਣ
ਉਹਨਾਂ ਨਾਲ ਮੇਰਾ
ਨਾਂ ਕੋਈ ਸਰੋਕਾਰ ਹੈ
ਨਾਂ ਕਿਸੇ ਕਿਸਮ ਦੀ ਨਫ਼ਰਤ
ਨਾਂ ਦਿਲ ਤੋਂ ਹੀ ਉਮੜਦਾ
ਜਰਾ ਵੀ ਪਿਆਰ ਹੈ
ਜੋ ਹਰ ਪਲ
ਲੜ੍ਹ ਰਹੇ ਨੇ ਸੱਚ ਲਈ
ਉਚੱਾ ਹੁੰਦਾ ਉਹਨਾਂ
ਦਾ ਮਿਆਰ ਹੈ

ਜੋ ਸੁਫ਼ਨਿਆਂ ਵਿੱਚ ਵੀ
ਨਾਂ ਨਾਲ ਮੇਰੇ ਖੜ੍ਹ ਸਕਣ
ਕਿਸ ਤਰ੍ਹਾਂ ਤੇ ਕਿਉਂ ਰੱਖਣਾ
ਉਹਨਾਂ ਨਾਲ ਕੋਈ ਸਰੋਕਾਰ
ਨਾਂ ਕਿਸੇ ਕਿਸਮ ਦੀ ਨਫ਼ਰਤ
ਨਾਂ ਕੋਈ ਸਤਿਕਾਰ
ਬਾਹਰ ਤੋਂ
ਜੋ ਹੈ ਉਪਦੇਸ਼ਕ ਦਿਖ ਰਿਹਾ
ਅੰਦਰੋਂ ਹੈ ਕਦ ਦਾ ਬਿਮਾਰ

ਜੋ ਕਰਦੇ ਨੇ ਭੰਡੀ ਮੇਰੀ
ਵਿੱਚ ਬਜ਼ਾਰ ਦੇ
ਉਹਨਾਂ ਦਾ

ਉਹਨਾਂ ਦਾ
ਤਾਂ ਇਹ ਹੈ ਕਾਰੋਬਾਰ
ਤੋੜਨ ਨੂੰ ਉਹ ਹਰ ਹੀਲੇ ਨੇ ਵਰਤ ਚੁੱਕੇ
ਹੋ ਚੁੱਕੇ ਨੇ ਲਾਚਾਰ
ਕੋਈ ਲੋੜ ਨਹੀਂ ਹੁਣ ਰੋਣੇ ਦੀ
ਭੰਡੀਆਂ ਕਰਨੇ ਵਾਲੇ ਕਰਦੇ
ਆਪਣਾ ਆਪ ਹੀ ਤ੍ਰਿਸਕਾਰ

ਨਫ਼ਰਤ ਜੋ ਚਾਰੇ ਪਾਸੇ ਨੇ ਵੰਡ ਰਹੇ
ਹਰ ਕਿਸੇ ਦੀ ਸੋਚ ਨੂੰ
ਕਰ ਰਹੇ ਨੇ ਬਿਮਾਰ
ਇਹ ਕੋਈ ਨਵੀਂ ਨਵੇਲੀ ਗੱਲ ਨਹੀਂ
ਝੂਠ ਸਦੀਆਂ ਤੋਂ ਹੈ ਕਰ ਰਿਹਾ
ਸੱਚ ਦਾ ਹਰ ਰੋਜ਼ ਰੋਜ਼
ਬਲਾਤਕਾਰ

ਕਾਤਿਲ ਜੋ ਨੇ ਮੇਰੀ ਸੋਚ ਦੇ
ਉਹਨਾਂ ਨਾਲ
ਨਾਂ ਕਿਸੇ ਕਿਸਮ ਦੀ ਨਫ਼ਰਤ
ਨਾਂ ਕਰ ਸਕਾਂ
ਕੋਈ ਝੂਠ ਮੂਠ ਦਾ ਪਿਆਰ।
✪

## ਆਉ

ਜੋ ਨਫ਼ਰਤਾਂ ਤੇ ਗਰਜ਼ਾਂ ਪਾਲਦੇ ਨੇ
ਉਹ ਕਵੀ ਕਵੀ ਨਹੀਂ ਹਨ
ਕਿਉਂਕਿ
ਹਰ ਕਿਸੇ ਦੀ ਆਪਣੀ
ਕਵਿਤਾ ਤੇ ਕਹਾਣੀ ਹੈ
ਕਵਿਤਾ ਦਾ ਕਵਿਤਾ ਨਾਲ ਕੋਈ
ਮੁਕਾਬਲਾ ਨਹੀਂ
ਆਉ

ਆਉ ਕਵਿਤਾ ਨੂੰ
ਆਪਣੇ ਆਪ 'ਚ ਲੱਭੀਏ
ਕਵਿਤਾ ਨੂੰ ਸਿਰਫ਼
ਦੂਸਰਿਆਂ ਵਿੱਚੋਂ
ਜਾਂ
ਦੂਸਰਿਆਂ ਦੇ ਲਫ਼ਜ਼ਾਂ
ਵਿੱਚੋਂ ਨਹੀਂ
ਕਵਿਤਾ ਨੂੰ ਸਿਰਫ਼
ਕਿਤਾਬਾਂ ਵਿੱਚੋਂ ਹੀ ਨਹੀਂ
ਆਪਣੀ ਜ਼ਿੰਦਗੀ ਦੀ ਕਿਤਾਬ
ਵਿੱਚੋਂ ਲੱਭੀਏ

ਆਉ
ਪਹਿਲਾਂ ਆਪਣੇ ਆਪ ਨੂੰ ਪੜ੍ਹੀਏ
ਜੋ ਕਰਦੇ ਹਾਂ
ਜੋ ਹੰਢਾਉਂਦੇ ਹਾਂ
ਉਸਦਾ

ਉਸਦਾ
ਉਸਦਾ ਪਲੱਸ ਮਾਈਨਸ ਕਰੀਏ
ਆਪਣੇ ਆਪ ਨੂੰ ਜਾਣੀਂਏ
ਆਪਣੇ ਆਪ ਨੂੰ ਪੜ੍ਹੀਏ
ਆਉ
ਪਹਿਲਾਂ ਆਪਣੀ ਹੀ
ਕਵਿਤਾ ਲਿਖੀਏ
ਆਪਣੇ ਆਪ ਨੂੰ ਪੜ੍ਹੀਏ
ਦੂਸਰਿਆਂ ਤੋਂ
ਕਦੇ ਨ ਸੜ੍ਹੀਏ
ਗਿਲੇ ਸ਼ਿਕਵੇ
ਬਿਨ ਵਜ੍ਹਾ ਨਾਂ ਕਰੀਏ

ਆਉ
ਪਹਿਲਾਂ ਆਪਣੀ ਹੀ
ਕਵਿਤਾ ਨੂੰ ਪੜ੍ਹੀਏ
ਜਦ ਤੱਕ
ਆਪਣੇ ਆਪ ਨੂੰ
ਪੜ੍ਹਿਆ ਨਹੀਂ ਜਾਵੇਗਾ
ਫਿਰ ਕਵਿਤਾ ਨੂੰ
ਕਿਵੇਂ ਲਿਖਿਆ ਜਾਵੇਗਾ
ਆਉ
ਕਵਿਤਾ ਨੂੰ ਆਪਣੇ ਆਪ 'ਚੋਂ
ਲੱਭੀਏ।
✪

## ਕਲਮ ਦਾ ਮਾਰਗ

ਬਹੁਤ
ਸੌਖੀ ਹੈ ਕਵਿਤਾ ਲਿਖਣੀ
ਕਵਿਤਾ ਹੋਣਾ ਬਹੁਤ
ਔਖਾ ਹੈ

ਬਹੁਤ ਸੌਖੀ ਹੈ ਕਵਿਤਾ ਲਿਖਣੀ
ਪਰ
ਕਵਿਤਾ ਲਿਖਣਾ
ਕਵਿਤਾ ਹੰਢਾਉਂਣਾ
ਕਵਿਤਾ ਹੀ ਹੋ ਜਾਣਾ
ਬਹੁਤ ਬਹੁਤ ਹੀ
ਔਖਾ ਹੈ

ਗੱਲਾਂ ਕਰਨੀਆਂ
ਗੱਲਾਂ ਸੁਣਨੀਆਂ
ਖ਼ਿਆਲਾਂ ਨੂੰ ਚਿਤਵਣਾ
ਬਹੁਤ ਸੌਖਾ ਹੈ
ਪਰ
ਕੰਡਿਆਂ ਤੇ ਤੁਰਨਾ
ਜ਼ਖ਼ਮਾਂ ਦੀ ਤਾਬ ਝੱਲਣਾ
ਮਾਰੂਥਲਾਂ ਵਿੱਚ ਸੜ੍ਹਕੇ ਮਰਨਾ
ਗਰੀਬੀ ਦੀਆਂ ਧੁੱਪਾਂ ਵਿੱਚ ਸੜ੍ਹਨਾ
ਹਰ ਰੋਜ਼
ਕਵਿਤਾ ਬਣ ਮਰਨਾ
ਸੌਖਾ ਨਹੀਂ

ਕਿਉਂਕਿ ਹੁਣ
ਕਲਮਾਂ ਵਿਕਦੀਆਂ ਵੀ ਨੇ

ਡਰ ਨਾਲ ਚੁੱਪ ਵੀ ਹੋ ਜਾਂਦੀਆਂ ਨੇ

ਪਰ ਜੋ
ਠਹਿਰਦੀਆਂ ਨੇ ਤੂਫਾਨਾਂ ਅੱਗੇ
ਹਵਾ ਦੇ ਰੁੱਖ ਮੋੜਦੀਆਂ ਨੇ
ਜੋ ਸਿਰ ਚੁੱਕਦੀਆਂ ਨੇ
ਤੇ ਕਲਮ ਹੋ ਜਾਂਦੀਆਂ ਨੇ
ਉਹ ਕਲਮਾਂ
ਬਣਨਾ ਸੌਖਾ ਨਹੀਂ

ਪਰ
ਕਵਿਤਾ ਲਿਖਣਾ ਬਹੁਤ
ਸੌਖਾ ਹੈ
ਕਵਿਤਾ ਹੋਣਾ ਬਹੁਤ
ਔਖਾ ਹੈ

ਪਰ
ਕਰਤਾਰ ਸਿੰਘ ਸਰਾਭੇ ਵਾਂਗਰ
ਕਵਿਤਾ ਲਿਖਣਾ
ਕਵਿਤਾ ਹੰਢਾਉਣਾ
ਕਵਿਤਾ ਗਾਉਣਾ
ਕਵਿਤਾ ਬਣਨਾ ਤੇ
ਇੱਕ ਸਦੀ ਵੀ ਕਵਿਤਾ ਹੀ ਹੋ ਜਾਣਾ
ਬਹੁਤ ਔਖਾ ਹੈ।
✪

## ਮੇਰਾ ਮੁਰਸ਼ਦ

ਮੇਰੇ ਮੁਰਸ਼ਦ ਮੇਰੇ ਮੁਰਸ਼ਦ
ਸ਼ਬਦ ਸ਼ਬਦ ਹੈਂ ਮੇਰਾ ਮੁਰਸ਼ਦ
ਸ਼ਬਦ ਸ਼ਬਦ ਤੂੰ ਮੇਰਾ ਮੁਰਸ਼ਦ
ਸ਼ਬਦਾਂ ਵਿੱਚ ਫ਼ਕੀਰੀ ਹੈ ਵੱਸਦੀ
ਸ਼ਬਦਾਂ ਨਾਲ ਹੀ ਫ਼ਕੀਰੀ ਹੈ ਸੋਂਹਦੀ

ਮੇਰੇ ਮੁਰਸ਼ਦ ਮੇਰੇ ਮੁਰਸ਼ਦ
ਮੈਂਨੂੰ ਆਪਣਾ ਬਣਾ ਲੈਣਾ
ਮੇਰਾ ਤੂੰ ਬਣ ਜਾਣਾ
ਸ਼ਬਦਾਂ ਦਾ
ਇੱਕ ਦੀਨ ਹੁੰਦਾ
ਉਹ ਦੀਨ ਬਚਾ ਲੈਣਾ

ਮੇਰੇ ਮੁਰਸ਼ਦ ਮੇਰੇ ਮੁਰਸ਼ਦ
ਵਿੱਚ ਤੇਰੇ ਜੋ
ਇਨਸਾਨ ਹੈ ਬੈਠਾ
ਉਹ ਇਨਸਾਨ ਬਚਾ ਲੈਣਾ
ਸ਼ਬਦ ਸ਼ਬਦ ਜੋ ਤੂੰ ਹੈਂ ਕਹਿੰਦਾ
ਉਹਨਾਂ ਸ਼ਬਦਾਂ
ਦਾ ਇਮਾਨ ਬਚਾ ਲੈਣਾ

ਮੇਰੇ ਮੁਰਸ਼ਦ ਮੇਰੇ ਮੁਰਸ਼ਦ
ਸ਼ਬਦ ਸ਼ਬਦ ਤੂੰ ਮੇਰਾ ਮੁਰਸ਼ਦ
ਮੇਰਾ ਗੀਤ ਬਣ ਜਾਣਾ
ਮੈਨੂੰ ਸੰਗੀਤ ਸਿਖਾ ਦੇਣਾ
ਮੇਰਾ ਸਾਜ਼ ਬਣ ਜਾਣਾ

ਮੇਰਾ ਰਾਜ ਬਣ ਜਾਣਾ
ਮੈਂਨੂੰ ਰਾਜ਼ ਬਣਾ ਲੈਣਾ
ਇਹ ਪਰੀਤ ਬਚਾ ਲੈਣਾ

ਮੇਰੇ ਮੁਰਸ਼ਦ ਮੇਰੇ ਮੁਰਸ਼ਦ
ਸ਼ਬਦ ਸ਼ਬਦ ਹੈਂ ਮੇਰਾ ਮੁਰਸ਼ਦ।
✪

## ਵਿਸਮਾਦ

ਇਹ ਸਭ ਕੀ ਹੈ
ਤੇ ਇਹ ਸਭ
ਕਿਉਂ ਹੋਇਆ
ਵਕਤ ਥੰਮ੍ਹ ਗਿਆ
ਸਦੀਆਂ ਦਾ ਫ਼ਾਸਲਾ
ਤਹਿ ਹੋਇਆ ਹੋਵੇ
ਜਿਵੇਂ ਵਿਸਮਾਦ
ਕੋਈ ਹੋਇਆ ਹੋਵੇ

ਦਿਲ ਖੋਲ੍ਹ
ਅੰਦਰੋਂ ਬਾਹਰੋਂ ਹੋ ਨਗਨ
ਇਹ ਕੌਣ
ਸਾਹਮਣੇ ਆਣ ਖਲੋਇਆ
ਆਪਣਾ ਆਪ ਨਾਂ ਉਸ ਤੋਂ
ਗਿਆ ਲਕੋਇਆ
ਸੰਵਾਦ ਇੱਕ
ਰੂਹਾਨੀ ਰਚਿੱਤ ਹੋਇਆ

ਸਦੀਆਂ ਤੋਂ ਵਿੱਛੜੀਆਂ
ਅੱਖੀਆਂ ਰਾਹੀਂ ਦੋ ਰੂਹਾਂ ਮਿਲੀਆਂ
ਅਹਿਸਾਸ ਵਿਲੱਖਣ ਮਿਲਾਪ ਸਦੀਵੀਂ ਇੱਕ ਹੋਇਆ
ਜਿਵੇਂ ਸ਼ਿਵਰਾਤਰੀ
ਗੋਰੀ ਤੇ ਸ਼ਿਵ ਸ਼ੰਭੂ ਦਾ ਖ਼ੂਬਸੂਰਤ ਮਿਲਾਪ
ਹੋਇਆ ਹੋਵੇ
ਬਿਨ ਮਿਲੇ ਤੇ ਬਿਨ ਛੂਏ ਹੀ
ਇੱਕ ਵਿਸਮਾਦ ਹੋਇਆ।
✪

## ਰਾਧਾ

ਉਹ ਉੱਚੀ ਉੱਚੀ ਹੱਸਦੀ ਹੈ
ਦਿਲ ਖੋਲ ਕੇ ਉਸਨੂੰ ਦੱਸਦੀ ਹੈ
ਉਹ ਰੂਹ ਤੋਂ ਉਸਦੀ ਰਾਧਾ ਹੈ
ਉਹ ਰੂਹ ਤੋਂ ਉਸਦੀ ਰਾਧਾ ਹੈ

ਉਹਦੇ ਦਿਲ ਤੇ ਉਹ ਹੱਥ ਧਰਦੀ ਹੈ
ਅੱਖੀਆਂ 'ਚ ਉਸਦੇ ਤੱਕਦੀ ਹੈ
ਇੱਕ ਵਾਰ ਫਿਰ ਉਸਨੂੰ ਦੱਸਦੀ ਹੈ
ਉਹ ਰਾਧਾ ਉਸਦੀ ਹੈ
ਮੀਰਾ ਵੀ ਉਹੀ ਹੈ
ਉਸ ਰਾਧਾ ਬਣਨਾ ਹੈ
ਤੇ ਮੀਰਾ ਵੀ ਉਸਨੇ ਹੀ
ਪਰ
ਰੁਕਮਣੀ ਦਾ ਸੋਚ ਕੇ
ਉਹ ਅੱਖੀਆਂ ਬੰਦ ਕਰਦੀ ਹੈ
ਆਪਣਿਆਂ ਕਦਮਾਂ ਨੂੰ
ਜਦ ਪਿੱਛੇ ਨੂੰ ਧਰਦੀ ਹੈ
ਅੰਦਰੋਂ ਅੰਦਰੀਂ ਫਿਰ
ਆਪਣੇ ਆਪ ਤੇ ਹੱਸਦੀ ਹੈ
ਸੋਚ ਸੋਚਕੇ ਹੀ
ਫਿਰ ਰੂਹ ਤੋਂ ਹੀ ਉਸਦੀ
ਉਹ ਰਾਧਾ ਬਣ ਜਾਂਦੀ ਹੈ

ਉਹ ਰੂਹ ਤੋਂ ਉਸਦੀ ਰਾਧਾ ਹੈ
ਉਹ ਓੱਚੀ ਉਚੀੌ ਹੱਸਦੀ ਹੈ
ਦਿਲ ਖੋਲ੍ਹ ਕੇ ਸਭ ਨੂੰ ਦੱਸਦੀ ਹੈ
ਰਾਧਾ ਤਾਂ ਰਾਧਾ ਹੈ

ਉਹ ਰੂਹ ਤੋਂ ਉਸਦੀ ਰਾਧਾ ਹੈ
ਉਹ ਰੂਹ ਤੋਂ ਉਸਦੀ ਰਾਧਾ ਹੈ।
✪

## ਜ਼ਮਾਨਾ ਬਦਲ ਗਿਆ

ਉਹ ਸ਼ਖ਼ਸ
ਕਿਸੇ ਨਾਲ ਨਾਰਾਜ਼ ਨਹੀਂ
ਨਾਂ ਕਰ ਰਿਹਾ ਸੀ ਕੋਈ ਵਿਤਕਰਾ
ਪਰ
ਉਠੱਦਾ ਸੀ ਉਸਦੇ ਅੰਦਰ
ਅਜੀਬ ਇੱਕ ਗ਼ੁਬਾਰ ਜਿਹਾ
ਤੇ ਉਹ
ਪੁੱਛਦਾ ਸੀ ਆਪਣੇ ਆਪ ਨੂੰ
ਕਿੰਨੇ ਖ਼ੁਦਗਰਜ਼ ਇਹ
ਕਿਰਦਾਰ ਨੇ
ਜੋ
ਕਰਦੇ ਨੇ ਗੁਸਤਾਖ਼ੀ
ਆਪਣੇ ਬਣਾਏ
ਅਸੂਲਾਂ ਨੂੰ
ਦੂਸਰਿਆਂ ਤੇ ਥੋਪਣ ਦੀ
ਜੋ
ਤੋੜ ਦਿੰਦੇ ਨੇ
ਆਪਣੇ ਆਪ ਹੀ ਆਪਣੇ ਅਸੂਲ
ਆਪਣੀ ਸਹੂਲੀਅਤ ਲਈ
ਤੇ
ਕਹਿ ਦਿੰਦੇ ਨੇ ਆਪਣੀ ਵਾਰੀ
ਹੁਣ
ਜ਼ਮਾਨਾ ਬਦਲ ਗਿਆ ਹੈ

ਸਮਾਂ ਤਾਂ ਹੈ ਇੱਕ ਗਤੀ
ਜੋ ਨਿਰੰਤਰ

ਜੋ ਨਿਰੰਤਰ
ਚਲ ਰਿਹਾ ਆਪਣੀ ਚਾਲ
ਨਾਂ ਕਿਸੇ ਲਈ ਬਦਲਿਆ
ਨਾਂ ਕਿਸੇ ਲਈ ਬਦਲਣਾ
ਆਗਾਜ਼ ਤੋਂ ਅਜ਼ਲ ਤੱਕ
ਨਿਰੰਤਰ
ਇੱਕ ਦੌੜ ਵਿੱਚ
ਨਾਂ ਖਤਮ ਹੋਣ ਵਾਲੀ ਬੇਪ੍ਰਵਾਹ
ਇਸਦੀ ਚਾਲ

ਦੁਨੀਆਂ ਹੀ ਬਦਲਦੀ ਹੈ
ਲੋਕ ਹੀ ਬਦਲੇ ਸਨ
ਤੇ ਰਹੇ ਨੇ ਬਦਲ
ਪਰ
ਧਰ ਦਿੰਦੇਂ ਨੇ ਇਲਜ਼ਾਮ
ਸਮੇਂ ਦੀ ਗਰਦਨ ਤੇ ਆਪਣੀ
ਸਹੂਲਤ ਲਈ
ਤੇ ਕਹਿ ਦਿੰਦੇ ਨੇ ਕਿ
ਹੁਣ
ਜ਼ਮਾਨਾ ਬਦਲ ਗਿਆ।
✪

## ਸੁਨੇਹਾ

ਉਸਦੀਆਂ ਅੱਖਾਂ
ਚੌਵੀ ਘੰਟੇਂ
ਗੁਟਕਾ ਸਾਹਿਬ ਨੂੰ ਤੱਕਦੀਆਂ
ਉਸਦੀ ਜੀਭ
ਚੌਵੀ ਘੰਟੇਂ ਹਿੱਲਦੀ ਰਹਿੰਦੀ
ਉਸਦੇ ਕੰਨ
ਚੌਵੀ ਘੰਟੇ ਪਾਠ ਸੁਣਦੇ
ਫਿਰ ਵੀ ਉਸਦੀ
ਜੀਭ ਕਿੰਨੀ ਸਫਾਈ ਦੇ ਨਾਲ
ਝੂਠ ਬੋਲ ਲੈਂਦੀਂ ਹੈ

ਉਸਦੇ ਕੰਨ
ਸੱਚ ਸੁਨਣ ਤੋਂ ਇਨਕਾਰ
ਕਰਦੇ ਨੇ
ਉਸਦੀਆਂ ਅੱਖਾਂ
ਸਭ ਦੇਖਕੇ ਵੀ ਬੇਖ਼ਬਰ
ਕਿਉਂ
ਉਸਦਾ ਦਿਲ ਉਸਨੂੰ ਲਾਹਨਤਾਂ
ਨਹੀਂ ਪਾਉਂਦਾ
ਉਸਦੀ
ਆਤਮਾ ਨਹੀਂ ਕੰਬਦੀ
ਕਿਵੇਂ ਝੂਠ ਬੋਲ ਲੈਂਦੀ ਹੈ
ਉਸਦੀ ਜੀਭ
ਉਸਨੂੰ
ਨਹੀਂ ਦੱਸਦੀ ਕਿ ਉਸਤੋਂ
ਕਿਸੇ ਨੂੰ ਕੀ ਸੁਨੇਹਾ
ਮਿਲਦਾ ਹੈ
ਸ਼ਾਇਦ!

ਸ਼ਾਇਦ
ਉਹ ਸ਼ੇਤਾਨ ਹੈ ਬੜੀ
ਫਿਰ
ਕਿਉਂ ਸ਼ੈਤਾਨ ਦੀ ਪੂਜਾ ਨਹੀਂ ਕਰਦੀ
ਕਿਉਂਕਿ
ਅੰਦਰ ਤਾਂ ਉਸਦੇ
ਸ਼ੈਤਾਨ ਹੀ ਬੈਠਾ ਹੋਇਆ ਹੈ
ਪਰ ਕਿਉਂ
ਰੱਬ ਨੂੰ ਬਦਨਾਮ ਕਰਦੀ ਹੈ
ਗਾਲਾਂ ਕਢਾਉਂਦੀ ਹੈ ਲੋਕਾਂ ਤੋਂ
ਉਸਦੀ ਜੀਭਾ।
✪

## ਨਿਯਾਤ

ਨਾਂ ਉਹ ਉਸਨੂੰ ਸਮਝ ਹੈ ਸਕਦਾ
ਨਾਂ ਉਹ ਉਸਨੂੰ ਸਮਝਾਉਣਾ ਚਾਹਵੇ
ਉਹ ਤਾਂ ਖੁਸ਼ ਹੈ ਆਪਣੀ ਚੁੱਪ ਵਿੱਚ
ਚੁੱਪ ਚੁੱਪ ਹੀ ਉਹ ਰਹਿਣਾ ਚਾਹਵੇ

ਉਸਨੂੰ ਉਸ ਨਾਲ ਖੁਸ਼ ਰਹਿਣੇ ਦੀ
ਮਹਿਸੂਸ ਹੁੰਦੀ ਹੁਣ ਲੋੜ ਕੋਈ ਨਾਂ
ਉਸਨੂੰ ਉਸਦੀ ਮਜ਼ਬੂਰੀ ਤੋਂ ਹੁਣ
ਉਹ ਨਿਯਾਤ ਦਿਵਾਉਂਣਾ ਚਾਹਵੇ

ਜੇ ਉਹ ਉਸਨੂੰ ਦੁੱਖ ਦੇ ਕੇ ਖੁਸ਼ ਹੈ
ਉਹ ਵੀ ਆਪਣੀ ਚੁੱਪ ਨਾਲ ਖੁਸ਼ ਹੈ
ਆਜ਼ਾਦ ਹੋ ਕੇ ਉਹ ਰਹਿ ਸਕਦਾ ਹੈ
ਪਰ ਉਹ ਆਪਣੀ ਚੁੱਪ ਹੰਢਾਉਂਣਾ ਚਾਹਵੇ।
✪

## ਸੌਰੀ

ਕਿੰਨਾਂ ਪਾਗਲ ਸੀ
ਉਹ
ਸ਼ਖਸ ਜੋ ਨਾਲ ਤੁਹਾਡੇ
ਤੁਰਿਆ ਰਿਹਾ
ਸਭ ਕੁੱਝ ਭੁੱਲ ਭੁੱਲਾਕੇ
ਤੁਹਾਡੇ ਬਖੇੜਿਆਂ ਵਿੱਚ
ਹੁੰਦਾ ਰਿਹਾ
ਤੁਹਾਡੀ ਈਰਖ਼ਾ ਦਾ ਸ਼ਿਕਾਰ
ਬਾਰ ਬਾਰ ਬਿਨ ਵਜਹ ਹੀ
ਤੁਰ ਪੈਂਦਾ ਸੀ ਹਰ ਬਾਰ
ਨਾਲ ਤੁਹਾਡੇ
ਸਭ ਭੁੱਲ ਭੁਲਾਕੇ

ਪਰ
ਕਿੰਨਾਂ ਕੁ ਚਿਰ
ਆਖਿਰ ਉਸਨੇ ਵੀ
ਤਾਂ ਇੱਕ ਦਿਨ ਟੁੱਟਣਾ ਸੀ
ਕਿਉਂਕਿ
ਸੌਰੀਆਂ ਦੀ ਮਲਮ
ਕਦੇ ਵੀ
ਦਿਲ ਦੀਆਂ ਤਰੇੜਾਂ ਨਹੀਂ
ਭਰ ਸਕਦੀ।
✪

## ਆ ਕਿਤੇ

ਆ ਕਿਤੇ ਤੂੰ ਤੇ ਮੈਂ
ਕਿਤੇ ਬਹੁਤ ਦੂਰ
ਚੱਲੀਏ

ਜੰਗਲਾਂ ਦੇ ਵਿੱਚ
ਮੇਰੀਆਂ ਬਾਹਾਂ ਵਿੱਚ ਬਾਂਹਾ ਪਾ
ਹੱਥਾਂ ਨੂੰ ਫੜਕੇ ਤੁਰ

ਮੇਰੇ ਸਾਹਾਂ ਵਿੱਚ ਸਾਹ ਮਿਲਾ
ਬੱਦਲਾਂ ਦੇ ਵਿੱਚ ਮੇਰੇ ਨਾਲ
ਤੂੰ ਉੜ

ਮੇਰੀਆਂ ਅੱਖਾਂ ਨਾਲ ਸੂਰਜ ਨੂੰ ਤੱਕ
ਤੇ ਮੈਂ ਤੇਰੀਆਂ ਅੱਖਾਂ ਨਾਲ
ਚੰਦ ਤਾਰਿਆਂ ਨੂੰ ਤੱਕਾਂ

ਧਰਤੀ ਦੇ ਨਾਲ
ਅਸੀ ਦੋਵੇਂ ਇਕੱਠੇ ਬਹਿਕੇ
ਗੱਲਾਂ ਕਰੀਏ।
✪

## ਲੋਕ

ਦੇਸ ਮੇਰੇ ਦੇ ਲੋਕ ਭੋਲੇ ਨੇ
ਜਾ ਨੇ ਬੇਵਕੂਫ਼
ਜੋ ਸਮਝ
ਨਹੀ ਸਕਦੇ ਲੂੰਬੜ ਚਾਲਾਂ
ਸਿਆਸਤਦਾਨਾ ਦੀਆਂ ਨੂੰ
ਝੋਲੀ ਅੱਡਕੇ ਸ਼ਾਸਕ
ਜਦੋਂ ਵੀ ਵੋਟਾਂ ਮੰਗਣ ਆ ਜਾਵਣ
ਗੱਲਾਂ ਵਿੱਚ ਆ ਜਾਂਦੇ ਨੇ ਸਭ ਕੁੱਝ
ਭੁੱਲ ਭੁਲਾਕੇ

ਕਦਮਾਂ ਵਿੱਚ ਨਾਸ਼ੁਕਰਿਆਂ ਦੇ
ਆਪਣਾ ਆਪ ਵਿਛਾ
ਦਿੰਦੇ ਨੇ
ਬਿਨ ਸੋਚੇ ਸਮਝੇ
ਆਪਣਾ ਭਵਿੱਖ ਸੌਂਪ ਦਿੰਦੇ ਨੇ
ਉਹਨਾਂ ਹੱਥਾਂ ਵਿੱਚ
ਜੋ ਪਹਿਲਾਂ ਵੀ ਕਤਲ ਕਰ ਚੁੱਕੇ ਸਨ
ਉਹਨਾਂ ਦੇ ਪਰਾਂ ਨੂੰ
ਆਪਣੀਆਂ ਰਾਹਵਾਂ ਵਿੱਚ
ਆਪਣੇ ਆਪ ਹੀ ਕੰਡੇ ਖਿਲਾਰ
ਲੈਂਦੇ ਨੇ

ਇੱਕ ਚੰਗੇ
ਭਵਿੱਖ ਦੀ ਆਸ ਲਈ
ਸਾਰੀ ਜ਼ਿੰਦਗੀ ਗੁਜ਼ਾਰ ਦਿੰਦੇ ਨੇ
ਹਨੇਰਿਆਂ ਵਿੱਚ

ਇੱਕ ਸਫਰ ਜਾਰੀ ਰੱਖਦੇ ਨੇ
ਇਸ ਤਰ੍ਹਾਂ
ਬੇਸਮਝੀ ਦੇ ਵਿੱਚ
ਮੁਆਫ ਕਰ ਦਿੰਦੇ ਨੇ

ਜਾਂ
ਦੇ ਦਿੰਦੇ ਨੇ
ਇੱਕ ਹੋਰ ਮੌਕਾ
ਝੂਠੀ ਇੱਕ ਉਮੀਦ ਲਈ
ਚੰਗੇ ਭਵਿੱਖ ਦੀ
ਆਸ ਵਿੱਚ।
✪

## ਕੋਈ ਜ਼ੋਰ ਨਾ

ਹਵਾਵਾਂ ਦਾ ਨਾਂ ਹੁਣ ਕੋਈ ਜੋਰ ਚੱਲ ਰਿਹਾ ਏ
ਖ਼ੁਦਕੁਸ਼ੀਆਂ ਦਾ ਹੁਣ ਤਾਂ ਦੌਰ ਚੱਲ ਰਿਹਾ ਏ
ਅੱਖੀਆਂ ਵੀ ਤੱਕ ਤੱਕ ਪੱਥਰ ਹੈ ਬਣੀਆਂ
ਖ਼ੂਨ ਦੇ ਅੱਥਰੂ ਹਰ ਕੋਈ ਰੋ ਰਿਹਾ ਏ
ਧਰਤੀ ਵੀ ਹੁਣ ਤਾਂ ਬੰਜ਼ਰ ਹੈ ਹੋ ਗਈ
ਫੁੱਲਾਂ ਦਾ ਖਿਲਣੇ ਨੂੰ ਨਾਂ ਦਿਲ ਕਰ ਰਿਹਾ ਏ

ਸੂਰਜ ਦੀਆਂ ਕਿਰਨਾਂ ਵੀ ਮੰਗਣ ਹੁਣ ਪਾਣੀ
ਆਪਣੀ ਤਪਸ਼ ਦਾ ਉਹ ਸੰਤਾਪ ਝੱਲ ਰਿਹਾ ਹੈ
ਜਿਸਮਾਂ ਦੀ ਮੰਡੀ ਹੁਣ ਜੋਬਨ ਹੈ ਵਿਕਦਾ
ਰੱਬ ਨੂੰ ਵੀ ਇਹ ਤਾਂ ਸ਼ਰਮਸ਼ਾਰ ਕਰ ਰਿਹਾ ਏ
ਧਰਮਾਂ ਦੇ ਨਾਂ ਤੇ ਲੋਕਾਂ ਨੂੰ ਵੰਡਕੇ
ਸਰਮਾਏਦਾਰ ਹੁਣ ਅੱਗੇ ਹੋਰ ਵੱਧ ਰਿਹਾ ਏ

ਅਮੀਰੀ ਗਰੀਬੀ ਦਾ ਪਾੜਾ ਨਾ ਮੁੱਕਿਆ
ਨਫ਼ਰਤਾਂ 'ਚ ਅਜੇ ਵੀ ਇਨਸਾਨ ਸੜ ਰਿਹਾ ਏ
ਮਤਲਬ ਦੀ ਦੁਨੀਆਂ ਤੇ ਧਿੰਗੋਜ਼ੋਰੀ ਏ
ਰਿਸ਼ਤਿਆਂ ਦਾ ਹੁਣ ਸਮੀਕਰਣ ਹੋ ਰਿਹਾ ਏ

ਗੁੱਲੀ ਡੰਡਾ, ਖੋ-ਖੋ ਨੇ ਹੁਣ ਬੀਤੇ ਦੀਆਂ ਗੱਲਾਂ
ਨਵੀਨੀਕਰਣ 'ਚ ਬਚਪਨ ਪਲ ਰਿਹਾ ਏ
ਧਰਮਾਂ ਦੇ ਨਾਂ ਤੇ ਲੋਕਾਂ ਨੂੰ ਵੰਡਕੇ
ਸਰਮਾਏਦਾਰ ਹੁਣ ਹੋਰ ਫ਼ਲ ਫੁੱਲ ਰਿਹਾ ਏ
ਪੱਥਰਾਂ ਦੀ ਪੂਜਾ ਦੁੱਧ ਨਾਲ ਹੈ ਹੁੰਦੀ
ਚੌਰਾਹਿਆਂ ਤੇ ਭੁੱਖਾ ਇਨਸਾਨ ਮਰ ਰਿਹਾ ਹੈ
ਮਸਜ਼ਿਦ 'ਚ ਚਾਦਰ ਗੁਰਦੂਆਰੇ 'ਚ ਰੁਮਾਲੇ
ਸੜਕਾਂ ਤੇ ਸੁੱਤਾ ਹੋਇਆ ਕਿਰਦਾਰ ਠਰ ਰਿਹਾ ਏ।

ਸੋਨੇ ਦੀ ਚਿੜੀਆ ਕਹਾਉਂਦਾ ਸੀ ਕਦੇ ਜੋ
ਉਸ ਘਰ ਵਿੱਚ ਰਹਿਣ ਤੋਂ ਹੁਣ ਹਰ ਸ਼ਖਸ ਡਰ ਰਿਹਾ ਏ
ਦੇਸ ਬੇਗਾਨੇ ਕੀ ਨੇ ਹੱਕਾਂ ਦੀਆਂ ਬਾਤਾਂ
ਆਪਣੇ ਘਰ ਹੱਕ ਮੰਗਣ ਤੋਂ ਹਰ ਕੋਈ ਡਰ ਰਿਹਾ ਏ
ਚਾਰੇ ਹੈ ਪਾਸੇ ਬੰਬਾਂ ਦੀ ਵਰਖਾ
ਦਹਿਸ਼ਤਗਰਦੀ ਦਾ ਇਸ ਤਰ੍ਹਾਂ ਦਾ ਦੌਰ ਚੱਲ ਰਿਹਾ ਏ
ਗ਼ੈਰਤ ਬਚੀ ਨਾਂ ਹੁਣ ਹੈ ਖੂੰਖਾਰਾਂ ਦਾ ਬੇਲਾ
ਹਨੇਰਗਰਦੀ ਦਾ ਭੈੜਾ ਇੱਕ ਦੌਰ ਚੱਲ ਰਿਹਾ ਏ
ਹਵਾਵਾਂ ਦਾ ਨਾਂ ਕੋਈ ਹੁਣ ਦੌਰ ਚੱਲ ਰਿਹਾ ਏ
ਖੁਦਕੁਸ਼ੀਆਂ ਦਾ ਨਵਾਂ ਇੱਕ ਦੌਰ ਚੱਲ ਰਿਹਾ ਏ।
✪

## ਹੁਣ

ਹੁਣ
ਉਸਦੇ ਦੇਸ ਦੇ ਬਸ਼ਿੰਦੇ
ਆਪਣੀਆਂ ਪੱਗਾਂ ਲਹਾਕੇ
ਕਾਤਿਲ ਨੂੰ
ਤਾਜ ਪਹਿਨਾ ਦਿੰਦੇ ਨੇ

ਕਿੰਨੇ
ਘਰ ਸੀ ਟੁੱਟੇ
ਪੁੱਤਰ ਖੋ ਦਿੱਤੇ ਸੀ ਮਾਵਾਂ
ਪਿੰਡਾਂ ਦੇ ਪਿੰਡ ਖਾਲੀ ਸੀ ਹੋ ਗਏ
ਸੁੰਨੀਆਂ ਹੋ ਗਈਆਂ ਸੀ ਰਾਹਵਾਂ
ਕਿਸ ਤਰ੍ਹਾਂ ਉਹ ਭੁੱਲ ਚੁੱਕੇ ਨੇ
ਕਿਵੇਂ ਸਭ ਭੁਲਾ ਦਿੰਦੇ ਨੇ

ਹੁਣ
ਕਦੀ ਇਸ ਦਰ ਕਦੀ ਉਸ ਦਰ
ਜ਼ਿੰਦਗੀ ਬਿਤਾ ਦਿੰਦੇ ਨੇ
ਦਲ
ਬਦਲ ਬਦਲ ਕੇ
ਸਸਤੀਆਂ ਸੋਚਾਂ
ਬੇਗ਼ੈਰਤ ਆਤਮਾਂਵਾਂ
ਸਿਰਫ਼
ਆਪਣੇ ਆਲ੍ਹਣੇ
ਬਨਾਉਣ ’ਚ ਹੀ ਲੱਗੀਆਂ ਨੇ

ਹੁਣ
ਉਸਦੇ ਦੇਸ ਦੇ ਲੋਕ
ਕਾਤਿਲ ਨੂੰ
ਬਾਪ ਬਣਾ ਲੈਂਦੇ ਨੇ
ਕਤਲਗਾਹ ਨੂੰ ਖ਼ੁਦਾ ਦਾ ਘਰ
ਸ਼ਰ੍ਹੇਆਮ ਧਰਮਾਂ ਦੇ ਨਾਮ ਤੇ
ਲਾਇਆ ਜਾਂਦਾ ਹੈ
ਲਾਸ਼ਾਂ ਦਾ ਭੋਗ
ਖ਼ੂਨ ਦੇ ਦਰਿਆ ਬਹਿੰਦੇ ਨੇ
ਹਰ ਸ਼ਹਿਰ ਦੀਆਂ
ਗਲੀਆਂ ਤੇ ਚੌਰਾਹਿਆਂ ਤੇ
ਬੇਗੁਨਾਹਾਂ ਦੇ ਖ਼ੂਨ ਨਾਲ
ਕਾਤਿਲ ਦਾ ਤਿਲਕ ਕਰਦੇ ਹੋਏ
ਉਹਨਾਂ ਦੇ ਹੱਥ ਨਹੀਂ ਕੰਬਦੇ
ਹੁਣ
ਉਸਦੇ ਦੇਸ ਦੇ ਬਸ਼ਿੰਦੇ
ਬੇਗ਼ੈਰਤ ਹੋ ਚੁੱਕੇ ਨੇ
ਇਸੇ ਲਈ ਆਪਣੀਆਂ ਪੱਗਾਂ ਲਹਾ ਕੇ
ਕਾਤਿਲ ਨੂੰ ਤਾਜ ਪਹਿਨਾ
ਦਿੰਦੇ ਨੇ।
✪

## ਰਾਹਤ

ਸੁਫ਼ਨਿਆਂ ਦੀ ਭੀੜ ਵਿੱਚ
ਉਹ ਉਸਤੇ ਥੁੱਕੇ
ਮੂੰਹ ਨੋਚੇ
ਵਾਲ ਖਿੱਚੇ ਤੇ ਉਸਨੂੰ ਝੰਜੋੜੇ
ਇੰਨੀ ਮਰ ਚੁੱਕੀ ਹੈ ਜ਼ਮੀਰ ਉਸਦੀ
ਕਿ ਉਹ ਕਾਤਿਲਾਂ
ਦੇ ਨਾਲ ਬੇਠਕੇ ਹੱਸਦਾ ਹੈ

ਉਹ
ਕਿਸ ਤਰ੍ਹਾਂ ਦਾ ਰਾਜਾ ਹੈ
ਜੋ ਆਪਣੇ ਲੋਕਾਂ
ਦੀਆਂ ਲਾਸ਼ਾਂ ਨਾਲ ਬਣੇ ਹੋਏ
ਤਖ਼ਤਪੋਸ਼ ਤੇ ਬੈਠਾ ਹੈ
ਉਹਨਾਂ ਦੇ
ਖ਼ੂਨ ਨਾਲ ਭਰੀਆਂ ਬੋਤਲਾਂ 'ਚ
ਸ਼ਰਾਬ ਪੀਂਦਾ ਹੈ
ਉਹ
ਸੁਫ਼ਨਿਆਂ ਦੀ ਭੀੜ ਵਿੱਚ
ਉਸਤੇ ਥੁੱਕਦੀ ਹੈ
ਥੋੜ੍ਹੀ ਜਿਹੀ ਸ਼ਾਂਤੀ ਮਿਲਦੀ ਹੈ ਉਸਨੂੰ
ਪਰ
ਫਿਰ ਉਹ ਆਪ ਹੀ
ਅਸ਼ਾਂਤ ਹੋ ਜਾਂਦੀ ਹੈ
ਕਿਉਂਕਿ!
ਉਹ ਉਸਦਾ ਕੁੱਝ ਵੀ ਤਾਂ ਨਹੀਂ
ਵਿਗਾੜ ਸਕਦੀ।
✪

## ਅੰਨ੍ਹਾ ਰਾਜਾ

ਉਹ ਲੜ ਰਹੇ ਨੇ
ਢਾਲ ਬਣ ਖੜ ਰਹੇ ਨੇ
ਉਹ ਮਰ ਰਹੇ ਨੇ
ਆਪਣੀ ਭਾਸ਼ਾ
ਆਪਣੀ ਬੋਲੀ ਤੇ ਹੋਂਦ ਲਈ
ਪਰ
ਭੁੱਲ ਚੁੱਕੇ ਨੇ ਕਿ
ਜਿਸ ਦੇਸ ਦਾ ਰਾਜਾ ਹੀ
ਆਪਣੀ ਬੋਲੀ ਨੂੰ ਭੁੱਲ
ਗਿਆ ਹੋਵੇ
ਉਹ
ਕਿਵੇਂ ਬਚਾਉਣਗੇ

ਕਿਉਂ ਉਹ
ਉਸ ਰਾਜੇ ਦੇ ਮੋਹਰੇ ਨਹੀਂ ਖੜ੍ਹਦੇ
ਕਾਹਤੋਂ ਨਹੀਂ ਬਗਾਵਤ ਕਰਦੇ
ਰੌਲ਼ਾ ਕਿਉਂ ਨਹੀਂ ਪਾਉਂਦੇ
ਉਸਨੂੰ ਕਿਉਂ ਨਹੀਂ ਕਹਿੰਦੇ
ਤੈਨੂੰ ਰਾਜਾ ਬਣਨੇ ਦਾ ਕੋਈ
ਹੱਕ ਨਹੀਂ ਹੈ
ਤੂੰ ਇਸ
ਦੇਸ ਦੀ ਬੋਲੀ ਨਹੀਂ ਬੋਲਦਾ
ਛੱਡ ਇਸ ਘਰ ਨੂੰ
ਕੋਈ ਹੋਰ ਘਰ
ਕਿਸੇ ਹੋਰ ਦੇਸ ਵਿੱਚ ਲੱਭ
ਤੇ ਨਿਭਾ

ਸਿਆਸਤ ਦੇ ਨਾਲ ਆਪਣਾ
ਰਿਸ਼ਤਾ।
✪

## ਨਾਂ ਖੋਹ

ਅਗਰ ਹੈਵਾਨ ਵੀ ਹੈ ਤੂੰ
ਤਾਂ ਵੀ ਨਾਂ ਕਰ ਵਿਰਾਨ
ਗੁਲਿਸਤਾਨ
ਸੜ੍ਹ ਚੁੱਕੀ ਆਤਮਾ ਹੈ
ਜਾਂ ਬਣ ਗਿਆ ਹੈਂ ਪੱਥਰ
ਨਾਂ ਕਰ
ਵਿਰਾਨ ਘਰਾਂ ਨੂੰ

ਨਾਂ ਤੋੜ ਫੁੱਲਾਂ ਨੂੰ ਟਾਹਣੀਆਂ ਤੋਂ
ਨਾਂ ਉਜਾੜ ਗਿਰ੍ਹਾਂ ਕਿਸੇ ਦਾ
ਨਾਂ ਖੋਹ ਸਹਾਰੇ
ਖੁਸ਼ੀਆਂ ਦੀਆਂ ਕਿਲਕਾਰੀਆਂ ਨੂੰ
ਨਾਂ ਬਦਲ ਮਾਤਮ ਵਿੱਚ

ਜੇ ਬਚਾ ਨਹੀਂ ਸਕਦਾ
ਤਾਂ ਖੋਹ ਵੀ ਨਾਂ ਕਿਸੇ ਦੀਆਂ ਖੁਸ਼ੀਆਂ
ਨਾਂ ਬੁਝਾ ਦੀਵੇ ਗਿਰਾਂ ਚੋਂ
ਕਿਸੇ ਦੇ ਨੈਣਾਂ ਦਾ ਚਾਨਣ
ਖੋਹ ਲੈਣ ਦਾ ਕੋਈ ਹੱਕ
ਨਹੀਂ ਹੈ ਤੇਰਾ

ਜੇ ਕਰਨਾ ਹੀ ਹੈ ਕੁੱਝ
ਚਾਹੁੰਦਾ ਹੀ ਹੈ ਲੜਨਾ
ਤਾਂ ਸ਼ੋਸ਼ਣ ਦੇ ਵਿਰੁੱਧ ਲੜ
ਮਾਸੂਮਾਂ ਦਾ ਕਾਤਿਲ ਨਾਂ ਬਣ

ਪੱਥਰ ਤਾਂ ਬਣ ਚੁੱਕਿਆ ਹੈਂ
ਅੰਗਾਰਾ ਬਣ ਤੇ
ਜਲਾ ਦੇ ਨਿਰੰਕੁਸ਼ ਸ਼ਾਸਕਾਂ ਨੂੰ
ਪਰ
ਧਰਤੀ ਨੂੰ ਕਤਲਗਾਹ ਨਾਂ ਬਣਾ
ਘੋਲ ਨਾਂ ਜ਼ਹਿਰ ਹਵਾ ਵਿੱਚ
ਖ਼ੂਨ ਦੀਆਂ ਨਦੀਆਂ ਬਹਾ
ਪਾਣੀਆ ਨੂੰ ਗੰਧਲਾ ਨਾਂ ਕਰ

ਨਾਂ ਕਰ ਵਿਰਾਨ
ਗੁਲਿਸਤਾਨ
ਅਗਰ ਹੈਵਾਨ ਵੀ ਹੈ ਤੂੰ।
✪

## ਗੁੰਮਨਾਮ

ਉਹ ਘਰ 'ਚੋਂ ਨਿਕਲਿਆ
ਤੇ ਕਦੇ ਵੀ ਵਾਪਸ
ਨਾਂ ਪਰਤਿਆ

ਨਾਂ ਉਹ ਜਿਉਂਦਿਆ 'ਚ
ਨਾਂ ਹੀਂ ਮਰਿਆ 'ਚ
ਕੋਈ ਖ਼ਬਰ ਵੀ ਨਾਂ ਮਿਲੀ
ਸਬਰ ਠਰ ਗਿਆ
ਪਰ ਉਹ ਘਰ ਕਦੇ ਨਾਂ ਮੁੜਿਆ
ਕਿਤੇ ਉਹ ਉਸਦੇ ਨਾਲ ਹੀ ਖੜ੍ਹਾ
ਉਹ ਸ਼ਖਸ ਤਾਂ ਨਹੀਂ
ਜਿਸਨੂੰ ਉਹ ਜਾਣਦੀ ਹੀ ਨਹੀਂ

ਪਰ
ਫਿਰ ਸੋਚਦੀ
ਕਿੱਥੇ ਗਿਆ ਤੇ ਤੁਰ ਗਿਆ
ਕੌਣ ਉਸਨੂੰ ਖਾ ਗਿਆ
ਜਾਂ ਕਿਤੇ ਡੁੱਬ ਗਿਆ
ਡੂੰਘੇ ਪਾਣੀਆਂ ਦੇ ਵਿੱਚ
ਜੰਗਲਾਂ ਵਿੱਚ ਗਵਾਚ ਗਿਆ
ਕਿਤੇ ਆਪਣੇ ਆਪ ਨੂੰ ਲੱਭਣ
ਤਾਂ ਨਹੀਂ ਤੁਰ ਗਿਆ
ਕਿੱਥੇ ਗਿਆ, ਉਹ ਕਿੱਥੇ ਗਿਆ
ਕੌਣ ਉਸਨੂੰ ਖਾ ਗਿਆ
ਕੀ ਹੋਇਆ ਹੋਵੇਗਾ
ਉਸ ਨਾਲ

ਕੀ ਹੋਇਆ ਹੋਵੇਗਾ
ਉਸ ਨਾਲ
ਕੋਈ ਖ਼ਬਰ ਸਾਰ ਨਹੀਂ
ਕਿਤੇ
ਅੱਜ ਵੀ ਉਹ
ਜਿਉਂਦਾ ਤਾਂ ਨਹੀਂ।
✪

## ਮਹਿਸੂਸ ਕਰ

ਹਵਾਵਾਂ 'ਚ ਮੇਰੇ ਸਾਹਾਂ ਨੂੰ
ਮਹਿਸੂਸ ਕਰਨਾ
ਮੇਰੀ ਰੂਹ ਦੇ ਨਾਲ ਇੱਕ ਮਿੱਕ
ਹੋ ਜਾਣਾ
ਮੈਂ ਸੂਰਜ ਦੇ ਸਾਹਮਣੇ
ਮੈਂ ਚੰਦ ਦੇ ਸਾਹਮਣੇ
ਧਰਤੀ ਦੇ ਉੱਪਰ
ਬੱਦਲਾਂ ਦੇ ਥੱਲੇ
ਆਪਣੇ ਰੱਬ ਨੂੰ ਸਿਜਦਾ ਕਰ ਲਵਾਂ।
✪

## ਠੱਗ

ਉਹ ਠੱਗ
ਚੋਰਾਂ ਨੂੰ ਹੀ ਦੱਸ ਰਿਹਾ ਹੈ
ਕਿ ਕੁੱਝ ਹੋਰ ਚੋਰ ਵੀ
ਚੋਰੀ ਕਰਦੇ ਨੇ

ਫੜ੍ਹੋ ਫੜ੍ਹੋ
ਉਹਨਾਂ ਚੋਰਾਂ ਨੂੰ ਫੜ੍ਹੋ
ਪਰ
ਵੱਡੇ ਚੋਰਾਂ ਨੂੰ ਛੱਡ ਦਿਓ
ਫਿਰ
ਉਹ ਹੱਸਦਾ ਹੈ ਆਪਣੀ
ਗਰਦਣ ਘੁਮਾਕੇ
ਤਾਂ ਕਿ ਉਹ
ਬਿਨਾ ਮਤਲਬ ਦੀਆਂ
ਚੋਰੀਆਂ ਵਿੱਚ ਫਸੇ ਰਹਿਣ
ਤੇ ਵੱਡੇ ਠੱਗ
ਸਭ ਕੁੱਝ ਸਮੇਟ ਸਮਾਟ ਕੇ
ਨਿਕਲ ਜਾਣ।
✪

## ਇੱਕ ਖ਼ਤ ਪਾਸ਼ ਲਈ

ਏ ਪਾਸ਼
ਮੈਂ ਤੈਂਨੂੰ ਨਹੀਂ ਜਾਣਦੀ
ਪਰ
ਵਿਚਾਰ ਰਹੀ ਹਾਂ
ਮੈਨੂੰ ਵੀ ਤੂੰ
ਹੋਰਾਂ ਵਾਂਗਰ ਪ੍ਰਭਾਵਿਤ ਕਰਦਾ ਹੈਂ

ਜਦ ਤੇਰੀ ਕਵਿਤਾ ਪੜ੍ਹਦੀ ਹਾਂ
ਤੂੰ ਮੈਨੂੰ ਇੱਕ ਹਸੀਨ ਤੇ ਜ਼ਹੀਨ
ਕਰਾਂਤੀਕਾਰੀ ਲੱਗਦਾ ਹੈਂ
ਬੇਵਫ਼ਾਈ ਤੇ ਗਦਾਰੀ
ਤੇਰੀ ਸੋਚ
ਵਿੱਚ ਨਜ਼ਰ ਨਹੀਂ ਆਉਂਦੀ
ਇਸੇ ਲਈ ਤੇਰੀ ਕਵਿਤਾ ਨੂੰ
ਮੈਂ ਸੀਸ ਝੁਕਾਉਂਦੀ ਹਾਂ

ਪਰ
ਤੇਰੇ ਤੇ ਜੋ ਇਲਜ਼ਾਮ ਨੇ
ਮੈਂ ਉਹਨਾਂ ਨੂੰ ਮੁਖਾਤਿਬ ਕਰਕੇ
ਮੁਖ਼ਾਲਫ਼ ਵੀ ਕਰਦੀ ਹਾਂ
ਕਦੇ ਵੀ
ਇੱਕ ਸੱਚਾ ਕਰਾਂਤੀਕਾਰੀ
ਸੱਚੇ ਕਰਾਂਤੀਕਾਰੀਆਂ ਦੀ ਮੁਖ਼ਬਰੀ
ਨਹੀਂ ਕਰ ਸਕਦਾ
ਜੇ ਉਹ
ਸੀਰਤ ਦਾ ਵੀ ਸੱਚਾ ਹੋਵੇ

ਤੂੰ ਵੀ ਹਕੂਮਤ ਦੇ ਨਾਲ ਲੜਦਾ ਸੀ
ਉਹ ਵੀ ਹਕੂਮਤ ਦੇ ਨਾਲ ਲੜ ਰਹੇ ਸੀ
ਮੰਜ਼ਿਲ ਤਾਂ ਇੱਕ ਹੀ ਸੀ
ਰਸਤੇ ਅਲੱਗ ਸਨ

ਸਿਰਫ਼
ਖ਼ਿਆਲਾਂ ਦਾ ਵਖਰੇਵਾਂਪਨ
ਇੱਕ ਕਰਾਂਤੀਕਾਰੀ ਨੂੰ ਦੂਜੇ ਕਰਾਂਤੀਕਾਰੀ ਦਾ
ਕਾਤਿਲ ਨਹੀਂ ਬਣਾ ਸਕਦਾ
ਹਾਂ
ਵਿਰੋਧੀ ਜਰੂਰ

ਉਹ ਵੀ ਸੱਤਾ ਦੇ ਦੁਸ਼ਮਣ
ਤੂੰ ਵੀ ਸੱਤਾ ਦਾ ਦੁਸਮਣ
ਦੁਸ਼ਮਣ ਦਾ ਦੁਸ਼ਮਨ ਤਾਂ
ਦੋਸਤ ਹੁੰਦਾ ਹੈ
ਇਹ ਗੱਲ ਤੇਰੇ ਤੇ ਵੀ ਤਾਂ ਲਾਗੂ ਹੁੰਦੀ ਹੈ
ਤੇਰੀ
ਦੁਸਮਣੀ ਤਾਂ ਸੱਤਾ ਦੇ ਨਾਲ ਸੀ
ਨਾ ਬਰਾਬਰਤਾ ਨਹੀਂ ਸੀ ਮਨਜ਼ੂਰ ਤੈਨੂੰ
ਫਿਰ ਤੂੰ ਕਿਵੇਂ ਕਰ ਸਕਦਾ ਸੀ
ਘਟੀਆ ਹਰਕਤਾਂ
ਕਿਸ ਤਰ੍ਹਾਂ
ਕਰ ਸਕਦਾ ਸੀ ਮੁਖ਼ਬਰੀਆਂ

ਤੈਨੂੰ ਤਾਂ ਤੇਰੇ ਹੀ
ਕਿਸੇ ਦੁਸਮਣ ਨੇ ਮਾਰਿਆ
ਜਾਂ ਤੂੰ ਚੜ੍ਹਿਆ ਭੇਟ ਏਜੰਸੀਆਂ ਦੀ
ਇਲਜ਼ਾਮ
ਖਾਲਿਸਤਾਨੀਆਂ ਦੇ ਸਿਰ ਮੜ੍ਹ ਦਿੱਤਾ
ਮੈਂ ਇਸ ਗੱਲ ਤੋਂ ਇਨਕਾਰ ਕਰਦੀ ਹਾਂ
ਕੋਈ ਸਬੂਤ

ਕੋਈ ਸਬੂਤ
ਨਹੀਂ ਹੈ ਪਾਸ ਮੇਰੇ
ਪਰ
ਵਿਵੇਕ ਦੀਆਂ ਸੋਚਾਂ ਨਾਲ ਲੜਦੀ ਹਾਂ
ਤੂੰ ਇਸ ਤਰ੍ਹਾਂ ਦਾ
ਕਿਵੇਂ
ਹੋ ਸਕਦਾ ਸੀ।
✪

## ਗੰਢ (ਮੁਖਾਤਿਬ ਪਾਸ਼ ਨੂੰ)

ਕੋਈ ਇਸ ਤਰ੍ਹਾਂ ਦਾ ਧਾਗਾ ਤਾਂ
ਜ਼ਰੂਰ ਸੀ
ਜੋ
ਤੋੜ ਦਿੱਤਾ ਗਿਆ ਸੀ
ਤੇ ਬੰਨ੍ਹ ਦਿੱਤੀਆਂ ਗਈਆਂ ਸਨ
ਕਿੰਨੀਆਂ ਗੰਢਾਂ
ਮਨੁੱਖੀ ਸੋਚ ਤੇ
ਤਾਂ ਕਿ
ਉਹ ਸਿਰਫ਼ ਉੱਲਝੀਆਂ ਹੀ ਰਹਿਣ
ਕਿਵੇਂ ਟੁੱਟਿਆ
ਕਾਹਤੋਂ ਟੁੱਟਿਆ

ਕਿਸ
ਬੰਨ੍ਹੀਆਂ ਗੰਢਾਂ
ਕਾਹਤੋਂ ਬੰਨੀਆਂ
ਬਹੁਤ ਚਲਾਕੀ ਨਾਲ
ਤਾਂ ਕਿ
ਕੋਈ ਸਮਝਣ ਦੀ ਕੋਸ਼ਿਸ ਨਾਂ ਕਰੇ
ਸ਼ਾਇਦ
ਫਿਰ ਸਦੀਆਂ ਲੱਗ ਜਾਣ
ਪਾਸ਼ ਨੂੰ
ਆਪਣੇ ਤੇ ਲੱਗੇ ਇਲਜ਼ਾਮਾਂ ਤੋਂ
ਮੁਕਤ ਹੋਵਣ ਦੇ ਲਈ।
✪

## ਸੋਚੋ

ਤੁਸੀਂ ਕਦ ਸੋਚੋਗੇ
ਤੁਸੀਂ ਕਦ ਸਮਝੋਗੇ
ਹੁਣ
ਪਾਸ਼ ਤਾਂ ਤੁਰ ਗਿਆ ਹੈ
ਕਿਸੇ ਦੀ ਮੁਖ਼ਬਰੀ ਨਹੀਂ ਕਰਦਾ
ਫਿਰ ਕਿਉਂ
ਅਜੇ ਵੀ ਕੋਈ ਡਰ ਰਿਹਾ ਹੈ
ਉਸਦੇ ਸ਼ਬਦਾਂ ਦੀ ਮਾਰ ਤੋਂ
ਕਿਉਂ
ਫਿਰ ਕੋਈ ਨਿਕਲਿਆ ਹੈ
ਉਸਦੀ ਸੋਚ ਨੂੰ ਮਾਰਨ ਲਈ

ਉਸਤੇ ਹੀ ਇਲਜ਼ਾਮ ਲਾ ਕੇ
ਉਸਦੇ ਆਪਣਿਆਂ ਨੂੰ ਹੀ ਭੜਕਾਕੇ
ਸ਼ਾਇਦ ਕੋਈ
ਪਰਦਾ ਪਾ ਦਿੱਤਾ ਸੀ
ਪਾਸ਼ ਨੂੰ ਇੰਝ ਮੁਕਾ ਦਿੱਤਾ ਸੀ
ਇਲਜ਼ਾਮ ਦੂਸਰਿਆਂ ਤੇ ਲਾ ਦਿੱਤਾ ਸੀ
ਪਰ
ਉਹ ਮਰਕੇ ਵੀ ਨਾ ਮਰਿਆ
ਇਸੇ ਲਈ ਤਾਂ ਉਹ ਅੱਜ ਵੀ
ਉਸਦੀ
ਸੋਚ ਤੋਂ ਡਰ ਰਹੇ ਨੇ।
✪

## ਸਿਰਫ ਮੇਰੀ

ਇਹ ਸੋਚ ਸਿਰਫ ਮੇਰੀ ਆਪਣੀ ਹੈ
ਕਿਸੇ ਨੂੰ ਅਪਨਾਉਣ ਨੂੰ
ਨਹੀਂ ਕਹਿੰਦੀ

ਪਾਸ਼ ਦੀ ਸਜਾ ਵਧਾਉਣੀ ਹੈ
ਜਾਂ ਹੈ
ਮੁਆਫ਼ ਕਰਨਾ
ਇਹ ਫੇਸਲਾ ਸਭ ਦਾ ਆਪਣਾ ਹੈ
ਮੈਂ ਮੁਆਫ਼ ਕਰਨ ਨੂੰ ਨਹੀਂ ਕਹਿੰਦੀ
ਪਰ
ਹਰ ਪਾਸੇ ਲੱਭ ਕੇ ਹਾਰ ਗਈ ਹਾਂ
ਸਭ ਨੂੰ ਪੁੱਛਕੇ ਥੱਕ ਗਈ ਹਾਂ
ਕਿਉਂ
ਮਾਰਿਆ ਸੀ ਪਾਸ਼ ਸੂਦਾਈ ਨੂੰ
ਉਹ ਤਾਂ ਸੀ ਇਨਸਾਫ਼ ਲਈ ਲੜਦਾ
ਸੱਚ ਕਹਿਣ ਤੋਂ ਨਹੀਂ ਸੀ ਡਰਦਾ

ਬੇਗੁਨਾਹਾਂ ਨੂੰ ਫੜਾਕੇ
ਮਾਵਾਂ ਦੇ ਪੁੱਤ ਮਰਵਾਕੇ
ਉਸ ਪਾਗਲ ਨੇ ਕੀ ਸੀ ਕਰਨਾ
ਰੱਬ ਦੀ ਕਚਿਹਰੀ ਤਾਂ ਉਸਨੇ ਵੀ
ਇੱਕ ਦਿਨ ਸੀ ਖੜ੍ਹਨਾ
ਇਹ ਗੁੱਥੀ
ਅਜੇ ਤੱਕ ਕਿਸੇ ਤੋਂ
ਨਹੀਂ ਗਈ ਸੁਲਝਾਈ
ਮੌਤ ਵੀ ਇਨਕਾਰ ਹੈ ਕਰਦੀ
ਉਹ ਨਹੀਂ ਸੀ ਓਸਨੂੰ ਲੈਣ ਨੂੰ ਆਈ

ਸ਼ਾਇਦ
ਰੱਬ ਨੇ ਇਹ ਤਜ਼ਵੀਜ਼ ਫ਼ੁਰਮਾਈ
ਜੋ ਮੇਰੇ ਦਿਲ ਦੇ ਵਿੱਚ ਇਹ ਆਈ
ਕੋਈ ਕਾਰਨ
ਨਹੀਂ ਮੈਂ ਲੱਭ ਸਕੀ
ਉਸਦੇ ਮਾਰੇ ਜਾਣੇ ਦਾ
ਉਸ ਭੇਤ ਨੂੰ ਪਾਵਣ ਦਾ

ਕਈ ਮੈਂਨੂੰ ਵੀ ਗਾਲਾਂ ਕੱਢਣਗੇ
ਕਈ ਭਗਤ ਉਸਦਾ ਦਰਸਾਵਣਗੇ
ਪਰ ਮੈਂਨੂੰ ਵੀ ਕਿਸੇ ਦੀ
ਚੇਲੀ ਬਣਨਾ ਮਨਜ਼ੂਰ ਨਹੀਂ

ਬੇਸ਼ੱਕ ਸਾਰੇ ਗਾਲਾਂ ਕੱਢਣ
ਮੇਰੇ ਮੂੰਹ ਤੇ ਆ ਕੇ ਥੁੱਕਣ
ਮੈਂ ਆਪਣੇ ਦਿਲ ਦੀ ਸੁਣਦੀ ਹਾਂ
ਦਿਮਾਗ ਨੂੰ ਲੈ ਕੇ ਚੱਲਦੀ ਹਾਂ।
✪

## ਕਰੋਨਾ ਤੇ ਦਰਿੰਦੇ
**(ਮਨੀਸ਼ਾ ਨੂੰ ਸਮਰਪਿਤ)**

ਕਰੋਨਾ
ਤੂੰ ਤਾਂ ਆਉਂਦਿਆਂ ਹੀ
ਕਿੰਨੀਆਂ ਪਾਬੰਦੀਆਂ ਲਾ ਦਿੱਤੀਆਂ ਸੀ
ਕਿ ਆਦਮੀ ਆਦਮੀ ਤੋਂ
ਬਚ ਕੇ ਰਹੇ
ਨਾਂ ਕੋਈ ਕਿਸੇ ਦੇ ਨੇੜੇ
ਖੜ੍ਹਾ ਹੋਵੇ
ਤੇ ਨਾਂ ਕੋਈ ਕਿਸੇ
ਦੇ ਨਾਲ ਹੱਥ ਮਿਲਾਏ
ਕਿਉਂਕਿ
ਤੂੰ ਆ ਸਕਦਾ ਹੈਂ ਤੇ
ਖਤਮ ਕਰ ਸਕਦਾ ਹੈਂ
ਮਨੁੱਖੀ ਜ਼ਿੰਦਗੀ ਨੂੰ

ਕਰੋਨਾ
ਕੀ ਤੈਂਨੂੰ ਵੀ ਸਿਰਫ਼
ਜਿਸਮ ਹੀ ਚੰਗੇ ਲਗਦੇ ਨੇ
ਤੂੰ ਵੀ ਉਹਨਾਂ ਨੂੰ ਹੀ
ਖਾਣ ਆਇਆ ਹੈਂ

ਇਸੇ ਲਈ ਤਾਂ
ਇਹ ਦਰਿੰਦੇ ਤੇਰੇ ਤੋਂ
ਨਹੀਂ ਡਰਦੇ
ਦੇਖ
ਅੱਜ ਇੱਕ ਹੋਰ
ਖ਼ੂਬਸੂਰਤ ਕਲੀ ਮਨੀਸ਼ਾ

ਕੁਮਲਾ ਗਈ ਹੈ
ਕਿਸ ਤਰ੍ਹਾਂ ਜ਼ਾਲਮਾਂ ਨੇ
ਉਸਨੂੰ ਕੋਹਿਆ
ਨੋਚ ਨੋਚ ਖਾਧਾ ਤੇ ਤੜਪਾਇਆ
ਪਾਪੀਆਂ ਤੋੜ ਦਿੱਤੀ ਉਸਦੀ
ਰੀੜ ਦੀ ਹੱਡੀ
ਤਾਂ ਕਿ ਉਹ ਚੱਲ ਨਾਂ ਸਕੇ
ਪਹੁੰਚ ਨਾਂ ਸਕੇ
ਆਪਣੇ ਘਰ ਸਹੀ ਸਲਾਮਤ

ਵੱਢ ਦਿੱਤੀ ਗਈ
ਉਸਦੀ ਜੀਭ
ਨਾਂ ਦੱਸ ਸਕੇ ਉਹ ਆਪਣਾ
ਸੱਚ ਕਿਸੇ ਨੂੰ
ਕਿ ਕੀ ਹੋਇਆ ਸੀ ਉਸਦੇ ਨਾਲ
ਕਿਹਨਾਂ ਕੀਤਾ ਉਸਦਾ
ਇਹ ਮੰਦੜਾ ਹਾਲ
ਕਰੋਨਾ

ਉਸਨੂੰ ਤਾਂ
ਪੰਜਾਂ ਤੱਤਾਂ ਵਿੱਚ ਲੀਨ ਹੋਵਣ ਦਾ
ਹੱਕ ਵੀ ਨਹੀਂ ਮਿਲਿਆ
ਇੱਜ਼ਤ ਦੇ ਨਾਲ
ਰਾਤ ਦੇ ਹਨੇਰੇ ਵਿੱਚ
ਜਲਾ ਦਿੱਤਾ ਗਿਆ
ਚੋਰੀ ਛੁੱਪੇ
ਕਰੋਨਾ
ਕੋਈ ਇਨਸਾਫ ਨਹੀਂ ਮਿਲਦਾ
ਹਰ ਰੋਜ਼
ਬਲਾਤਕਾਰ ਹੁੰਦਾ ਹੈ
ਕਿਤੇ ਮਾਵਾਂ ਦਾ
ਕਿਤੇ ਭੈਣਾ ਦਾ
ਕਿਤੇ ਪੁੱਤਾਂ ਦਾ

ਕਿਤੇ ਪੁੱਤਾਂ ਦਾ
ਕਿਤੇ ਧੀਆਂ ਦਾ
ਵਿਚਾਰਾਂ ਦਾ ਕਤਲ ਹੁੰਦਾ ਹੈ
ਹਰ ਰੋਜ਼ ਸੱਚ ਦਾ ਬਲਾਤਕਾਰ ਹੁੰਦਾ ਹੈ
ਕਰੋਨਾ
ਫਿਰ ਅਸੀਂ ਫੂਲਨ ਨੂੰ
ਯਾਦ ਕਰਦੇ ਹਾਂ
ਪਰ ਭੁੱਲ ਜਾਂਦੇ ਹਾਂ ਕਿ
ਯਾਦ ਕਰਨ ਦੇ ਨਾਲ ਕੁੱਝ ਵੀ
ਨਹੀਂ ਹੁੰਦਾ
ਫੂਲਨ ਹਰ ਔਰਤ ਨੂੰ ਆਪ
ਆਪਣੇ ਆਪ ਵਿੱਚੋਂ ਹੀ
ਲੱਭਣੀ ਪਵੇਗੀ

ਕਰੋਨਾ
ਇਸ ਵਾਰ ਤਾਂ ਇਹ ਸਭ ਤੇਰੇ
ਸਾਹਮਣੇ ਹੀ ਹੋਇਆ
ਤੂੰ ਸਭ ਨੂੰ ਡਰਾ ਰਿਹਾ ਸੀ
ਉਹ ਦਰਿੰਦੇ ਤੇਰੇ ਤੋਂ
ਬਿਲਕੁੱਲ
ਹੀ ਨਾਂ ਡਰੇ
ਕਿਉਂਕਿ ਉਹ ਜਾਣਦੇ ਸਨ ਕਿ
ਤੂੰ ਵੀ ਸਿਰਫ਼ ਜਿਸਮਾਂ ਨੂੰ ਹੀ
ਖਾਂਦਾ ਹੈ
ਕਰੋਨਾਂ
ਤੂੰ ਵੀ ਸਿਰਫ਼ ਜਿਸਮਾਂ ਨੂੰ ਹੀ
ਕਿਉਂ ਖਾਣ ਆਇਆ
ਭੈੜੀ ਸੋਚ ਨੂੰ ਕਿਉਂ
ਨਹੀਂ ਖਾਂਦਾ
ਪਰ
ਤੂੰ ਕਿਵੇਂ ਖਾ ਸਕਦਾ ਹੈਂ
ਗੰਦੀ ਸੜ੍ਹੀ ਹੋਈ ਸੋਚ ਨੂੰ

ਕਿਉਂਕਿ ਕਿਸੇ
ਗੰਦੀ ਸੋਚ ਵਾਲੇ ਨੇ ਹੀ ਤਾਂ
ਤੈਨੂੰ ਪੈਦਾ ਕੀਤਾ ਹੈ
ਇਸੇ ਲਈ ਤਾਂ ਦਰਿੰਦੇ
ਤੇਰੇ ਤੋਂ ਡਰਦੇ ਨਹੀਂ
ਬਰਨਾ
ਤੂੰ ਦਰਿੰਦਿਆਂ ਤੇ ਭਾਰੂ
ਨਾਂ ਹੁੰਦਾ

ਕਰੋਨਾ
ਸਾਰੇ ਕਹਿੰਦੇ ਨੇ ਕਿ
ਤੂੰ ਬਹੁਤ ਹੀ
ਖ਼ਤਰਨਾਕ ਵਾਇਰਸ ਹੈਂ
ਪਰ ਤੂੰ ਇਹਨਾਂ
ਦਰਿੰਦਿਆਂ ਤੋਂ ਜ਼ਿਆਦਾ
ਖ਼ਤਰਨਾਕ ਨਹੀਂ ਹੈਂ

ਜੇ ਤੂੰ ਇੰਨਾਂ ਹੀ
ਖ਼ਤਰਨਾਕ ਹੈ
ਤਾਂ ਫਿਰ
ਕਿਉਂ ਨਹੀਂ ਚੁੰਬੜਦਾ
ਇਸ ਤਰ੍ਹਾਂ ਦੇ ਦਰਿੰਦਿਆਂ ਨੂੰ
ਤੇ ਧਰਤੀ ਦਾ ਬੋਝ
ਹਲਕਾ ਕਰਦਾ
ਕੀ ਤੂੰ ਵੀ ਇਹਨਾਂ ਤੋਂ
ਡਰਦਾ ਹੈਂ
ਕਿਤੇ
ਇਹ ਹੀ ਤੈਨੂੰ ਨਾਂ ਚੁੰਬੜ ਜਾਣ।
✪

## ਅਕਿਤ੍ਰਘਣ

ਅਸੀਂ ਕਿੰਨੇ ਨਾਸ਼ੁਕਰੇ ਹਾਂ
ਕਿੰਨਾਂ ਪਿੱਛੇ ਲੱਗ ਬਹਿੰਦੇਂ ਹਾਂ
ਵਿਵੇਕ ਨੂੰ ਖੂੰਜੇ ਲਾ ਕੇ
ਕਿੱਲੀ ਟੰਗਦੇ ਹਾਂ
ਰੀਂਘਦੇ ਰਹਿੰਦੇ ਹਾਂ
ਮੰਨਿਆਂ
ਕਿ ਕੈਲੋਨਿਯਮ ਸੀ
ਪਰ
ਭਗਤ ਸਿੰਘ ਤਾਂ ਫਿਰ ਵੀ
ਫਾਂਸੀ ਚੜ੍ਹਿਆ
ਉਸਦੀ ਆਵਾਜ਼ ਤੋਂ ਸਿਰਫ਼
ਅੰਗਰੇਜ਼ ਹੀ ਨਹੀਂ
ਕਾਲੇ ਅੰਗਰੇਜ਼ ਜ਼ਿਆਦਾ ਡਰੇ ਸੀ
ਉਹ ਉਸਦੀਆਂ ਅੱਖਾਂ ਦੀ ਤੱਕਣੀ
ਅਵਾਜ਼ ਦੇ ਕਹਿਰ ਤੋਂ
ਤਿਲਮਿਲਾਂਉਂਦੇ ਸਨ
ਕਾਲੇ ਅੰਗਰੇਜ਼
ਤਾਂ ਜ਼ਿਆਦਾ ਕਾਹਲੇ ਸਨ
ਉਸਦਾ ਪੱਤਾ ਕੱਟਣ ਲਈ
ਉਹ ਡਰਦੇ ਸਨ
ਕਿਤੇ
ਉਹ ਤੇ ਉਸਦੀ ਸੋਚ
ਉਹਨਾਂ ਦੇ ਪੈਰਾਂ
ਦੀਆਂ ਬੇੜੀਆਂ ਨਾਂ ਬਣ ਬੈਠੇ
ਕੌਣ
ਨਹੀਂ ਜਿਉਂਣਾ ਚਾਹੁੰਦਾ

ਕੌਣ
ਨਹੀ ਜਿਉਂਣਾ ਚਾਹੁੰਦਾ
ਮਾਨਣਾ ਚਾਹੁੰਦਾਂ
ਜ਼ਿੰਦਗੀ ਦੇ ਨਸ਼ੇ, ਐਸ਼ੋ ਇਸ਼ਰਤ ਆਰਾਮ

ਪਰ ਹੁਣ
ਅੱਜ ਕੋਈ ਕਹਿ ਰਿਹਾ ਹੈ
ਉਹ ਸ਼ਹੀਦ ਨਹੀਂ
ਕਈ ਕਹਿ ਰਹੇ ਨੇ
ਉਹ ਤਾਂ ਲੜਿਆ ਹੀ ਨਹੀਂ
ਕਿਉਂ
ਸਭ ਭੁੱਲ ਜਾਂਦੇ ਨੇ
ਉਹ ਸਭ ਲਈ ਮਰਿਆ ਸੀ
ਸ਼ੌਂਕ ਲਈ ਤਾਂ ਨਹੀਂ
ਫਾਂਸੀ ਚੜ੍ਹਿਆ ਸੀ
ਬੋਲਣ ਵਾਲੇ
ਕਿਉਂ ਨਹੀਂ ਤੁਰਦੇ ਉਸਦੀਆਂ
ਰਾਹਵਾਂ ਤੇ

ਕਿਉਂ ਨਹੀਂ ਚੁੰਮਦੇ
ਫਾਂਸੀ ਦਾ ਰੱਸਾ
ਕਿਉਂ ਮਨਫ਼ੀ ਕਰ ਰਹੇ ਹੋ
ਭਗਤ ਸਿੰਘ ਨੂੰ
ਕਾਹਤੋਂ
ਕਰਨਾ ਚਾਹੁੰਦੇ ਹੋ
ਕੀ
ਸਦੀਆਂ ਬਾਅਦ ਫਿਰ
ਇਹ ਹੋਵੇਗਾ
ਕਈ ਨਾਸ਼ੁਕਰੇ ਉਠੱਣਗੇ ਤੇ
ਕਰਨਗੇ ਸਵਾਲ
ਸੁੱਖੇ ਤੇ ਜ਼ਿੰਦੇ ਦੀ ਕੁਰਬਾਨੀ ਤੇ
ਫਿਰ ਕਈ ਕਹਿਣਗੇ
ਨਹੀਂ

ਨਹੀਂ
ਉਹ ਤਾਂ ਸ਼ਹੀਦ ਨਹੀ
ਉਹ ਤਾਂ ਸਿੱਖ ਵੀ ਨਹੀਂ
ਗੁੱਸੇ ਵਿੱਚ ਪਾਗਲ ਹੋਏ ਭਟਕੇ ਹੋਏ
ਦੋ ਨੌਜਵਾਨ ਸਨ
ਜ਼ਿਹਨਾਂ ਨੇ ਮਾਰਿਆ ਜਨਰਲ ਵੈਦਯਾ
ਸਿਰਫ਼ ਤੇ ਸਿਰਫ਼
ਹਰਮੰਦਿਰ ਸਾਹਿਬ ਦਾ ਹੀ ਲਿਆ
ਬਦਲਾ
ਕੌਮ ਲਈ ਤਾਂ ਉਹਨਾਂ
ਕੁੱਝ ਵੀ ਨਹੀਂ ਕੀਤਾ

ਇਸ ਤਰ੍ਹਾਂ
ਕੀ
ਉਹਨਾਂ ਦੀ ਸ਼ਹਾਦਤ ਤੇ ਵੀ
ਪ੍ਰਸ਼ਨ ਚਿੰਨ ਲੱਗ
ਜਾਣਗੇ?

ਫਾਂਸੀਂ ਭਗਤ ਸਿੰਘ ਵੀ ਚੜ੍ਹਿਆ ਤੇ
ਚੁੰਮੇਂ ਹੱਸ ਹੱਸ ਕੇ ਫਾਂਸੀਆਂ ਦੇ ਰੱਸੇ
ਉਹਨਾਂ ਨੇ ਵੀ
ਬੇਇਨਸਾਫ਼ੀ ਕਿਵੇਂ ਸਹਿੰਦੇ
ਉਹ ਵੀ ਕਰਾਂਤੀਕਾਰੀ ਸਨ ਤੇ
ਉਹ ਵੀ ਕਰਾਂਤੀਕਾਰੀ ਸੀ
ਕਿਸਨੇ
ਹੱਕ ਦਿੱਤਾ ਤੁਹਾਨੂੰ
ਉਹਨਾਂ ਸਭ ਦੀ ਸ਼ਹਾਦਤ ਨੂੰ ਮਨਫ਼ੀ
ਕਰਨੇ ਦਾ
ਪਹਿਲਾਂ
ਤੁਰ ਕੇ ਤਾਂ ਦੇਖੋ
ਸੌਖਾ ਨਹੀਂ ਹੁੰਦਾ
ਕੰਡਿਆਂ ਤੇ ਤੁਰਨਾ

ਤੇ ਆਪਣਾ ਆਪ ਮਿਟਾਉਣਾ
ਬਹੁਤ ਹੀ ਬਹੁਤ ਸੌਖਾ ਹੁੰਦਾ ਹੈ
ਸ਼ਹਾਦਤਾਂ ਨੂੰ ਘਟਾਉਣਾ ਤੇ
ਸ਼ਹੀਦਾਂ ਤੇ ਉਂਗਲੀਆਂ ਉਠਾਉਣਾ
ਪਰ
ਬਹੁਤ ਔਖਾ ਹੁੰਦਾ ਹੈ
ਸ਼ਹੀਦ ਹੋਣਾ।
✪

## ਹਿਊਮੇਨਿਯਮ

ਮੈਂ
ਕਿਸੇ ਹਿੰਦੂਇਜ਼ਮ
ਸਿੱਖਇਜ਼ਮ
ਜੈਨਇਜ਼ਮ
ਬੁੱਧਇਜ਼ਮ
ਇਸਲਾਮਇਜ਼ਮ
ਦਾ ਹਿੱਸਾ ਨਹੀਂ ਬਣਨਾ ਚਾਹੁੰਦੀ
ਸਿਰਫ਼ ਬਣਨਾ ਚਾਹੁੰਦੀ ਹਾਂ ਹਿੱਸਾ
ਹਿਊਮੇਨਿਯਮ ਦਾ

ਜਦ ਹਰ ਕੋਈ
ਹਵਾ ਲੈ ਰਿਹਾ ਹੈ
ਪਾਣੀ ਪੀ ਰਿਹਾ ਹੈ
ਸੂਰਜ ਦੀਆਂ ਕਿਰਨਾਂ ਕੋਈ ਵਿਤਕਰਾ
ਨਹੀਂ ਕਰਦੀਆਂ
ਹਵਾ ਸਭ ਨੂੰ ਪਿਆਰ ਦਿੰਦੀ ਹੈ
ਧਰਤੀ ਸਭ ਨੂੰ ਧਰਵਾਸ ਦਿੰਦੀ ਹੈ
ਪਾਣੀ ਸਭ ਨੂੰ ਨਿਹਾਰਦਾ ਹੈ
ਆਸਮਾਨ ਆਪਣੇ ਸਾਏ ਵਿੱਚ ਲਪੇਟ ਕੇ
ਰੱਖਦਾ ਹੈ
ਚੰਦ ਤਾਰੇ ਖੁਸ਼ੀਆਂ ਨਾਲ ਸਭ ਨੂੰ
ਤੱਕਦੇ ਨੇ
ਇਹ ਬ੍ਰਹਿਮੰਡ ਸਭ ਲਈ
ਇੱਕ ਸਾਂਝਾ ਗੀਤ ਗਾ ਰਿਹਾ ਹੈ

ਫਿਰ
ਮੈਂ ਕੌਣ ਹਾਂ
ਜੋ ਵੰਡ ਦੇਵਾਂ ਇਸ
ਧਰਤੀ ਨੂੰ
ਬਣਾ ਦੇਵਾਂ ਸਰਹੱਦਾਂ ਵਿਤਕਰੇ ਦੀਆਂ
ਰੰਗਾਂ, ਨਸਲਾਂ ਤੇ ਧਰਮਾਂ ਕਰਕੇ
ਰੱਬ ਨੇ ਤਾਂ ਨਹੀਂ ਵੰਡਿਆ ਕਿਸੇ ਨੂੰ।
✪

## ਉਹ ਤੇ ਆਹ

ਬਹੁਤ ਵਾਰ ਸੁਣਦੀ ਹਾਂ
ਆਪਣੇ ਆਪਣਿਆਂ ਨੂੰ ਹੀ ਕਹਿੰਦੇ
ਅਸੀਂ ਆਹ ਹੋ
ਤੁਸੀਂ ਉਹ ਹੋ
ਉਹ ਤੇ ਆਹ ਦਾ
ਸਿਲਸਿਲਾ ਜਾਰੀ ਹੈ
ਕਿਉਂ ਨਹੀਂ ਖਤਮ ਕਰਦੇ
ਇੱਕ ਵਾਰ ਸਿਲਸਿਲਾ
ਉਹ ਤੇ ਆਹ ਦਾ

ਕਿਉਂ ਇੱਕ ਵਾਰ
ਵਖਰੇਂਵਿਆਂ ਨੂੰ ਪਾਸੇ ਰੱਖਕੇ
ਵਿਚਾਰ ਵਿਟਾਂਦਰਾ ਨਹੀਂ
ਕਰਦੇ
ਜ਼ਰਾ ਕਰਕੇ ਤਾਂ ਦੇਖੋ
ਕਿ
ਤੁਸੀ ਕਿੱਥੋਂ
ਮਾਰ ਖਾਂਦੇਂ ਪਏ ਹੋ
ਕੀ
ਤੁਹਾਨੂੰ ਨਹੀਂ ਲੱਗਦਾ
ਕਿ ਇੱਕ ਵਾਰ ਸਹਿਜ ਸੁਭਾਅ ਹੀ
ਇੱਕ ਦੂਜੇ ਨੂੰ ਬਿਨ੍ਹਾਂ ਕੁੱਝ ਕਹੇ
ਪੜ੍ਹਿਆ ਜਾਵੇ
ਜੋ
ਨਹੀਂ ਹੈ ਪਸੰਦ

ਇੱਕ ਪਾਸੇ ਰੱਖਕੇ
ਤੁਹਾਡੇ ਵਿਚਕਾਰ ਸਿਸਕ ਰਹੀ
ਜੋ ਅਧੂਰੀ ਸਾਂਝ ਹੈ
ਉਸ ਨਾਲ
ਅੱਗੇ ਤੁਰਿਆ ਜਾਵੇ
ਹੋ ਸਕਦਾ ਹੈ
ਇੱਕ ਨਵੀਂ ਸੋਚ ਦਾ
ਆਗਾਜ਼ ਹੋਵੇ।
✪

## ਜਨਮ

ਬੀਜ਼ ਨੂੰ
ਪੁੰਗਰਨ ਲਈ ਜਿਵੇਂ
ਪਾਣੀ
ਹਵਾ
ਮਿੱਟੀ
ਸੂਰਜ ਦੀ ਰੋਸ਼ਨੀ ਦੀ ਲੋੜ
ਪੈਂਦੀ ਹੈ
ਉਵੇਂ
ਸੋਚ ਨੂੰ ਵਿਚਾਰ ਬਣਨ ਲਈ
ਸੱਚ ਦੀ ਲੋੜ ਪੈਂਦੀ ਹੈ

ਜੇ
ਸੋਚ ਹੀ ਮਰ ਜਾਵੇਗੀ
ਤਾਂ ਤੁਸੀਂ ਆਪਣੀਆਂ
ਤੁਰਦੀਆਂ ਫਿਰਦੀਆਂ ਲਾਸ਼ਾਂ ਦਾ
ਬੋਝ ਕਿਵੇਂ ਉਠਾਉਗੇ
ਕਿਉਂਕਿ
ਜੇ ਸੋਚ ਨੂੰ ਟਿਕ ਟਾਕ ਦਾ ਨਸ਼ਾ
ਸ਼ਰਾਬ ਤੋਂ
ਵੀ ਵੱਧ ਚੜ੍ਹ ਜਾਵੇਗਾ
ਤਾਂ ਸਿਰਫ਼
ਨਾਚਾਰ ਹੀ ਪੈਦਾ ਹੋਵਣਗੇ
ਭੁੱਲ ਜਾਵੋ ਫਿਰ
ਨਲੂਏ ਤੇ ਸਰਾਭੇ ਵਰਗੇ
ਸੂਰਬੀਰਾਂ ਨੂੰ
ਕਿਉਂਕਿ ਉਹ
ਟਿੱਕ ਟਾਕ, ਫੇਸ ਬੁੱਕ
ਤੇ ਇੰਸਟਾਗਰਾਮ ਦੀ ਪੈਦਾਇਸ਼
ਨਹੀਂ ਸਨ।
✪

## ਤਾਕਤ

ਉਹ ਜੋ ਦੁਸ਼ਮਣ ਹੈ
ਜਾਣਦਾ ਹੈ
ਭੋਲੇ ਪੰਛੀਆਂ ਦੇ
ਪਰ
ਕਿਵੇਂ ਕੁਤਰਨੇ ਨੇ

ਉਹ
ਤਾਕਤ ਨਾਲ ਨਹੀਂ
ਦਿਮਾਗ ਦੇ ਨਾਲ ਜ਼ਖ਼ਮਾਂ ਨੂੰ
ਕੁਰੇਦਦਾ ਹੈ
ਤਾਂਕਿ
ਉਹ ਰਿਸਦੇ ਹੀ ਰਹਿਣ
ਤੇ ਤੁਸੀਂ
ਤੁਸੀ ਉੱਠਕੇ ਵੀ ਨਾਂ ਉੱਠੋਂ
ਪਰ
ਨਹੀਂ ਕਰੋ ਹੌਸਲਾ
ਹੰਭਲਾ ਮਾਰੋ
ਉੱਠੋ
ਤੇ ਦਿਖਾ ਦੇਵੋ ਆਪਣੀ
ਤਾਕਤ।

✪

## ਵਾਰਿਸ

ਉਹ ਪੰਜਾਬ ਦੇ
ਵਾਰਿਸ ਕਹਾਉਂਦੇ ਨੇ
ਪਰ ਇਸਦੇ ਰੱਖਵਾਲੇ ਨਹੀਂ
ਬਣਨਾ ਚਾਹੁੰਦੇ
ਕਿਉਂਕਿ
ਉਹਨਾਂ ਨੇ ਤਾਂ
ਚੋਰਾਂ ਨਾਲ ਗੰਢ ਤੁੱਪ
ਕੀਤੀ ਹੋਈ ਹੈ
ਵਾਰਿਸ ਬਣ ਸਭ ਕੁੱਝ
ਵੇਚਣ ਤੇ ਵੱਢਣ ਤੇ ਤੁਲੇ
ਹੋਏ ਨੇ

ਪਰ ਉਹ
ਇਹ ਕਿਵੇਂ ਭੁੱਲ ਸਕਦੇ ਨੇ
ਘਰ ਤਾਂ ਆਖਿਰ ਘਰ ਹੀ ਹੁੰਦਾ ਹੈ
ਜਿੱਥੇ ਇੱਕ ਦਿਨ ਉਹਨਾਂ ਨੂੰ ਵੀ ਵਾਪਿਸ
ਪਰਤਣਾ ਪਵੇਗਾ
ਸ਼ਾਇਦ ਉਦੋਂ ਤੱਕ
ਬਹੁਤ ਦੇਰ ਹੋ ਚੁੱਕੀ ਹੋਵੇਗੀ
ਜਦੋਂ ਉਹ ਇਹ ਕਹਾਵਤ ਸਮਝਣਗੇ
ਕਿ
'ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ'।
✪

## ਭੀੜ

ਨਾਂ ਮੈਂ ਕੋਈ ਸਮਾਜ ਸੁਧਾਰਕ
ਨਾਂ ਕੋਈ ਰਾਜ ਨੀਤੀਵਾਨ
ਨਾਂ ਕੋਈ ਸੈਲੀਬ੍ਰਿਟੀ
ਨਾਂ ਕੋਈ ਮਹਾਨ ਇਨਸਾਨ

ਫਿਰ ਵੀ ਪੰਜਾਬੀਓ
ਤੁਹਾਨੂੰ
ਇੱਕ ਸਵਾਲ ਪੁੱਛਦੀ ਹਾਂ
ਕੀ
ਹੈ ਤੁਹਾਡੇ ਪਾਸ ਕੋਈ ਲੀਡਰ
ਜੋ ਕਰ ਸਕਦਾ ਹੋਵੇ ਤੁਹਾਡੀ
ਅਗਵਾਈ
ਮੈਨੂੰ ਨਹੀਂ ਲੱਭਦਾ

ਇਹ
ਜਰੂਰ ਲੱਗਦਾ ਹੈ
ਕਿ ਤੁਹਾਡੇ ਪਾਸ ਲੀਡਰ ਨਹੀਂ
ਲੀਡਰਾਂ ਦੀ ਭੀੜ ਹੈ
ਭੀੜ ਤਾਂ ਸਿਰਫ਼ ਭੀੜ ਹੀ ਹੁੰਦੀ ਹੈ
ਜਾਂ ਫਿਰ
ਹੁੰਦੀ ਹੈ ਭੇਡਾਂ ਤੇ ਬੱਕਰੀਆਂ ਦੀ
ਚੰਗੇਂ ਲੀਡਰ ਕਦੀ ਵੀ
ਭੀੜਾਂ ਦਾ ਹਿੱਸਾ ਨਹੀਂ ਹੁੰਦੇ

ਫਿਰ ਵੀ ਜੇ ਤੁਹਾਨੂੰ ਲੱਗਦਾ ਹੈ
ਕਿ ਕੋਈ ਹੈ
ਜੋ ਕਰ ਸਕਦਾ ਹੈ ਤੁਹਾਡੀ
ਅਗਵਾਈ
ਜੋ ਲੀਡਰ ਨਹੀਂ ਹੋਣਾ ਚਾਹੁੰਦਾ
ਜਿਸਨੂੰ ਸਿਆਸਤ ਦੀ ਭੁੱਖ ਨਾਂ ਹੋਵੇ
ਜੋ ਸਭ ਕੁੱਝ ਛੱਡ ਸਕਦਾ ਹੋਵੇ
ਤਾਂ
ਜਰੂਰ ਦੱਸਣਾ
ਮੈਂ ਵੀ ਉਸਨੂੰ ਮਿਲਣਾ ਚਾਹਾਂਗੀ।
✪

## ਉਮੀਦ

ਪੰਜਾਬ ਦੀ ਪੈਦਾਇਸ਼ ਹਾਂ
ਇੱਕ ਕਰਜ਼ ਚੁਕਾਉਣਾ ਚਾਹੁੰਦੀ ਹਾਂ
ਮਾਂ ਬੋਲੀ ਪੰਜਾਬੀ ਦਾ
ਮਾਣ ਵਧਾਉਣਾ ਚਾਹੁੰਦੀ ਹਾਂ
ਹਨੇਰਿਆਂ ਦੇ ਸ਼ਹਿਰ ਵਿੱਚ ਇੱਕ
ਦੀਪ ਜਗਾਉਣਾ ਚਾਹੁੰਦੀ ਹਾਂ
ਮਰ ਚੁੱਕੀਆਂ ਜ਼ਮੀਰਾਂ ਨੂੰ
ਇਸ ਧਰਤੀ ਦੇ ਮਰਜੀਵੜਿਆਂ ਲਈ
ਜਗਾਉਣਾ ਚਾਹੁੰਦੀ ਹਾਂ

ਮਾਯੂਸ ਹਰ ਸ਼ਖਸ ਵਿੱਚ ਇੱਕ
ਉਮੀਦ ਜਗਾਉਣਾ ਚਾਹੁੰਦੀ ਹਾਂ
ਰਾਹਾਂ ਨੇ ਜੋ ਸੁੰਨ ਹੋ ਚੁੱਕੀਆਂ
ਆਸਾਂ ਦੇ ਕੁੱਝ ਫੁੱਲ ਉਹਨਾਂ
ਰਾਹਵਾਂ ਵਿੱਚ ਵਰਸਾਉਣਾ ਚਾਹੁੰਦੀ ਹਾਂ

ਮਨੁੱਖਤਾ ਦਾ ਮਜ਼ਾਕ
ਹੁਣ ਤੱਕ ਹੈ ਜੋ ਉੱਡਾ ਰਹੀ
ਮੈਂ ਉਸ
ਤਹਿਜ਼ੀਬ ਨੂੰ ਜਲਾਉਣਾ ਚਾਹੁੰਦੀ ਹਾਂ
ਹਰ ਇੱਕ ਉਹ ਕਿਤਾਬ
ਜੋ ਪੜ੍ਹ ਇਨਸਾਨ ਸਿੱਖੇ
ਵਿਤਕਰਾ
ਮੈਂ ਇਸ ਤਰ੍ਹਾਂ ਦੀ ਹਰ
ਕਿਤਾਬ ਦੇ ਸਭ ਪੰਨੇ
ਜਲਾਉਣਾ ਚਾਹੁੰਦੀ ਹਾਂ

ਧਰਮਾਂ ਦੇ ਨਾਵਾਂ ਤੇ ਠੇਕੇਦਾਰ ਬਣ
ਹਰ ਰੋਜ਼ ਨੇ ਜੋ ਲੜ ਰਹੇ
ਮੈਂ ਹਰ ਉਸ ਜ਼ਲੀਲ ਇਨਸਾਨ ਦਾ
ਮੂੰਹ ਨੋਚ ਲੈਣਾ ਚਾਹੁੰਦੀ ਹਾਂ

ਧਰਮ ਕੋਈ ਵਪਾਰ ਨਹੀਂ
ਧਰਮ ਕੋਈ ਰੁਜ਼ਗਾਰ ਨਹੀਂ
ਜੋ ਕਰ ਰਹੇ ਨੇ ਧੰਦੇ ਇਸਦੇ ਨਾਮ ਤੇ
ਮੈਂ ਹਰ ਇੱਕ ਦੁਕਾਨ ਉਹ
ਬੰਦ ਕਰਵਾਉਣਾ ਚਾਹੁੰਦੀ ਹਾਂ
ਮੈਂ ਧਰਮ ਦੇ ਠੇਕੇਦਾਰਾਂ ਨੂੰ
ਕੁਝ ਦਿਲ ਤੋਂ ਕਹਿਣਾ ਚਾਹੁੰਦੀਂ ਹਾਂ
ਇੱਥੇ ਹਰ ਰੋਜ਼ ਬੇਅਦਬੀ ਹੁੰਦੀ ਹੈ
ਇਹ ਸਭ ਦਿਖਲਾਉਣਾ ਚਾਹੁੰਦੀ ਹਾਂ

ਪਿਆਰ ਦੀ ਮਸ਼ਾਲ ਫੜ
ਮਨੁੱਖਤਾ ਦੀ ਪਹਿਚਾਣ ਲਈ
ਸਭ ਭੁੱਲ ਭੁਲਾਕੇ ਨੇ ਜੋ ਲੜ ਰਹੇ
ਵੱਖਰਾ ਇੱਕ ਨਿਜ਼ਾਮ
ਮੈਂ ਉਹਨਾਂ ਲਈ ਬਣਾਉਣਾ ਚਾਹੁੰਦੀ ਹਾਂ

ਭੋਲੀ ਭਾਲੀ ਜਨਤਾ ਦੀ ਹਰ ਰੋਜ਼
ਲੁੱਟ ਖਸੁੱਟ ਹੈ ਜੋ ਹੋ ਰਹੀ
ਮੈਂ ਉਸਤੋਂ ਸਭ ਨੂੰ ਬਚਾਉਣ ਲਈ
ਇੱਕ ਹਥਿਆਰ ਬਣਾਉਣਾ ਚਾਹੁੰਦੀ ਹਾਂ
ਕੋਈ ਕਿਸੇ ਦੇ ਪੈਰ ਦੀ ਜੁੱਤੀ ਨਹੀਂ
ਇਹ ਸਭ ਸਭ ਨੂੰ ਸਮਝਾਉਣਾ ਚਾਹੁੰਦੀ ਹਾਂ

ਮੈਂ ਹਰ ਇਸ਼ਟ ਤੇ ਭਗਵਾਨ ਨੂੰ
ਸਿਰ ਝੁਕਾਉਂਣਾ ਚਾਹੁੰਦੀ ਹਾਂ

ਭਗਵਾਂਕਰਨ ਮੇਰੇ ਦੇਸ਼ ਦਾ
ਕਰਨੇ ਨੂੰ ਜੋ ਨੇ ਸੋਚ ਰਹੇ
ਮੈਂ ਇਸ ਤਰ੍ਹਾਂ ਦੀ ਸੋਚ ਦਾ
ਵਿਨਾਸ਼ ਕਰਨਾ ਚਾਹੁੰਦੀ ਹਾਂ
ਇਹ ਦੁਨੀਆਂ 'ਚ ਸਭ ਤੋਂ ਵੱਖਰਾ ਏ
ਮੈਂ ਇਸਦੇ ਇਤਿਹਾਸ ਨੂੰ
ਸਭ ਨੂੰ ਪੜ੍ਹਾਉਣਾ ਚਾਹੁੰਦੀ ਹਾਂ

ਮੈਂ ਪੁਰਾਣੀ ਇਸ ਦੀ ਸ਼ਾਨ ਨੂੰ
ਮੁੜ ਬਹਾਲ ਕਰਨਾ ਚਾਹੁੰਦੀ ਹਾਂ।
ਪੰਜਾਬ ਦੀ ਪੈਦਾਇਸ਼ ਹਾਂ
ਇੱਕ ਕਰਜ਼ ਚਕਾਉਣਾ ਚਾਹੁੰਦੀ ਹਾਂ।
✪

## ਪੁਕਾਰ

ਮੈਂ ਪੰਜਾਬੀ ਮਾਂ ਪੰਜਾਬ ਦੀ
ਮੇਰੀ ਰੂਹ ਪਈ ਕੁਰਲਾਂਵਦੀ
ਦੇਵੇ ਹੋਕਾ ਵਾਰ ਵਾਰ
ਕਿਸ ਜ਼ਾਲਮ ਵਿੱਚ ਪੰਜਾਬ ਦੇ
ਖੜ੍ਹੀ ਕਰਤੀ ਧਰਮਾਂ ਦੀ ਇਹ ਦੀਵਾਰ
ਕਦੇ ਸਾਝਾਂ ਚੁੱਲ੍ਹਾ ਹੁੰਦਾਂ ਸੀ
ਰਲ ਮਿਲ ਸਭ ਸੀ ਬੇਠਦੇ
ਮੇਰੇ ਘਰ ਵਿੱਚ ਮੇਰੇ ਬੱਚੜੇ
ਸਭ ਹਿੰਦੂ ਸਿੱਖ ਪਰਿਵਾਰ

ਹੁਣ ਮੇਰੀ ਇੰਨੀ ਬਦਤਰ
ਹਾਲਤ ਹੈ ਹੋ ਗਈ
ਮੈਂ ਰੋਜ਼ ਰੋਜ਼ ਹਾਂ ਰੋਂਵਦੀ
ਹਰ ਪਲ ਪਈ ਕੁਰਲਾਂਵਦੀ
ਆਪਣੇ ਪੁੱਤਾਂ ਦੇ ਹੱਥੋਂ ਹੀ ਹੋ ਰਹੀ
ਹਰ ਦਿਨ ਰਾਤ ਮੈਂ ਸ਼ਰਮਸਾਰ
ਮੈਂ ਹਰ ਹੀਲਾ ਹੈ ਵਰਤ ਲਿਆ
ਕਿਉਂ ਹੋਈ ਹਾਂ ਪੱਬਾਂ ਭਾਰ
ਮੈਨੂੰ ਮੇਰੇ ਬੱਚੇ ਹੀ ਥੱਲੇ ਲਾ ਰਹੇ
ਕੁੱਬੜੀ ਹੋ ਹੁਣ ਹਾਂ ਮੈਂ ਬੈਠ ਗਈ
ਆਖਿਰ ਗਈ ਹਾਂ ਵਕਤ ਤੋਂ ਹਾਰ

ਮੈਂ ਮਾਂ ਪੰਜਾਬੀ ਪੰਜਾਬ ਦੀ
ਮੇਰੀ ਰੂਹ ਪਈ ਕੁਰਲਾਂਵਦੀ
ਕਦੇ ਉਚੱਾ ਰੁੱਤਬਾ ਸੀ
ਮੇਰਾ ਇਸ ਯੱਗ ਤੇ
ਵੱਖਰੀ ਸੀ ਮੇਰੀ ਪਹਿਚਾਣ
ਮੈਂ ਬੁੱਲ੍ਹੇ ਸ਼ਾਹ ਦੇ ਦਿਲ ਦੀ ਧੜਕਣ

ਪੀਲੂ, ਦਮੋਦਰ, ਵਾਰਸ ਸ਼ਾਹ ਜਿਹੇ ਆਸ਼ਿਕਾਂ
ਉੱਚੀ ਕੀਤੀ ਸੀ ਮੇਰੀ ਸ਼ਾਨ

ਹੁਣ ਮੇਰੇ ਬੱਚੜੇ ਨੇ ਮੈਨੂੰ ਭੁੱਲ ਰਹੇ
ਕਈਆਂ ਨੇ ਤਾਂ ਖਾ ਕੇ ਹੀ ਪੰਜਾਂਬ ਦਾ
ਲਈਆਂ ਨੇ ਕਿੰਨੀਆਂ ਮੱਲਾਂ ਮਾਰ
ਕਈ ਉਦਾਂ ਹੀ ਆਕੜੇ ਫਿਰਦੇ
ਤੇ ਮਾਰਨ ਪਏ ਡਕਾਰ
ਕਈ ਖਾ ਕੇ ਹੀ ਪੰਜਾਬ ਦਾ
ਤੇ ਰਹਿ ਕੇ ਵਿੱਚ ਪੰਜਾਬ ਦੇ
ਮੈਨੂੰ ਹੀ ਨਹੀਂ ਦੇਣਾ ਚਾਂਹਵਦੇ
ਮੇਰੇ ਹਿੱਸੇ ਦਾ ਸਤਿਕਾਰ
ਉਹ ਖੋ ਕੇ ਬਹੁਤ ਖੁਸ਼ ਹੋ ਰਹੇ
ਮੇਰੇ ਸਾਰੇ ਅਧਿਕਾਰ
ਮੈਂ ਪੰਜਾਬੀ ਮਾਂ ਪੰਜਾਬ ਦੀ
ਮੇਰੀ ਰੂਹ ਪਈ ਕੁਰਲਾਂਵਦੀ

ਕਈ ਥੱਕ ਟੁੱਟ ਕੇ ਨੇ ਬੈਠ ਗਏ
ਕਈ ਰੋ ਰੋ ਕਰਨ ਅਜੇ ਵੀ ਪੁਕਾਰ
ਡੁੱਲ੍ਹੇ ਹੋਏ ਬੇਰਾਂ ਦਾ ਕੁੱਝ ਵੀ
ਅਜੇ ਨਾ ਵਿਗੜਿਆ
ਸੰਭਲ ਜਾਉ ਪੰਜਾਬੀਓ ਤੇ
ਲਉ ਵੇਲਾ ਸੰਭਾਲ

ਮੇਰੇ ਧੀਆਂ, ਪੁੱਤਰੋਂ ਪਿਆਰਿਉ
ਇੱਕ ਵਾਰ ਤਾਂ ਰਲ ਮਿਲ ਬੈਠ ਜਾਉ
ਤੇ ਲਉ ਆਪਣਾ ਫਰਜ਼ ਪਛਾਣ
ਜੋ ਪਹਿਲਾਂ ਹੋ ਗਿਆ ਭੁੱਲ ਜਾਉ
ਬਣ ਜਾਉ ਮੇਰਾ ਅਭਿਮਾਨ
ਪਿੱਛੇ ਲੱਗਕੇ ਧਰਮ ਦੇ ਠੇਕੇਦਾਰਾਂ ਦੇ

ਨਾਂ ਕਰੋ ਆਪਣੀ ਮਾਂ ਬੋਲੀ ਦਾ ਨੁਕਸਾਨ
ਮੈਂ ਪੰਜਾਬੀ ਮਾਂ ਪੰਜਾਬ ਦੀ
ਮੇਰੀ ਰੂਹ ਪਈ ਕੁਰਲਾਂਵਦੀ

ਹੁਣ ਉਠੱਣਾ ਪਉ ਪੰਜਾਬੀਉ
ਕੋਈ ਕਰੋ ਵਸੀਲਾ ਤਿਆਰ
ਤੁਸੀ ਸਾਰੇ ਹਿੰਦੂ ਸਿੱਖ ਹੋ ਪਿਆਰੇ
ਪੁੱਤਰ ਆਪਣੇ ਪੰਜਾਬ ਦੇ
ਛੱਡ ਦੇਵੋਂ ਪਾਉਣੀਆਂ ਵੰਡੀਆਂ
ਪੰਜਾਬੀ ਮਾਂ ਦੀ ਇਹ ਪੁਕਾਰ
ਮੈਂ ਪੰਜਾਬੀ ਮਾਂ ਪੰਜਾਬ ਦੀ
ਮੇਰੀ ਰੂਹ ਪਈ ਕੁਰਲਾਂਵਦੀ।
✪

## ਕੋਈ ਸ਼ਿਵ ਨੂੰ ਪੁੱਛਦਾ ਪਿਆ ਹੈ

ਅੱਜ ਪੁੱਛ ਰਿਹਾ ਹੈ ਕੋਈ ਸ਼ਿਵ ਨੂੰ
ਤੂੰ ਆਉਂਦਾ ਹੈ ਵਿੱਚ ਕਿਹੜੀ ਕਤਾਰ
ਇੱਕ ਹਿੰਦੂ ਮਾਂ ਦਾ ਤੂੰ ਜਾਇਆ ਸੀ
ਤੇ ਪੰਜਾਂਬੀਆ ਦਾ ਸੀ ਪਿਆਰ

ਅੱਜ ਤੇਰੀ ਭਾਸ਼ਾ ਪਈ ਹੈ ਰੁਲਦੀ
ਤੇਰੇ ਭਰਾ ਨਾਲ ਖੜ੍ਹਨ ਨੂੰ ਨਾਂ ਤਿਆਰ
ਤੂੰ ਕਿਸ ਤਰ੍ਹਾਂ ਪਿਆ ਹੋਉ ਦੇਖਦਾ
ਹੁੰਦਾ ਪਿਆ ਇਸਦਾ ਤ੍ਰਿਸਕਾਰ
ਤੇਰੀ ਰੂਹ ਪਈ ਹੋਉ ਕੁਰਲਾਂਵਦੀ
ਤੂੰ ਕਿਵੇਂ ਚੁੱਕਿਆ ਹੋਉ ਇਹ ਭਾਰ
ਅੱਜ ਪੁੱਛ ਰਿਹਾ ਹੈ ਕੋਈ ਸ਼ਿਵ ਨੂੰ

ਤੂੰ ਸੱਚਾ ਪੁੱਤ ਸੀ ਪੰਜਾਬ ਦਾ
ਜਿਸ ਕੀਤਾ ਸੀ ਪਿਆਰ ਪੰਜਾਬੀ ਨੂੰ
ਤੇ ਮਾਂ ਨੇ ਦਿੱਤਾ ਸੀ ਕਰਜ਼ ਉਤਾਰ
ਹਰ ਦਿਲ ਦੀ ਧੜਕਣ ਤੂੰ ਬਣਿਆ
ਤੈਨੂੰ ਕਿੰਨਾਂ ਮਿਲਿਆ ਹੈ ਸਤਿਕਾਰ
ਅੱਜ ਵੀ ਹਰ ਕੋਈ ਹੈ ਤੈਨੂੰ ਚਾਂਹਵਦਾ
ਕਰਦਾ ਦਿਲ ਤੇ ਰੂਹ ਤੋਂ ਪਿਆਰ
ਅੱਜ ਪੁੱਛ ਰਿਹਾ ਹੈ ਕੋਈ ਸ਼ਿਵ ਨੂੰ

ਜਿਸ ਧਰਤੀ ਤੇ ਤੂੰ ਸੀ ਜੰਮਿਆ ਤੇ ਖੇਡਿਆ
ਕੀਤਾ ਰੂਹ ਤੋਂ ਸੀ ਤੂੰ ਉਸਦਾ ਸਤਿਕਾਰ
ਗਲ਼ ਲਾ ਕੇ ਪੰਜਾਬੀ ਮਾਂ ਨੇ ਵੀ
ਤੈਨੂੰ ਦਿੱਤਾ ਹੈ ਦਿਲ ਤੋਂ ਪਿਆਰ

ਪੰਜਾਬੀਆਂ ਦੇ ਸਿਰ ਦਾ ਤਾਜ਼ ਤੂੰ
ਹੈ ਕਈਆਂ ਲਈ ਗ਼ਦਾਰ
ਅੱਜ ਪੁੱਛ ਰਿਹਾ ਹੈ ਕੋਈ ਸ਼ਿਵ ਨੂੰ

ਤੇਰੇ ਸੱਚੇ ਸੁੱਚੇ ਪਿਆਰ ਦੇ ਸਦਕੇ
ਪੰਜਾਬੀਆਂ ਨੂੰ ਹੈ ਤੇਰੇ ਤੇ ਮਾਣ
ਮਾਂ ਪੰਜਾਬੀ ਦੇ ਕਰਕੇ ਹੀ
ਤੇਰੀ ਜੱਗ ਤੇ ਹੈ ਅਲੱਗ ਪਹਿਚਾਣ
ਅੱਜ ਪੁੱਛ ਰਿਹਾ ਹੈ ਕੋਈ ਸ਼ਿਵ ਨੂੰ

ਅੱਜ ਮਾਂ ਪੰਜਾਬੀ ਰੁਲਦੀ ਦੇਖ ਕੇ
ਸ਼ਿਵ ਹੋਇਆ ਹੋਊ ਸ਼ਰਮਸਾਰ
ਵਿੱਚ ਕਬਰੀਂ ਉਸਦੀ ਰੂਹ ਨੇ
ਕਿਵੇਂ ਚੱਕਿਆ ਹੋਊ ਇਹ ਭਾਰ
ਆਪਣੇ ਭਰਾਂਵਾਂ ਨੂੰ ਲੜਦੇ ਦੇਖ ਕੇ
ਉਹ ਰੋਇਆ ਹੋਊ ਬੇਸ਼ੁਮਾਰ
ਅੱਜ ਪੁੱਛ ਰਿਹਾ ਹੈ ਕੋਈ ਸ਼ਿਵ ਨੂੰ

ਥੋੜ੍ਹੀ ਸ਼ਰਮ ਕਰੋ ਪੰਜਾਬੀਓ
ਉਸ ਕਰਕੇ ਹੀ ਇਕੱਠੇ ਹੋ ਜਾਊ
ਦੇ ਦੇਵੋ ਆਪਣੀ ਮਾਂ ਬੋਲੀ ਨੂੰ
ਉਸਦਾ ਆਪਣਾ ਬਣਦਾ ਅਧਿਕਾਰ
ਸ਼ਾਇਦ! ਵਿੱਚ ਕਬਰੀਂ ਸ਼ਿਵ ਦੀ ਰੂਹ ਤੋਂ
ਲੱਥ ਜਾਏਗਾ ਇੰਜ ਹੀ ਕੁੱਝ ਭਾਰ
ਕਿ ਸਭ ਗੁੱਸੇ ਗਿਲੇ ਭੁੱਲਕੇ
ਆਖਿਰ ਉਸਦੇ ਵੀਰ ਹੁਣ ਹੋ ਗਏ
ਨੇ ਨਾਲ ਖੜਣ ਨੂੰ ਤਿਆਰ
ਕਿਉਂਕਿ ਕੋਈ ਪੁੱਛ ਰਿਹਾ ਹੈ ਸ਼ਿਵ ਨੂੰ
ਉਹ ਆਉਂਦਾ ਹੈ ਵਿੱਚ ਕਿਹੜੀ ਕਤਾਰ।
✪

## ਸੁਣੋ ਸੁਣੋ

ਸੁਣੋ ਸੁਣੋ ਪੰਜਾਬੀਉ
ਤੁਸੀਂ ਕਹਿੰਦੇ ਹੋ
ਤੁਸੀਂ ਕਰਦੇ ਹੋ
ਸ਼ਿਵ ਬਟਾਲਵੀ ਨੂੰ
ਬਹੁਤ ਬਹੁਤ ਪਿਆਰ

ਤੁਸੀਂ ਸੱਚਮੁੱਚ ਹੀ ਹੋ
ਉਸਨੂੰ ਚਾਹਵਦੇਂ
ਜਾ ਕਰਦੇ ਹੋ ਝੂਠਾ ਹੀ ਪਿਆਰ

ਜੇ ਉਹ ਵੱਸਦਾ ਹੈ ਤੁਹਾਡੇ ਵਿੱਚ ਹੀ
ਤੇ ਕਰਦੇ ਹੋ ਦਿਲਾਂ ਤੋ ਸੱਚਾ
ਉਸਦਾ ਸਤਿਕਾਰ
ਕੀ ਥੋੜ੍ਹਾ ਜਿਹਾ ਵੀ ਹੋ ਜਾਣਦੇ
ਕਿੰਨਾਂ ਸੀ ਸ਼ਿਵ ਬਟਾਲਵੀ ਦਾ
ਮਾਂ ਪੰਜਾਬੀ ਨਾਲ ਪਿਆਰ

ਸ਼ਿਵ ਪੰਜਾਬੀ ਮਾਂ ਦਾ ਜਾਇਆ ਸੀ
ਜਿਸ ਆਪਣਾ ਫ਼ਰਜ਼ ਨਿਭਾਇਆ ਸੀ
ਮਾਂ ਪੰਜਾਬੀ ਦੇ ਦਿਲ ਦੀ ਉਹ ਧੜਕਣ
ਤੇ ਪੰਜਾਬ ਦਾ ਸੀ ਉਹ ਮਾਣ
ਜਿਸ ਉੱਚੀ ਰੱਖੀ ਜੱਗ ਵਿੱਚ
ਆਪਣੀ ਮਾਂ ਬੋਲੀ ਦੀ ਸ਼ਾਨ

ਜੇ ਉਸਦੇ ਰਸਤੇ ਤੇ
ਹਰ ਪੰਜਾਬੀ ਤੁਰ ਪਵੇ

ਕਰੇ ਆਪਣੀ ਮਾਂ ਬੋਲੀ ਦਾ ਸਤਿਕਾਰ
ਫਿਰ ਮਿਲ ਜਾਉ
ਆਪਣੇ ਆਪ ਹੀ ਆਪਣੇ ਘਰ ਵਿੱਚ
ਪੰਜਾਬੀ ਮਾਂ ਨੂੰ ਉਸਦਾ ਅਧਿਕਾਰ
ਸਮਝੋ ਉਸਦੇ ਪਿਆਰ ਨੂੰ
ਕਿੰਨਾਂ ਉੱਚਾ ਸੀ ਉਸਦਾ ਮਿਆਰ

ਸੰਭਲ ਜਾਉ ਪੰਜਾਬੀਉ
ਨਾਂ ਕਰੋ ਆਪਣੇ ਹੱਥੀਂ ਆਪ ਹੀ
ਆਪਣੀ ਮਾਂ ਬੋਲੀ ਦਾ ਤ੍ਰਿਸਕਾਰ
ਕਿਵੇਂ ਰੂਹ ਤੁਹਾਡੀ ਰੱਖੂ ਚੱਕ ਕੇ
ਇਸ ਬੇਕਦਰੀ ਦਾ ਭਾਰ
ਹੱਥ ਠੋਕਾ ਬਣ ਸਰਕਾਰਾਂ ਦਾ
ਨਾਂ ਖੋਵੋ ਮਾਂ ਪੰਜਾਬੀ ਤੋਂ
ਉਸਦੇ ਹਿੱਸੇ ਦਾ ਅਧਿਕਾਰ
ਥੋੜ੍ਹਾ ਤਾਂ ਸਿੱਖ ਲਵੋ ਸ਼ਿਵ ਤੋਂ
ਕਿਵੇਂ ਕਰਨਾ ਹੈ ਪਿਆਰ।
✪

## ਅੰਮ੍ਰਿਤਾ ਤੇ ਪ੍ਰੀਤਮ

ਉਹ ਤਾਂ
ਉਸਦੇ ਨਾਲ ਨਾਲ ਹੀ ਤੁਰਿਆ
ਪ੍ਰੀਤਮ ਨੂੰ
ਉਸਨੇ ਮਾਰਿਆ ਨਹੀਂ
ਉਹ ਵੀ ਉਸਦੇ ਨਾਲ ਨਾਲ
ਹੀ ਤੁਰਿਆ
ਅੰਮ੍ਰਿਤਾ ਦਾ ਪ੍ਰੀਤਮ ਬਣਕੇ

ਸ਼ਾਇਦ!
ਇਸ ਗਲ ਦਾ
ਅਹਿਸਾਸ ਸੀ ਉਸ ਨੂੰ
ਉਹ
ਉਸਦਾ ਦਿਲ ਨਹੀਂ ਦੁਖਾਉਣਾ
ਚਾਹੁੰਦੀ ਸੀ ਤੇ ਰਹਿ ਵੀ ਨਹੀਂ ਸੀ
ਸਕਦੀ ਉਸ ਨਾਲ
ਤੇ
ਛੱਡ ਵੀ ਨਹੀਂ ਸੀ ਸਕੀ ਉਸ ਨੂੰ
ਚੰਗੀ ਤਰ੍ਹਾਂ
ਇਸੇ ਲਈ ਤਮਾਮ ਉਮਰ
ਅੰਮ੍ਰਿਤਾ ਪ੍ਰੀਤਮ
ਹੀ ਬਣੀ ਰਹੀ

ਉਹ ਉਸਦਾ
ਜੀਵਨ ਸਾਥੀ ਜਰੂਰ ਬਣਿਆ
ਪਰ
ਰਾਜ਼ਦਾਰ ਨਹੀਂ

ਪਰ
ਰਾਜ਼ਦਾਰ ਨਹੀਂ
ਨਾਂ ਹੀ ਉਸਦਾ ਪਿਆਰ
ਪਰ
ਉਹ ਰੱਖਦੀ ਸੀ ਹੌਂਸਲਾਂ
ਉਸ ਨੂੰ ਇਹ ਸਭ ਕਹਿਣ ਦਾ
ਕਿ
ਉਹ ਉਸਨੂੰ ਜਿਉਣ ਦੇ ਦੇਵੇ
ਆਪਣੀ ਮਰਜ਼ੀ ਨਾਲ
ਤੇ
ਉਹ ਵੀ ਜੀਵੇ

ਇਸੇ ਲਈ ਸ਼ਾਇਦ
ਪ੍ਰੀਤਮ ਵੀ ਖਾਮੋਸ਼ ਰਿਹਾ
ਰਿਹਾ ਸਦਾ ਉਹ ਉਸਦੇ ਨਾਲ ਹੀ
ਉਸਦੀ ਪਹਿਚਾਣ ਬਣਕੇ
ਜਾਂ
ਅੰਮ੍ਰਿਤਾ ਹੀ ਉਸਦੀ ਪਹਿਚਾਣ ਬਣੀ
ਉਸਨੇ ਪ੍ਰੀਤਮ ਨੂੰ ਨਹੀਂ ਮਾਰਿਆ

ਸਗੋਂ
ਰੱਖਿਆ ਆਪਣੇ ਨਾਲ ਨਾਲ
ਉਸਨੂੰ ਆਪਣੀ ਪਹਿਚਾਣ ਬਣਾ
ਤੇ ਉਸਦੀ ਪਹਿਚਾਣ ਬਣ
ਇਸੇ ਲਈ ਤਾਂ
ਸ਼ਾਇਦ
ਪ੍ਰੀਤਮ ਦਾ ਨਾਮ
ਸਾਹਿਰ ਤੇ ਇਮਰੋਜ਼ ਤੋਂ ਵੀ ਪਹਿਲਾਂ
ਆਉਂਦਾ ਹੈ
ਅੰਮ੍ਰਿਤਾ ਦਾ ਪ੍ਰੀਤਮ
ਅੰਮ੍ਰਿਤਾ ਪ੍ਰੀਤਮ ਬਣਕੇ।
✪

## ਅੰਮ੍ਰਿਤਾ

ਮੈਂ ਉਸਦੇ
ਸ਼ਬਦਾਂ ਨੂੰ ਸਤਿਕਾਰ ਦਿੰਦੀ ਹਾਂ
ਦਿਲ ਖੋਲ੍ਹਕੇ ਸਾਰੇ ਦਾ ਸਾਰਾ
ਪਿਆਰ ਦਿੰਦੀ ਹਾਂ
ਪਰ
ਮੈਂ ਉਸ ਨਾਲ ਨਾਰਾਜ਼ ਹਾਂ
ਉਹ ਕਿਉਂ ਨਹੀ ਖੜ੍ਹੀ ਹੋਈ
ਕਿਉਂ ਨਹੀਂ ਬੋਲੀ
ਜਦੋਂ
ਦਿੱਲੀ ਜਲ ਰਹੀ ਸੀ

ਗ਼ਲਾਂ ਦੇ ਵਿੱਚ ਟਾਇਰ ਪਾ ਕੇ
ਮਨੁੱਖਤਾ ਕੋਹੀ ਗਈ
ਉਸਨੂੰ ਚਮਕਦੇ ਗਲਾਸਾਂ ਵਿੱਚ
ਛਲਕਦਾ ਜਾਮ ਤਾਂ ਦਿੱਸਿਆ
ਉਸਦੇ ਆਪਣੇ ਹੀ ਲੋਕਾਂ
ਦੀਆਂ ਅੱਖਾਂ ਵਿੱਚੋ ਛਲਕਦੇ
ਅੱਥਰੂਆਂ ਦੇ
ਜਾਮ ਨਾ ਨਜ਼ਰ ਆਏ
ਸ਼ਰਾਬ ਦੇ ਲਾਲ ਰੰਗਾਂ ਵਿੱਚ ਰੰਗੀ ਨੂੰ
ਉਸਦੇ ਸ਼ਹਿਰ ਵਿੱਚ ਜੋ
ਬੇਗੁਨਾਹਾਂ ਦੇ ਖ਼ੂਨ ਦੀਆਂ
ਲਾਲ ਰੰਗ ਦੀਆਂ ਜੋ ਵਗੀਆਂ
ਸੀ ਨਦੀਆਂ
ਉਹ ਨਜ਼ਰ ਨਾਂ ਆਈਆਂ
ਸਿਗਰਟਾਂ ਦੇ ਧੂੰਐਂ ਨੂੰ ਛੱਡਦੇ
ਉਸਦੇ ਲਬਾਂ ਨੂੰ

ਉਸਦੇ ਲਬਾਂ ਨੂੰ
ਉਸ ਰਾਤ ਜੋ ਜਲੀਆਂ ਲਾਸ਼ਾਂ
ਉਹਨਾ ਦਾ ਸੇਕ ਨਾਂ ਲੱਗਿਆ
ਗਲਾਂ ਚ ਪਏ ਟਾਇਰਾਂ ਦੇ ਨਾਲ
ਜਿਹਨਾਂ ਦੇ ਸਰੀਰਾਂ ਦਾ ਧੂੰਆਂ ਉੱਡਿਆ
ਕੀ ਉਹ ਧੂੰਆਂ
ਉਸ ਦੀਆਂ ਸਿਗਰਟਾਂ ਦੇ ਧੂੰਐਂ ਮੋਹਰੇ
ਫਿੱਕਾ ਪੈ ਗਿਆ

ਉਹ ਸ਼ਾਇਰਾ ਹੋ ਕੇ ਵੀ ਨਾਂ ਬੋਲੀ
ਉਸਦਾ ਦਿਲ ਇੱਕ ਪਲ ਵੀ ਨਾਂ
ਗਿਆ ਵਲੂੰਧਰਿਆ
ਬੇਸ਼ੱਕ ਉਹ ਖਾਸ ਸੀ
ਪਰ ਮੇਰੇ ਲਈ
ਉਸਦਾ ਖਾਸ ਹੋਣਾ ਕੀ
ਉਹ ਆਮ ਵੀ ਨਾਂ ਰਹੀ
ਕਿਉਂਕਿ
ਉਹ ਡਰ ਗਈ ਸੀ

ਉਹ ਰੁੱਤਬਾ
ਗੁਵਾਉਣਾ ਨਹੀਂ ਸੀ ਚਾਹੁੰਦੀ
ਕੀ ਉਸਦਾ ਰੁੱਤਬਾ ਮਨੁੱਖੀ ਹੱਕਾਂ ਤੋਂ
ਉੱਪਰ ਹੋ ਗਿਆ
ਕੀ ਉਸਨੂੰ ਨਹੀਂ ਲੱਗਿਆ ਹੋਵੇਗਾ
ਉਸ ਵਕਤ ਉਹ
ਵਾਰਸ ਸ਼ਾਹ ਦੀਆਂ ਨਜ਼ਰਾਂ 'ਚੋਂ ਵੀ
ਡਿੱਗ ਗਈ ਸੀ
ਵਾਰਿਸ ਨੂੰ ਉਸਦੀ ਕੀਤੀ ਪੁਕਾਰ
ਬੇਮਾਅਨਾ ਹੋ ਗਈ ਸੀ

ਉਹ ਪਿਆਰ ਦੇ
ਕਿਸ ਤਰ੍ਹਾਂ ਦੇ ਨਸ਼ੇ
ਵਿੱਚ ਸੀ

ਹੇਵਾਨੀਅਤ ਦੇ ਨੰਗੇ ਨਾਚ ਅੰਦਰ
ਕਈ ਘਰ ਜੋ
ਬਣ ਗਏ ਸੀ ਸ਼ਮਸ਼ਾਨ ਘਾਟ
ਉਸਨੂੰ ਨਜ਼ਰ ਨਾਂ ਆਏ
ਜਾਂ ਕਦੀ ਪਿਆਰ
ਮਿਲਿਆ ਹੀ ਨਹੀਂ ਸੀ ਉਸਨੂੰ
ਉਹ ਤਾਂ ਆਪ
ਟੁੱਟਿਆ ਹੋਇਆ ਦਿਲ
ਲੈ ਕੇ ਘੁੰਮ ਰਹੀ ਸੀ

ਇੰਨੀ ਟੁੱਟ ਚੁੱਕੀ ਸੀ
ਅੰਦਰੋਂ ਬਾਹਰੋਂ
ਖਾਮੌਸ਼ ਹੋ ਚੁੱਕੀ ਸੀ
ਉਹ ਮਨੁੱਖੀ
ਹੱਕਾਂ ਲਈ ਕਿਵੇਂ ਖੜ੍ਹਦੀ
ਉਸਦੀ ਖਾਮੋਸ਼ੀ
ਦਿੱਲੀ ਦੀਆਂ ਸੁੰਨਮਸਾਨ
ਗਲੀਆਂ ਦੇ ਵਿੱਚ
ਲਾਸ਼ਾਂ ਦੇ ਢੇਰਾਂ ਹੇਠ ਕਿਤੇ ਦੱਬ
ਗਈ ਸੀ
ਮੈਂ ਉਸਨੂੰ ਨਫ਼ਰਤ ਤਾਂ
ਕਦੇ ਵੀ ਨਹੀਂ ਕਰ ਸਕਦੀ
ਪਿਆਰ ਕਰਦੀ ਹਾਂ
ਪਰ ਪਿਆਰ ਕਰਕੇ ਵੀ ਪਿਆਰ
ਨਹੀਂ ਕਰਦੀ।
✪

## ਰੁੱਖ ਬਨਾਮ ਭੂਤਨੀ

ਰੁੱਖ ਛਾਂ ਦਿੰਦਾ ਹੈ
ਫ਼ਲ ਦਿੰਦਾ ਹੈ
ਜਲਦਾ ਵੀ ਹੈ
ਰੋਸ਼ਨੀ ਦਿੰਦਾ ਹੈ
ਅੰਗ ਅੰਗ ਕਟਾ ਕੇ ਆਪਣਾ
ਕਈ ਘਰਾਂ ਦੇ ਦਰਵਾਜ਼ੇ
ਖਿੜਕੀਆਂ ਤੇ ਛੱਤਾਂ
ਖੜ੍ਹੀਆਂ ਕਰਦਾ ਹੈ
ਫ਼ਲ ਨਾਂ ਵੀ ਦੇ ਸਕੇ
ਛਾਂ ਤਾਂ ਜਰੂਰ ਦਿੰਦਾ ਹੈ

ਇੰਨਾਂ
ਜ਼ਿਆਦਾ ਕੁੱਝ ਦੇਣ ਵਾਲਾ ਰੁੱਖ
ਧਰਤੀ
ਕਿਵੇਂ ਕੰਬਾ ਸਕਦਾ ਹੈ
ਹੈਵਾਨੀਅਤ ਕਿਵੈਂ ਫ਼ੈਲਾ ਸਕਦਾ ਹੈ
ਘਰਾਂ ਨੂੰ ਬਣਾਉਣ ਤੇ ਚਲਾਉਣ ਵਾਲਾ
ਕਿਵੇਂ ਉਜ਼ਾੜ ਸਕਦਾ ਹੈ
ਘਰਾਂ ਨੂੰ
ਉਹ ਕੋਈ ਰੁੱਖ ਨਹੀਂ ਸੀ
ਹੈਵਾਨੀਅਤ ਦੀ ਦੇਵੀ ਸੀ
ਜਿਸ ਕਰਕੇ ਪਰਲੋ
ਆਈ ਤੇ
ਲੱਖਾਂ ਹੀ ਘਰ ਉਜਾੜ ਗਈ

ਹੈਵਾਨੀਅਤ ਦੀ ਦੇਵੀ ਵੀ ਨਹੀ
ਉਹਤਾਂ ਕੋਈ ਭੂਤਨੀ ਸੀ
ਹੈਵਾਨੀਅਤ ਦੀ ਦੇਵੀ ਵੀ ਨਹੀਂ
ਉਹ ਤਾਂ ਕੋਈ ਭੂਤਨੀ ਸੀ
ਜੋ
ਭੂਤਾਂ ਵਾਲੇ ਦਿਨ
ਭੂਤਾਂ ਦੇ ਹੀ ਡੇਰੇ ਗਈ ਸੀ।
✪

## ਖੌਰੂ

ਉਹ ਕਹਿ ਰਹੇ ਨੇ ਕਿ
ਉਹ
ਸਾਡੇ ਘਰ ਵਿੱਚ ਬਾਹਰੋਂ
ਆ ਕੇ ਖੌਰੂ ਪਾਉਂਦੇਂ ਨੇ

ਇਹ ਸਭ ਉਹ ਆਪ ਕਿਉਂ
ਭੁੱਲ ਜਾਂਦੇ ਨੇ ਕਿ
ਆਪ ਉਹ
ਉਹਨਾਂ ਦੇ ਘਰ ਤੋੜਦੇ ਨੇ
ਪਰ
ਆਪਣੇ ਘਰ ਆਵਣ ਤੋਂ
ਰੋਕਦੇ ਨੇ

ਉਹਨਾਂ ਨੂੰ ਇਸ ਗੱਲ ਦਾ ਤਾਂ
ਪਤਾ ਹੀ ਨਹੀਂ ਹੈ ਕਿ
ਉਹਨਾਂ ਦੇ ਘਰ ਤਾਂ ਪਹਿਲਾ ਹੀ
ਟੁੱਟੇ ਹੋਏ ਨੇ
ਤਾਂਹੀਉਂ ਤਾਂ
ਕੋਈ ਨਾਂ ਕੋਈ
ਦਿਲ ਜਲਿਆ
ਕਿਸੇ ਨਾਂ ਕਿਸੇ ਤਰ੍ਹਾਂ
ਗੁੱਸਾ ਕੱਢਦਾ ਹੈ
ਕਦੀ ਚਰਚਾਂ ਵਿੱਚ
ਕਦੀ ਬਾਰਾਂ ਵਿੱਚ
ਕਦੀ ਥੀਏਟਰਾਂ ਵਿੱਚ
ਕਦੀ ਸ਼ਰ੍ਹੇਆਮ
ਸੜਕਾਂ ਤੇ

ਗੋਲੀਆਂ ਚਲਾ
ਤੇ ਕਦੀ
ਮਾਸੂਮਾਂ ਨੂੰ ਸਕੂਲਾਂ ਵਿੱਚ
ਗੋਲੀਆਂ ਨਾਲ ਭੁੰਨਕੇ

ਦੂਸਰਿਆਂ ਦੇ ਘਰਾਂ ਨੂੰ ਸੁਧਾਰਨ
ਤੋਂ ਪਹਿਲਾਂ
ਆਪਣੇ ਘਰਾਂ ਨੂੰ ਸੰਭਾਲ ਲਵੋ
ਕਿਤੇ
ਇਹ ਬਿਖ਼ਰ ਨਾਂ ਜਾਣ।
✪

## ਇਨਕਾਰ

ਇਹ ਚੋਰੀ ਮਿਲਣੇ ਨੂੰ
ਤੂੰ ਜੋ ਕਹਿੰਦਾ ਏਂ
ਤੈਨੂੰ ਚੋਰੀ ਮਿਲਣੇ ਤਾਂ
ਕਦੇ ਸੁਫ਼ਨੇ 'ਚ
ਵੀ ਨਾਂ ਆਵਾਂਗੀ
ਤੇਰੀ ਰੂਹ ਦਾ ਪਤਾ ਨਹੀਂ
ਪਰ ਆਪਣੀ ਰੂਹ ਤੇ ਮੈਂ
ਕਦੇ ਕੋਈ ਬੋਝ ਨਾਂ ਪਾਵਾਂਗੀ
ਤੈਨੂੰ ਚੋਰੀ ਮਿਲਣੇ ਨੂੰ
ਕਦੇ ਵੀ ਨਾਂ ਆਵਾਂਗੀ

ਇਹ ਚੋਰੀ ਮਿਲਣੇ ਨੂੰ
ਤੂੰ ਜੋ ਕਹਿੰਦਾ ਏਂ
ਕਿਸੇ ਨੂੰ ਧੋਖੇ ਵਿੱਚ ਰੱਖਕੇ
ਕਿਸੇ ਦਾ ਦਿਲ ਨਾ ਦੁਖਾਵਾਂਗੀ
ਨਾਂ ਆਪਣੀ ਨੀਂਦ ਗਵਾਵਾਂਗੀ
ਨਾਂ ਕਿਸੇ ਦੀ ਨੀਂਦ ਚੁਰਾਵਾਂਗੀ
ਤੇਰੇ ਸ਼ਬਦਾਂ ਵਿੱਚ ਆ ਕੇ
ਤੇਰੇ ਤੋਂ ਧੋਖਾ ਨਾਂ ਖਾਵਾਂਗੀ
ਤੈਨੂੰ ਚੋਰੀ ਮਿਲਣੇ ਨੂੰ
ਮੈਂ ਤਾਂ ਕਦੇ ਵੀ ਨਾਂ ਆਵਾਂਗੀ

ਇਹ ਚੋਰੀ ਮਿਲਣੇ ਨੂੰ
ਤੂੰ ਜੋ ਕਹਿੰਦਾਂ ਏਂ
ਜੇ ਕਿਤੇ ਭੁੱਲ ਭੁਲੇਖੇ ਮੈਂ
ਚੋਰੀ ਮਿਲਣੇ ਨੂੰ ਆ ਬੈਠੀ

ਖ਼ੁਦ ਦੀਆਂ ਨਜ਼ਰਾਂ ’ਚੋਂ ਡਿੱਗ ਕੇ
ਫਿਰ ਆਪਣੇ ਰੱਬ ਨੂੰ ਮੈਂ
ਕਿਵੇਂ ਸਿਰ ਝੁਕਾਵਾਂਗੀ
ਖ਼ੁਦ ਨੂੰ ਸੰਭਾਲ ਕੇ ਮੈਂ
ਤੈਨੂੰ ਵੀ ਸੰਭਾਲਾਂਗੀ
ਕਦੇ ਨਜਰਾਂ ’ਚ ਨਾਂ ਗਿਰਾਵਾਂਗੀ
ਉੱਚਾ ਹੀ ਉਠਾਵਾਂਗੀ
ਪਰ ਚੋਰੀ ਮਿਲਣੇ ਤਾਂ
ਮੈਂ ਕਦੀ ਨਾਂ ਆਵਾਂਗੀ

ਇਹ ਚੋਰੀ ਮਿਲਣੇ ਨੂੰ
ਤੂੰ ਜੋ ਕਹਿੰਦਾਂ ਏਂ

ਜਦ ਮਿਲਣ ਮੈਂ ਆਵਾਂਗੀ
ਸਭ ਨੂੰ ਦੱਸਕੇ ਆਵਾਂਗੀ
ਇੱਕ ਵਾਰ ਤਾਂ ਪੱਕਾ ਮੈਂ
ਤੈਨੂੰ ਮਿਲਣੇ ਨੂੰ ਆਵਾਂਗੀ
ਤੇਰੀਆਂ ਅੱਖਾਂ ਵਿੱਚ ਤੱਕਾਂਗੀ
ਤੇਰੀ ਰੂਹ ਨੂੰ ਪੜ੍ਹ ਲਵਾਂਗੀ
ਤੇਰੇ ਦਿਲ ਦਾ ਤੈਨੂੰ ਫਿਰ
ਹਾਲ ਮੈਂ ਦੱਸਾਂਗੀ
ਪਰ ਚੋਰੀ ਮਿਲਣੇ ਤਾਂ
ਮੈਂ ਕਦੀ ਨਾਂ ਆਵਾਂਗੀ

ਇਹ ਚੋਰੀ ਮਿਲਣੇ ਨੂੰ
ਤੂੰ ਜੋ ਕਹਿੰਦਾ ਏਂ

ਜੇ ਮਿਲਣਾ ਹੋਵੇਗਾ ਮੈਨੂੰ
ਸਾਹਮਣੇ ਆਉਣਾ ਪੈਣਾ ਤੈਨੂੰ
ਅੱਖੀਆਂ ਦੀਆਂ ਪੱਖੀਆਂ ’ਚ
ਤੇਰੇ ਦਿਲ ਨੂੰ ਮੈਂ ਪੜ੍ਹ ਲਵਾਂਗੀ
ਮੇਰੇ ਦਿਲ ਨੂੰ ਪੜ੍ਹਨਾ ਤੂੰ
ਮੈਂ ਸਿਰ ਨਾ ਝੁਕਾਵਾਂਗੀ

ਪਰ ਤੈਨੂੰ ਚੋਰੀ ਮਿਲਣੇ ਨੂੰ
ਮੈਂ ਕਦੇ ਵੀ ਨਾ ਆਵਾਂਗੀ

ਇਹ ਚੋਰੀ ਮਿਲਣੇ ਨੂੰ
ਤੂੰ ਜੋ ਕਹਿੰਦਾ ਏਂ
ਅਗਰ ਗਲਤ ਨਹੀਂ ਹਾਂ ਮੈਂ
ਫਿਰ ਕਿਉਂ ਖੁਦ ਨੂੰ ਛੁਪਾਵਾਂਗੀ
ਨਾ ਕੋਈ ਹੱਕ ਜਤਾਈਂ ਤੂੰ
ਨਾ ਤੇਰੇ ਤੇ ਕੋਈ
ਮੈਂ ਹੱਕ ਜਤਾਵਾਂਗੀ

ਮੈਂਨੂੰ ਮੁਆਫ਼ ਕਰ ਦੇਣਾ
ਮੈਂਨੂੰ ਮੁਆਫ਼ ਕਰ ਦੇਣਾ
ਇਸ ਤਰ੍ਹਾਂ ਤਾਂ ਮੈਂ ਤੈਨੂੰ
ਕਦੇ ਵੀ ਮਿਲਣ ਨਾਂ ਆਵਾਂਗੀ
ਤੇਰੀ ਰੂਹ ਦਾ ਪਤਾ ਨਹੀਂ
ਪਰ ਆਪਣੀ ਰੂਹ ਤੇ ਮੈਂ
ਕੋਈ ਬੋਝ ਨਾਂ ਪਾਵਾਂਗੀ
ਤੈਂਨੂੰ ਚੋਰੀ ਮਿਲਣੇ ਨੂੰ
ਕਦੇ ਵੀ ਨਾ ਆਵਾਂਗੀ।
✪

## ਮੇਰਾ ਮੁਰਸ਼ਦ

ਉਹ ਮੇਰਾ ਮੁਰਸ਼ਦ ਨਹੀਂ
ਜੋ ਚੋਰੀ ਰੱਖਦਾ ਏ
ਰੱਬ ਨੂੰ ਪਾਉਣੇ ਦਾ
ਜੋ ਰੌਲ਼ਾ ਪਾਉਂਦਾ ਏ
ਦੁੱਖ ਦੇ ਕੇ ਜੋ ਮੈਨੂੰ
ਮੇਰੇ ਤੇ ਹੱਸਦਾ ਏ
ਬਣ ਕੇ ਜੋ ਮੇਰਾ
ਗੈਰਾਂ ਨੂੰ ਵੀ ਤੱਕਦਾ ਏ
ਉਹ ਮੇਰਾ ਮੁਰਸ਼ਦ ਨਹੀਂ

ਉਹ ਭੁੱਲ ਭਲੱਈਆਂ ਏ
ਜੋ ਸਮਝ ਨਾ ਆਉਂਦਾ ਏ
ਕਿਸ ਕਿਸ ਤੇ ਪਤਾ ਨਹੀਂ
ਉਹ ਡੋਰੇ ਪਾਉਂਦਾ ਏ
ਦਿਲ ਕਿਸ ਕਿਸ ਦਾ ਠੱਗਕੇ
ਪਿਆ ਲਾਰੇ ਲਾਉਂਦਾ ਏ
ਉਹ ਮੇਰਾ ਮੁਰਸ਼ਦ ਨਹੀਂ
ਜੋ ਚੋਰੀ ਰੱਖਦਾ ਏ

ਦਿਲ ਤੋੜ ਦਿੰਦਾਂ ਏ
ਬੜਾ ਰੁਲਾਉਂਦਾ ਏ
ਜੋ ਦਿਲ ਵਿੱਚ ਹੈ ਵਸਦਾ
ਜਦ ਸਿਜਦੇ ਹੈ ਕਰਦਾ
ਮਨ ਨੂੰ ਉਹ ਭਾਉਂਦਾ ਏ
ਉਹ ਮੇਰਾ ਮੁਰਸ਼ਦ ਨਹੀਂ
ਜੋ ਚੋਰੀ ਰੱਖਦਾ ਏ

ਅੱਖੀਆਂ ਚੁਰਾ ਕੇ ਉਹ
ਦੂਰੋਂ ਹੀ ਤੱਕਦਾ ਏ
ਜਦ ਦੇਖਾਂ ਮੈਂ ਉਸ ਨੂੰ
ਨੀਵੀਂ ਜਿਹੀ ਪਾ ਲੈਂਦਾ
ਮਿੰਨ੍ਹਾ ਜਿਹਾ ਹੱਸਦਾ ਉਹ
ਬੜੇ ਨਖ਼ਰੇ ਕਰਦਾ ਏ
ਉਹ ਮੇਰਾ ਮੁਰਸ਼ਦ ਨਹੀਂ
ਜੋ ਚੋਰੀ ਰੱਖਦਾ ਏ

ਜੋ ਚੋਰੀ ਹੈ ਰੱਖਦਾ
ਰੱਬ ਦੇ ਨੇੜੇ ਤਾਂ ਉਹ
ਕਦੇ ਵੀ ਹੋ ਨਹੀਂ ਸਕਦਾ
ਜੋ ਸਭ ਨੂੰ ਧੋਖੇ ਵਿੱਚ ਰੱਖਕੇ
ਰੱਬ ਨੂੰ ਵੀ ਹੈ ਠੱਗਦਾ
ਤੇ ਖ਼ੁਦ ਨੂੰ ਵੀ ਹੈ ਠੱਗਦਾ
ਉਹ ਮੇਰਾ ਮੁਰਸ਼ਦ ਨਹੀਂ
ਜੋ ਚੋਰੀ ਰੱਖਦਾ ਏ
ਰੱਬ ਨੂੰ ਪਾਉਣੇ ਦਾ
ਜੋ ਰੌਲ਼ਾ ਪਾਉਂਦਾ ਏ
ਉਹ ਮੇਰਾ ਮੁਰਸ਼ਦ ਨਹੀਂ।
✪

## ਅਵੱਸਥਾ

ਫੁੱਲਾਂ ਨਾਲ ਦਿਲ ਪਰਚਾਉਣਾ
ਪੱਤਿਆਂ ਦੇ ਹਾਰ ਬਣਾਉਣਾ
ਰੁੱਖਾਂ ਨੂੰ ਪਾ ਗਲਵੱਕੜੀ
ਗੀਤਾਂ ਨੂੰ ਰੂਹ ਨਾਲ ਗਾਉਣਾ
ਸਭ ਦੇ ਨਹੀਂ ਹਿੱਸੇ ਆਉਂਦਾ

ਪਾਣੀ ਵਿੱਚ ਮੁੱਖੜਾ ਤੱਕਣਾ
ਮੁੱਖੜੇ ਨੂੰ ਤੱਕ ਕੇ ਹੱਸਣਾ
ਰੇਤਾ ਦਾ ਵਟਣਾ ਲਾਉਣਾ
ਲਾ ਕੇ ਫਿਰ ਮੂੰਹ ਨੂੰ ਧੋਣਾ
ਸਭ ਦੇ ਨਹੀਂ ਹਿੱਸੇ ਆਉਂਦਾ

ਉਸਦੇ ਚਿਹਰੇ ਨੂੰ ਪੜ੍ਹਣਾ
ਪੜ੍ਹਕੇ ਫਿਰ ਦਿਲ ਵਿੱਚ ਰੱਖਣਾ
ਤੱਕਕੇ ਫਿਰ ਖ਼ੁਦ ਨੂੰ ਪੜ੍ਹਨਾ
ਸਭ ਨੂੰ ਝਾਉਲਾ ਜਿਹਾ ਪਾਉਣਾ
ਸਭ ਦੇ ਨਹੀਂ ਹਿੱਸੇ ਆਉਂਦਾ

ਮਿੱਟੀ ਦਾ ਮਿੱਟੀ ਨੂੰ ਚੱਖਣਾ
ਹਵਾਵਾਂ ਨਾਲ ਉਡੱਦੇ ਫਿਰਨਾ
ਬੱਦਲਾਂ ਨੂੰ ਬੁੱਕਲ ਵਿੱਚ ਲੈ ਕੇ
ਧਰਤੀ ਦੇ ਗੇੜੇ ਲਾਉਣਾ
ਸਭ ਦੇ ਨਹੀਂ ਹਿੱਸੇ ਆਉਂਦਾ

ਚੰਦ ਦਾ ਚਾਕੌਰ ਨੂੰ ਚਾਹੁਣਾ
ਚਾਹ ਕੇ ਫਿਰ ਮਿਹਣੇ ਦੇਣਾ

ਚੰਦ ਦਾ ਚਕੋਰ ਨੂੰ ਚਾਹੁਣਾ
ਚਾਹ ਕੇ ਫਿਰ ਮਿਹਣੇ ਦੇਣਾ
ਕੰਡਿਆਂ ਨੂੰ ਗਲ ਨਾਲ ਲਾ ਕੇ
ਫੁੱਲਾਂ ਦੀ ਝਾਂਜਰ ਪਾਉਣਾ
ਸਭ ਦੇ ਨਹੀਂ ਹਿੱਸੇ ਆਉਂਦਾ

ਫੁੱਲਾਂ ਨਾਲ ਕਰਨੀਆਂ ਗੱਲਾਂ
ਆਪੇ ਹੱਸਣਾ ਤੇ ਰੋਣਾ
ਕੰਡਿਆਂ ਨੂੰ ਦੁੱਖ ਸੁਣਾ ਕੇ
ਪੱਤਿਆਂ ਦੇ ਗਲ ਲਗ ਰੋਣਾ
ਸਭ ਦੇ ਨਹੀਂ ਹਿੱਸੇ ਆਉਂਦਾਂ

ਸੂਰਜ਼ ਦਾ ਮੱਥਾ ਚੁੰਮਕੇ
ਕਿਰਨਾਂ ਨੂੰ ਹੱਥਾਂ ਵਿੱਚ ਫੜ੍ਹਕੇ
ਹੱਥਾਂ 'ਚੋਂ ਉਸਨੂੰ ਤੱਕਕੇ
ਹੱਸ ਹੱਸ ਕੇ ਕਰਨੀਆਂ ਗੱਲਾਂ
ਪਾਣੀ ਨੂੰ ਪਾਣੀ ਦੇਣਾ
ਸਭ ਦੇ ਨਹੀਂ ਹਿੱਸੇ ਆਉਂਦਾ

ਫੁੱਲਾਂ ਨਾਲ ਗੱਲਾਂ ਕਰਕੇ
ਕੰਡਿਆਂ ਨੂੰ ਪਿਆਰ ਜਤਾਕੇ
ਸੀਨੇ 'ਚ ਦੁੱਖ ਛੁਪਾਕੇ
ਆਪੇ ਹੱਸਣਾ ਤੇ ਰੋਣਾ
ਸਭ ਦੇ ਨਹੀਂ ਹਿੱਸੇ ਆਉਂਦਾ।
✪

## ਬੁੱਲੇ ਸ਼ਾਹ ਨੂੰ

ਬੁੱਲਿਆ ਹਰ ਕੋਈ ਤੈਂਨੂੰ ਚਾਹਵੇ
ਤੇਰੇ ਵਰਗਾ ਬਣਨਾ ਚਾਹਵੇ
ਪਰ ਤੇਰੇ ਰਸਤੇ ਕੋਈ ਨਾਂ ਜਾਵੇ
ਮੇਰੇ ਤੂੰ ਸੁਫ਼ਨੇ ਵਿੱਚ ਆਵੇਂ

ਤੇਰਾ ਰਸਤਾ ਬੜਾ ਹੈ ਔਖਾ
ਇਸ ਦੁਨੀਆਂ ਵਿੱਚ ਥਾਂ ਥਾਂ ਤੇ ਧੋਖਾ
ਇੱਕ ਦਾ ਹੋਣਾ ਨਹੀਂ ਹੈ ਸੌਖਾ
ਤੂੰ ਸਭ ਨੂੰ ਇਹ ਸਮਝਾਉਣਾ ਚਾਹਵੇਂ
ਮੇਰੇ ਤਾਂ ਤੂੰ ਸੁਫ਼ਨੇ ਵਿੱਚ ਆਵੇਂ

ਰੋਂਦਿਆਂ ਨਾਲ ਕੋਈ ਕਦੇ ਨਾਂ ਖੜ੍ਹਿਆ
ਹੱਸਦੇ ਨਾਲ ਹੀ ਹੱਸਣਾ ਚਾਹਵੇ
ਤੂੰ ਸਭ ਨੂੰ ਇਹ ਗਲ ਸੁਣਾਵੇਂ
ਗੱਲ ਤੇਰੀ ਕੋਈ ਸੁਨਣਾ ਨਾਂ ਚਾਹਵੇ
ਬੁੱਲਾ ਬਣਨਾ ਹਰ ਕੋਈ ਚਾਹਵੇ
ਮੇਰੇ ਤੂੰ ਸੁਫ਼ਨੇ ਵਿੱਚ ਆਵੇਂ

ਬੁੱਲਿਆ ਤੇਰਾ ਰਸਤਾ ਸੀ ਵੱਖਰਾ
ਤੇਰਾ ਤਾਂ ਸੀ ਇਸ਼ਕ ਰੂਹਾਨੀ
ਅੱਖਾਂ ’ਚ ਸੀ ਨੂਰ ਨੂਰਾਨੀ
ਸ਼ਾਹ ਇਨਾਇਤ ਤੇਰਾ ਦਿਲ ਜਾਨੀ
ਉਸ ਮੋਹਰੇ ਤੂੰ ਅੜ ਜਾਦਾਂ ਸੀ
ਹੱਸ ਹੱਸ ਕੇ ਗਾਲਾਂ ਖਾਂਦਾ ਸੀ

ਉਸ ਮੋਹਰੇ ਤੂੰ ਅੜ ਜਾਂਦਾ ਸੀ
ਹੱਸ ਹੱਸ ਕੇ ਗਾਲਾਂ ਖਾਂਦਾ ਸੀ
ਬਾਰ ਬਾਰ ਤੈਨੂੰ ਠੁਕਰਾਵੇ
ਤੂੰ ਉਸ ਦੇ ਹੀ ਦਰਵਾਜ਼ੇ ਨੂੰ
ਰੂਹ ਆਪਣੀ ਨਾਲ ਪਿਆ ਖੜਕਾਵੇਂ
ਮੇਰੇ ਤੂੰ ਸੁਫ਼ਨੇ ਵਿੱਚ ਆਵੇਂ

ਬੁੱਲੇ ਸ਼ਾਹ ਤੂੰ ਫੈਨਜ਼ ਨਾਂ ਲੱਭੇ
ਸਾਰੀ ਦੁਨੀਂਆਂ ਸਿਜਦਾ ਹੈ ਕਰਦੀ
ਇਸ਼ਕ ਤੇਰਾ ਸੀ ਸ਼ਾਹ ਇਨਾਇਤ
ਅੱਖ ਹੋਰ ਕਿਸੇ ਦੇ ਨਾਲ ਨਾਂ ਲਾਈ
ਤੇਰੀ ਉਸਦੀ ਰੂਹ ਇੱਕ ਹੀ ਸੀ
ਰੂਹ ਨੂੰ ਹੋਰ ਕਿਸੇ ਨਾਲ ਵੰਡਿਆ ਨਾਂ ਜਾਵੇ
ਇਹ ਤਾਂ ਸੀ ਇੱਕ ਇਸ਼ਕ ਰੂਹਾਨੀ
ਸਭਨਾਂ ਦੇ ਹਿੱਸੇ ਨਾਂ ਆਵੇ
ਮੇਰੇ ਤਾਂ ਤੂੰ ਸੁਫ਼ਨੇ ਵਿੱਚ ਆਵੇਂ

ਚੁੱਪ ਚੁਪੀਤੇ ਤੁਰਿਆ ਬੁੱਲਾ
ਮੁਰਸ਼ਦ ਦੇ ਦਿਲ ਨੂੰ ਪਿਆ ਭਾਵੇ
ਉਸਦੇ ਦਿਲ ਨੂੰ ਇੱਕ ਚਾਅ ਸੀ ਚੜ੍ਹਿਆ
ਇਸ਼ਕ ਦਾ ਰਾਹ ਜਦ ਉਸਨੇ ਸੀ ਫੜਿਆ
ਕਿਸੇ ਤੋਂ ਵੀ ਫਿਰ ਨਾਂ ਉਹ ਡਰਿਆ
ਅੱਗੇ ਅੱਗੇ ਤੁਰਦਾ ਸੀ ਮੁਰਸ਼ਦ
ਪਿੱਛੇ ਬੁੱਲਾ ਤੁਰਦਾ ਜਾਵੇ
ਬੇਸ਼ੱਕ ਮੁਰਸ਼ਦ ਪੱਥਰ ਮਾਰੇ
ਉਹ ਉਸਦਾ ਹੀ ਹੁੰਦਾ ਜਾਵੇ
ਮੇਰੇ ਤਾਂ ਉਹ ਸੁਫ਼ਨੇ ਵਿੱਚ ਆਵੇ

ਬੁੱਲਿਆ ਇਸ਼ਕ ਦਾ
ਰਸਤਾ ਬੜਾ ਹੈ ਔਖਾ
ਤੇਰੇ ਵਰਗਾ ਬਣਨਾ ਨਹੀਂ ਸੋਖਾ
ਕੋਈ ਨਹੀਂ ਜੋ ਵਾਂਗਰ ਤੇਰੇ

ਇਸ਼ਕ ਨੂੰ ਸਾਂਹਾਂ ਤੱਕ ਨਿਭਾਵੇ
ਰੂਹ ਦੇ ਰਾਹੀਂ ਗਲ ਕਰੇ ਜੋ
ਰੂਹ ਦੇ ਨਾਲ ਹੀ ਸੋਵੇ ਜਾਗੇ
ਰੂਹ ਦੇ ਨਾਲ ਹੀ ਖਾਵੇ ਪੀਵੇ
ਮੇਰੇ ਤੂੰ ਸੁਫ਼ਨੇ ਵਿੱਚ ਆਵੇਂ

ਬੁੱਲਿਆ ਇਹ ਇਬਾਦਤ ਕਰਨੀ

ਏਨੀ ਵੀ ਕੋਈ ਨਹੀਂ ਹੈ ਸੌਖੀ
ਹਾਰੀ-ਸਾਰੀ ਦਾ ਇਹ ਕੰਮ ਨਹੀਂ ਹੈ
ਜੋ ਆਪਣੇ ਲਈ ਫੈਨਜ਼ ਨੇ ਲੱਭਦੇ
ਜੋ ਸ਼ਬਦਾਂ ਦੇ ਨਾਲ ਨੇ ਠੱਗਦੇ
ਤੇਰੇ ਵਰਗੇ ਉਹ ਨਹੀਂ ਹੋ ਸਕਦੇ
ਤੇਰੇ ਵਰਗੇ ਉਹ ਕਿੰਝ ਹੋ ਸਕਦੇ
ਬੇਸ਼ੱਕ ਹਰ ਕੋਈ ਤੈਨੂੰ ਚਾਹਵੇ
ਤੇਰੇ ਵਰਗਾ ਬਣਨਾ ਚਾਹਵੇ
ਮੇਰੇ ਤਾਂ ਤੂੰ ਸੁਫ਼ਨੇ ਵਿੱਚ ਆਵੇਂ
ਮੇਰੇ ਤੂੰ ਸੁਫ਼ਨੇ ਵਿੱਚ ਆਵੇਂ।
✪

## ਬੁੱਲੇ ਸ਼ਾਹ ਨੂੰ

ਬੁੱਲਿਆ ਤੇਰੇ ਕਲਾਮ ਨੂੰ ਮੈਂ ਸਿਰ ਝੁਕਾਵਾਂ
ਵਿੱਚ ਤੇਰੀ ਮਜ਼ਾਰ ਦੇ ਪੈ ਜਾਣਾ ਚਾਹਵਾਂ
ਤੇਰੀ ਛਾਤੀ ਸਿਰ ਰੱਖਕੇ ਸੋ ਜਾਣਾ ਚਾਹਵਾਂ
ਜਨਮਾਂ ਦੀ ਭਟਕਣ ਮੁੱਕ ਜਾਏ
ਰੂਹ ਦਾ ਸਫ਼ਰ ਮੁਕਾਉਣਾ ਚਾਹਵਾਂ

ਬੁੱਲਿਆ ਤੇਰੇ ਕਲਾਮ ਨੂੰ ਮੈਂ ਸਿਰ ਝੁਕਾਵਾਂ
ਤੇਰੀ ਗੋਦੀ ਸਿਰ ਰੱਖਕੇ ਮਰ ਜਾਣਾ ਚਾਹਵਾਂ
ਤੂੰ ਰੁੱਸੇ ਬੇਸ਼ੱਕ ਸੌ ਵਾਰੀ
ਤੈਨੂੰ ਸੌ ਸੌ ਵਾਰ ਮਨਾਵਾਂ
ਤੇਰੇ ਦਿਲ ਦੀ ਗਲ ਸੁਣਾ ਮੈਂ
ਆਪਣੇ ਦੀ ਤੈਨੂੰ ਮੈਂ ਸੁਣਾਵਾਂ
ਬੁੱਲਿਆ ਤੇਰੇ ਕਲਾਮ ਨੂੰ ਮੈਂ ਸਿਰ ਝੁਕਾਵਾਂ

ਬੇਠਕੇ ਤੇਰੀ ਚੌਖਟ ਤੇ ਮੈਂ
ਤੇਰੇ ਹੀ ਗੀਤਾਂ ਨੂੰ ਗਾਵਾਂ
ਇਸ ਜੱਗ ਦਾ ਕੋਈ ਡਰ ਨਾਂ ਹੋਵੇ
ਤੇਰੀ ਹੀ ਹੋ ਜਾਣਾ ਚਾਹਵਾਂ
ਕਬਰ ਤੇਰੀ ਦਾ ਖੁੱਲ੍ਹ ਜਾਏ
ਬੂਹਾ ਇੱਕ ਵਾਰੀ
ਤੇਰੀ ਖਾਤਿਰ ਹੱਸ ਹੱਸ ਕੇ
ਮਰ ਜਾਣਾ ਚਾਹਵਾਂ
ਬੁੱਲਿਆ ਤੇਰੇ ਕਲਾਮ ਨੂੰ ਮੈਂ ਸਿਰ ਝੁਕਾਵਾਂ
ਵਿੱਚ ਤੇਰੀ ਮਜ਼ਾਰ ਦੇ ਪੈ ਜਾਣਾ ਚਾਹਵਾਂ

ਕਬਰਾਂ ਦੇ ਵਿੱਚ ਇਕੱਠੇ ਬਹਿਕੇ
ਮੇਰੇ ਲਈ ਕੋਈ ਸਾਜ਼ ਛੇੜੇਂ ਤੂੰ
ਤੇਰੇ ਲਈ ਇੱਕ ਗੀਤ ਲਿਖਾਂ ਮੈਂ
ਤੇਰੀ ਰੂਹ ਦੀ ਪ੍ਰੀਤ ਬਣਾ ਮੈਂ
ਆਪਣੀ ਰੂਹ ਦਾ ਰਾਜ਼ ਸੁਣਾਵਾਂ
ਹੁਣ ਇਹ ਸਫ਼ਰ ਮੁਕਾਉਣਾ ਚਾਹਵਾਂ
ਬੁੱਲਿਆ ਤੇਰੇ ਕਲਾਮ ਨੂੰ ਮੈਂ ਸਿਰ ਝੁਕਾਵਾਂ।

✪

## ਮੀਰਾ

ਮੀਰਾ ਬਣਨਾ ਬੜਾ ਹੈ ਔਖਾ
ਘਰ ਬਾਰ ਸਭ ਛੱਡਣੇ ਹੈ ਪੈਂਦੇ
ਦੁੱਖ ਤੇ ਦਰਦ ਹੰਢਾਉਂਣੇ ਪੈਂਦੇ
ਗਿਰਧਰ ਦੇ ਘਰ ਜਾਵਣ ਦੇ ਲਈ
ਪੈਰੀ ਛਾਲੇ ਪਾਉਣੇ ਪੈਂਦੇ।

ਮੀਰਾ ਬਣਨਾ ਬੜਾ ਹੈ ਔਖਾ
ਸਾਰੀ ਦੁਨੀਆ ਥੂ-ਥੂ ਕਰਦੀ
ਜਗਤ ਤਮਾਸ਼ੇ ਦੇ ਵਿੱਚ ਆ ਕੇ
ਤਾਹਨੇ ਮਿਹਣੇ ਜ਼ਰਨੇ ਪੈਂਦੇ
ਰੂਹ ਦਾ ਸਾਥ ਨਿਭਾਵਣ ਦੇ ਲਈ
ਪੱਥਰ ਵੀ ਹੈ ਖਾਣੇ ਪੈਂਦੇ।

ਮੀਰਾ ਬਣਨਾ ਬੜਾ ਹੈ ਔਖਾ
ਫਿਰ ਅੱਖੀਆਂ ਨੂੰ ਕੋਈ ਹੋਰ ਨਾਂ ਜੱਚਦਾ
ਉਸਦਾ ਹੀ ਹੋ ਕੇ ਰਹਿਣਾ ਹੈ ਪੈਂਦੇ
ਜੰਗਲਾਂ ਵਿੱਚ ਜੇ ਪੈ ਜਾਏ ਜਾਣਾ
ਇਕੱਲੇ ਹੀ ਪੈਂਡੇ ਤਹਿ ਕਰਨੇ ਪੈਂਦੇ

ਮੀਰਾ ਬਣਨਾ ਬੜਾ ਹੈ ਔਖਾ
ਘਰ ਬਾਰ ਸਭ ਛੱਡਣੇ ਹੈ ਪੈਂਦੇ
ਸ਼ਕਲੋਂ ਬੇਸ਼ਕਲ ਹੈ ਹੋਣਾ ਪੈਂਦਾ
ਪਾਟੇ ਲੀੜੇ ਵੀ ਪਾਉਣੇ ਹੈ ਪੈਂਦੇ
ਤੁਰਦਾ ਨਾਲ ਕੋਈ ਆਪਣਾ ਨਾਂ
ਖੁਦ ਹੀ ਪੰਧ ਮੁਕਾਉਣਾ ਹੈ ਪੈਂਦੇ

ਮੀਰਾ ਬਣਨਾ ਬੜਾ ਹੈ ਔਖਾ
ਘਰ ਬਾਰ ਸਭ ਛੱਡਣੇ ਹੈ ਪੈਂਦੇ
ਜ਼ਹਿਰ ਪਿਆਲੇ ਆਪਣਿਆ ਹੱਥੋਂ
ਅੰਮ੍ਰਿਤ ਸਮਝ ਕੇ ਪੀਣੇ ਹੈ ਪੈਂਦੇ
ਉਸਦੀ ਰਜ਼ਾ 'ਚ ਰਾਜ਼ੀ ਰਹਿ ਕੇ
ਹੱਸ ਹੱਸ ਦਰਦ ਹੰਢਾਂਉਣੇ ਪੈਂਦੇ।
ਮੀਰਾ ਬਨਣਾ ਬੜਾ ਹੈ ਔਖਾ।

✪

## ਦਰਦ

ਕੌਮ ਮੇਰੀ ਤੇ ਜ਼ੁਲਮ ਸੀ ਹੋਇਆ
ਦਿਲ ਮੇਰਾ ਤਾਂ ਬਹੁਤ ਸੀ ਰੋਇਆ
ਪਰ ਮੇਰੇ ਤੋਂ ਕੁੱਝ ਨਾਂ ਹੋਇਆ
ਕਿੰਨੇ ਘਰ ਉਜ਼ਾੜ ਦਿੱਤੇ ਸੀ
ਜਿਉਂਦੇ ਜੀ ਕਈ ਸਾੜ੍ਹ ਦਿੱਤੇ ਸੀ
ਗਲੀਆਂ ਦੇ ਵਿੱਚ ਇਜ਼ਤਾਂ ਸੀ ਲੁੱਟੀਆਂ
ਸੜਕਾਂ ਤੇ ਲਾਸ਼ਾਂ ਸੀ ਸੁੱਟੀਆਂ

ਕੌਮ ਮੇਰੀ ਤੇ ਜਦ ਜ਼ੁਲਮ ਸੀ ਹੋਇਆ
ਪਰ ਮੇਰੇ ਤੋਂ ਕੁੱਝ ਨਾਂ ਹੋਇਆ
ਅਣਗਿਣਤ ਕਈ ਮਾਰ ਮੁਕਾਏ
ਗਲਾਂ 'ਚ ਬਲਦੇ ਟਾਇਰ ਸੀ ਪਾਏ
ਜ਼ਿਉਂਦੇ ਜੀ ਸੀ ਗਏ ਜਲਾਏ
ਪੁੱਤਰ ਘਰ ਵਾਪਸ ਨਾਂ ਆਏ
ਖਾਲੀ ਹੋ ਗਏ ਸੀ ਕਈ ਵਿਹੜੇ
ਗਲੀਆਂ ਹੋ ਗਈਆਂ ਸੀ ਸੁੰਨੀਆਂ
ਮਾਵਾਂ ਰੋ ਰੋ ਹੋਈਆਂ ਅੰਨੀਆਂ
ਕਈ ਲਾਵਾਰਸ ਲਾਸ਼ਾਂ ਸੀ ਬਣ ਗਏ
ਵਾਪਸ ਮੁੜ ਉਹ ਘਰ ਨਾਂ ਆਏ
ਦਿਲ ਤਾਂ ਮੇਰਾ ਬਹੁਤ ਸੀ ਰੋਇਆ
ਕੌਮ ਮੇਰੀ ਤੇ ਜਦ ਜ਼ੁਲਮ ਸੀ ਹੋਇਆ

ਇੰਨੇ ਭੇੜੇ ਜ਼ੁਲਮ ਸੀ ਕੀਤੇ
ਅੰਦਰੋਂ ਬਾਹਰ ਨਾਂ ਆਵਣ ਦਿੱਤੇ
ਬਹੁਤੇ ਅੱਲਿਆਂ ਜ਼ਖਮਾਂ ਨਾਲ ਨੇ ਫਿਰਦੇ
ਅਜੇ ਤੱਕ ਵੀ ਉਹ ਜ਼ਖਮ ਗਏ ਨਾਂ ਸੀਤੇ

ਕਿਉਂ ਐਸਾ ਇਹ ਜ਼ੁਲਮ ਸੀ ਹੋਇਆ
ਮਾਸੂਮਾਂ ਨੂੰ ਵੀ ਗਿਆ ਸੀ ਕੋਹਿਆ
ਪੱਥਰ ਦੇ ਸੀ ਦੁਸ਼ਮਣ ਦੇ ਸੀਨੇ
ਉਸਦੇ ਦਿਲ ਤੇ ਕੋਈ ਅਸਰ ਨਾਂ ਹੋਇਆ
ਦਿਲ ਮੇਰਾ ਤਾਂ ਬਹੁਤ ਸੀ ਰੋਇਆ
ਕੌਮ ਮੇਰੀ ਤੇ ਜਦ ਜ਼ੁਲਮ ਸੀ ਹੋਇਆ
ਪਰ ਮੇਰੇ ਤੋਂ ਕੁੱਝ ਵੀ ਨਾਂ ਹੋਇਆਂ।

## ਰਾਵਣ

ਮੈਂ ਤਾਂ ਮਰ ਕੇ ਵੀ ਨਾਂ ਮਰਿਆ
ਅੱਜ ਤੱਕ ਸਾੜੀ ਜਾਂਦੇਂ ਨੇ
ਅੰਦਰੋਂ ਕਿੰਨਾਂ ਪਏ ਨੇ ਡਰਦੇ
ਬਾਹਰੋਂ ਖੁਸ਼ੀ ਮਨਾਉਂਦੇ ਨੇ

ਮੈਂ ਤਾਂ ਮਰ ਕੇ ਵੀ ਨਾਂ ਮਰਿਆ
ਹਰ ਸਾਲ ਦੁਸਹਿਰੇ ਮੌਂਕੇ
ਮੇਰੀ ਯਾਦ ਮਨਾਉਂਦੇ ਨੇ
ਕਿੰਨੀ ਮਿਹਨਤ ਕਰਦੇ ਨੇ
ਕਿੰਨੀ ਰੂਹ ਦੇ ਨਾਲ ਫਿਰ ਮੇਰਾ
ਪੁਤਲਾ ਉਹ ਬਣਾਉਂਦੇ ਨੇ

ਮੈਂ ਤਾਂ ਮਰ ਕੇ ਵੀ ਨਾਂ ਮਰਿਆ
ਲੱਖਾਂ ਹੀ ਪੈਸੇ ਖਰਚਣ
ਬੇਸ਼ੱਕ ਮੈਨੂੰ ਜਲਾ ਦਿੰਦੇ ਨੇ
ਯਾਦ ਤਾਂ ਮੇਰੀ ਮਨਾਉਂਦੇ ਨੇ
ਕਿੰਨੇ ਲੋਕੀਂ ਸਾਲਾਂ ਸਦੀਆਂ ਤੋਂ
ਹੁਣ ਤੱਕ ਮੈਨੂੰ ਦੇਖਣ ਆਉਂਦੇ ਨੇ

ਮੈਂ ਤਾਂ ਮਰ ਕੇ ਵੀ ਜਿੱਤਿਆ ਹਾਂ
ਇਹ ਅਹਿਸਾਸ ਦਿਲਾਉਂਦੇ ਨੇ
ਮੇਰੇ ਨਾਂ ਤੋਂ ਥਰ ਥਰ ਕੰਬਦੇ
ਤਾਹੀਂਉਂ ਤਾਂ ਜਲਾਉਂਦੇ ਨੇ
ਮੈਂ ਤਾਂ ਖੁਸ਼ ਹਾਂ
ਮੈਂ ਤਾਂ ਖੁਸ਼ ਹਾਂ
ਸਦੀਆਂ ਤੋਂ ਮੇਰੀ ਮਹਿਮਾ

ਕਿੰਨੀ ਸੋਹਣੀ ਗਾਉਂਦੇ ਨੇ
ਮੈਂ ਤਾਂ ਮਰ ਕੇ ਵੀ ਨਾਂ ਮਰਿਆ
ਮੈਂ ਤਾਂ ਮਰ ਕੇ ਵੀ ਜਿੱਤਿਆ ਹਾਂ।
✪

## ਸਵਾਲ

ਕੀ ਮਿਲਿਆ ਸੀ ਸੀਤਾ ਤੈਨੂੰ
ਜਾ ਕੇ ਰਾਮ ਦੇ ਪਾਸ
ਬਦਨਾਮੀ ਦਾ
ਮੈਂ ਵੀ ਸੀ ਇੱਕ ਬੋਝ ਉਠਾਇਆ

ਬੇਸ਼ੱਕ
ਅੱਜ ਮੈਂ ਖੁਸ਼ ਹਾਂ ਹੋਇਆ
ਤੇਰੇ ਲਈ ਵੀ ਦਿਲ ਹੈ ਰੋਇਆ
ਇਹ ਤੇਰੇ ਨਾਲ ਕੀ ਹੈ ਹੋਇਆ
ਇੱਕ ਧੋਬੀ ਦੀ ਗੱਲ ਵਿੱਚ ਆ ਕੇ
ਤੇਰੇ ਤੇ ਯਕੀਂਨ ਨਾਂ ਆਇਆ
ਮਹਿਲਾਂ ਵਿੱਚੋਂ ਗਿਆ ਕਢਾਇਆ

ਸ਼ਾਇਦ
ਮੇਰੇ ਪਾਸ ਜੇ ਤੂੰ ਰਹਿੰਦੀ
ਇਹ ਸਭ ਦੁੱਖ ਕਦੀ ਨਾਂ ਸਹਿੰਦੀ
ਮੈਂ ਤਾਂ ਆਪਣੇ ਦਿਲ ਦਾ ਇਹ
ਹਾਲ ਸੁਣਾਇਆ
ਅੱਗ ਦੇ ਵਿੱਚ ਤੈਨੂੰ ਬਿਠਾਕੇ
ਉਸਨੂੰ ਫਿਰ ਵੀ ਚੈਨ
ਨਾਂ ਆਇਆ
ਤੇਰੇ ਤੇ ਗਿਆ ਜ਼ੁਲਮ ਕਮਾਇਆ
ਮੈਨੂੰ ਕਾਹਦਾ ਸੀ ਹਰਾਇਆ
ਮੈਂ ਤਾਂ ਹਾਰ
ਕੇ ਵੀ ਜਿੱਤਿਆ ਹਾਂ

ਲੋਕਾਂ ਤੋਂ ਤੂੰ ਗਾਲਾਂ ਖਾ ਕੇ
ਰਾਮ ਲਈ ਆਪਣਾ ਧਰਮ ਨਿਭਾਕੇ
ਕੀ ਖੱਟਿਆ ਸੀ ਸਭ ਗਵਾਕੇ
ਲੋਕਾਂ ਦੇ ਪਿੱਛੇ ਲੱਗਕੇ
ਤੈਨੂੰ ਅਗਨੀ ਵਿੱਚ ਬਿਠਾਕੇ
ਫਿਰ ਵੀ ਰਾਮ ਤੇਰਾ ਨਾਂ ਹੋਇਆ
ਕਾਹਦਾ ਉਹ ਧਰਮੀ ਸੀ ਹੋਇਆ
ਜਦ ਤੂੰ ਆਪਣਾ ਘਰ ਗਵਾਇਆ
ਉਸ ਸਮੇਂ ਹਨੂੰਮਾਨ ਵੀ ਨਾਂ ਆਇਆ
ਇਹ ਤੇਰੇ ਨਾਲ ਕੀ ਸੀ ਹੋਇਆ
ਤੇ ਕਾਹਤੋਂ ਹੋਇਆ

ਘਰੋਂ ਬੇਘਰ ਤੂੰ ਹੋ ਗਈ ਸੀ
ਰਾਮ ਦੇ ਮੂਹਰੇ ਕੋਈ ਨਾਂ ਅੜਿਆ
ਤੇਰੇ ਲਈ ਤਾਂ ਕੋਈ ਨਾਂ ਸੀ ਖੜ੍ਹਿਆ
ਤੇਰੇ ਉੱਪਰ ਕੀ ਬੀਤੀ ਸੀ
ਕਿਸੇ ਵੀ ਤੇਰਾ ਮਨ ਨਾਂ ਪੜ੍ਹਿਆ

ਮੈਂ ਤਾਂ ਇੱਕ ਬਦਲਾ ਲਿਆ ਸੀ
ਇਸ ਲਈ ਤੈਨੂੰ ਸੀ ਉਠਾਇਆ
ਮੈਲ਼ੀ ਨਜ਼ਰ ਨਾਲ ਕਦੇ ਨਾਂ ਤੱਕਿਆ
ਤੇਰੇ ਲਈ ਇੱਕ ਮਹਿਲ ਬਨਾ ਮੈਂ
ਅਸ਼ੋਕ ਬਾਟਿਕਾ ਵਿੱਚ ਸੀ ਰੱਖਿਆ
ਜਦ ਤੱਕ ਤੂੰ ਮੈਨੂੰ ਆਪ ਨਾਂ ਕਹਿੰਦੀ
ਕਦੇ ਵੀ ਤੈਨੂੰ ਮੈਂ ਹੱਥ ਨਾਂ ਲਾਇਆ
ਮੈਂ ਵੀ ਬਹੁਤ ਦੁਖੀ ਸੀ ਹੋਇਆ
ਤੇਰੇ ਨਾਲ ਜਦ ਇਹ ਸਭ ਹੋਇਆ
ਕੀ ਮਿਲਿਆ ਸੀ ਸੀਤਾ
ਤੈਨੂੰ
ਜਾ ਕੇ ਰਾਮ ਦੇ ਪਾਸ।
✪

## ਨਿਯਮ

ਉਹ ਚਾਹੁੰਦੇ ਨੇ ਕਿ ਨਿਯਮਾਂ ਅੰਦਰ
ਹੀ ਲਿਖਿਆ ਜਾਵੇ
ਕੀ
ਸੋਚਣ ਦੇ ਵੀ ਨਿਯਮ
ਹੁੰਦੇ ਨੇ

ਤਰੰਗਾਂ ਵੀ ਉੱਠਦੀਆਂ ਨੇ
ਨਿਯਮਾਂ ਦੇ ਅੰਦਰ ਕਦੀ
ਜਵਾਰਭਾਟਿਆਂ
ਵਲਵਲਿਆਂ ਦੇ ਵੀ ਕਦੇ
ਨਿਯਮ ਹੁੰਦੇ ਨੇ

ਭੂਝਾਲ ਕਦੇ ਦਸ ਕੇ
ਵੀ ਆਂਉਂਦਾ ਹੈ
ਜਦ
ਆਖਿਰ ਹੋ ਜਾਂਦੀ ਹੇ
ਤਾਂ
ਉੱਠ ਪੈਂਦੇ ਨੇ ਬਿਨਾਂ ਦੱਸੇ
ਅਚਾਨਕ ਹੀ ਅਣਦੱਸੇ

ਜਦ ਆਉਂਦਾ ਹੈ
ਭੂਚਾਲ
ਫਿਰ
ਧਰਤੀ ਕੰਬ ਉੱਠਦੀ ਹੈ
ਤੇ
ਨਿਯਮਾਂ ਵਾਲੇ
ਫਿਰ ਬਚਣ ਦੇ ਲਈ ਥਾਵਾਂ
ਲੱਭਦੇ ਨੇ।
✪

## ਕਰੋਨਾ

ਇਨਸਾਨ ਤਾਂ ਪਹਿਲਾ ਹੀ ਕੈਦ ਸੀ
ਹਰ ਚੀਜ਼ ਨੂੰ ਫੜਨ ਦੀ
ਕੋਸ਼ਿਸ ਵਿੱਚ
ਕੈਦ ਸੀ
ਸੌੜੀਆ ਤੰਗ ਸੋਚਾਂ
ਧਾਰਮਿਕ ਨੀਤੀਆਂ
ਰਾਜਨੀਤਿਕ ਸਾਜਿਸ਼ਾਂ ਦੇ ਵਿੱਚ
ਪਰ ਕਰੋਨਾ
ਤੂੰ
ਹੋਰ ਕੇਦ ਕਰ ਦਿੱਤਾ

ਭੁੱਖਮਰੀ ਦੀ ਕੇਦ
ਵਧਾ ਦਿੱਤੀ
ਲੁੱਟ ਖੋਹ ਪਾ ਦਿੱਤੀ
ਮੈਨੂੰ ਨਹੀਂ ਲੱਗਦਾ
ਕਿ
ਹੁਣ ਉਹ
ਪਹਿਲਾਂ ਤੋਂ ਜ਼ਿਆਦਾ
ਚੰਗਾ ਹੋ ਜਾਵੇਗਾ ਤੇ ਬਦਲ
ਜਾਵੇਗਾ
ਜੋ ਪਹਿਲਾ ਹੀ ਕੈਦ ਹੋਵੇ
ਤੇ ਉਸਦੀ ਕੈਦ ਹੋਰ ਵੱਧ ਜਾਵੇ
ਫਿਰ
ਗੁੱਸਾ ਤਾਂ ਫਟੇਗਾ ਹੀ
ਤੂੰ ਬਹੁਤ ਕੁੱਝ
ਗਲਤ
ਹੋਵਣ ਦਾ ਕਾਰਨ ਵੀ ਬਣਿਆ।
✪

## ਕਰੋਨਾ ਦੀ ਆੜ ਵਿੱਚ

ਜੋ ਲੋਕ ਥੋੜ੍ਹੇ ਚਿਰ ਦੇ ਲਈ
ਆਪਣਾ ਸਿਰ
ਉਠਾਉਣ ਦੇ ਕਾਬਿਲ ਹੋਏ
ਕਰੋਨਾ
ਤੇਰੀ
ਆੜ ਵਿੱਚ ਫਿਰ ਉਹਨਾਂ ਦੇ
ਸਿਰ ਝੁਕਾ ਦਿੱਤੇ ਗਏ
ਕਰੋਨਾ
ਤਾਂ ਕਿ
ਉਹ ਤੇਰੇ ਡਰ ਦੇ ਸਦਕੇ
ਘਰ ਤੋਂ ਨਾਂ ਬਾਹਰ

ਕਿਤੇ ਵੀ ਨਿਕਲ ਸਕਣ
ਕਿਉਂਕਿ
ਹੁਣ ਕਰੋਨਾ
ਉਹਨਾਂ ਦੇ ਦਿਲਾਂ ਵਿੱਚ ਨਹੀਂ
ਦਿਮਾਗਾਂ ਵਿੱਚ ਬਿਠਾ ਦਿੱਤਾ
ਗਿਆ ਸੀ
ਤੇ
ਉਹ ਅੰਦਰੋਂ ਅੰਦਰੀ
ਮਰ ਗਏ
ਬਿਨਾਂ ਕੁੱਝ ਕੀਤੇ ਕਰਾਏ
ਕਿਤੇ
ਉਹਨਾਂ ਦੇ ਸਰੀਰਾਂ ਦੀ ਵੀ
ਮੌਤ ਨਾਂ ਹੋ ਜਾਏ

ਕਿਉਂਕਿ
ਉਹਨਾਂ ਦੀਆਂ ਜ਼ਮੀਰਾਂ ਤਾਂ ਪਹਿਲਾਂ ਹੀ
ਉਹਨਾਂ ਪਾਸ ਨਹੀਂ ਸਨ।
✪

### ਬਦ

ਕਰੋਨਾ ਸੜਕਾਂ ਤੇ ਤਾਂ ਉਹੀ
ਤੁਰੇ ਸਨ
ਜੋ
ਪਹਿਲਾਂ ਵੀ ਸੜਕਾਂ ਤੇ ਹੀ
ਸੌਂਦੇ ਸੀ

ਮਹਿਲਾਂ ਵਾਲੇ ਤਾਂ ਪਹਿਲਾਂ ਵੀ
ਕੈਦ ਸਨ ਮਹਿਲਾਂ ਵਿੱਚ
ਕਾਰਾਂ ਵਿੱਚ
ਤੇਰੇ ਤੋਂ ਬਚਣੇ ਲਈ ਉਹਨਾਂ
ਕੋਹਾਟ ਵਰਗੇ ਆਲੀਸ਼ਾਨ ਬੰਕਰ
ਬਣਾ ਲਏ ਸਨ
ਇਹ ਕਿਸ ਤਰ੍ਹਾਂ ਦੀ ਕੈਦ
ਉਹਨਾਂ ਦਾ ਤਾਂ
ਕੈਦ ਖ਼ਾਨਾ ਵੀ ਸੀ ਵਹਿਸ਼ਤ
ਵਹਿਸ਼ਤ ਨੂੰ ਤੇਰੇ ਨਾਲ ਕੀ

ਜ਼ਹਾਲਤ, ਬਦਅਮਨੀ ਤਾਂ
ਪਹਿਲਾਂ ਵੀ
ਮਿਹਨਤਕਸ਼ਾਂ ਨੂੰ ਹੀ ਮਿਲੀ
ਭੁੱਖ, ਬੇਰੁਜ਼ਗਾਰੀ ਦੀ ਭੱਠੀ ਦੇ ਵਿੱਚ
ਉਹ ਹੀ ਹਮੇਸ਼ਾਂ ਤਪੇ ਭੁੱਜੇ ਹੋਏ
ਦਾਣਿਆਂ ਵਾਂਗਰ
ਨਿੰਬੂ ਵਾਂਗਰ ਨਿਚੋੜੇ ਗਏ ਅਹਿਸਾਸ
ਉਹਨਾਂ ਦੇ ਹਮੇਸ਼ਾ

ਹੁਣ ਤੂੰ ਵੀ ਆ ਕੇ ਉਹਨਾਂ ਦੇ
ਸੁਫ਼ਨਿਆਂ ਨੂੰ
ਬਾਂਸ ਤੇ ਲੱਗੇ ਹੋਏ ਘੁਣ
ਵਾਂਗ ਖਾਧਾ

ਤੇਰੇ ਕਰਕੇ ਵੀ
ਕਈਆਂ ਨੇ
ਮੌਤ 'ਚੋਂ ਅਜ਼ਾਦੀ ਭਾਲੀ
ਤੇ ਕਈ
ਕਾਤਿਲ ਬਣ ਗਏ
ਕਰੋਨਾ
ਤੂੰ ਕੀ ਦਿਖਾਇਆ
ਕੁੱਝ ਵੀ ਨਾਂ
ਬਸ
ਬਦ ਨੂੰ ਬਦਤਰ ਕੀਤਾ।
✪

## ਕਰੋਨਾ ਲਈ

ਕਰੋਨਾ
ਤੂੰ ਕਿਸ ਤਰ੍ਹਾਂ
ਇਨਸਾਨ ਨੂੰ ਉਸਦੀ ਥਾਂ
ਦਿਖਾ ਦਿੱਤੀ
ਥੋੜ੍ਹੇ ਸਮੇਂ ਲਈ
ਤੁਰਦੇ ਫਿਰਦੇ ਲੋਕਾਂ ਨੂੰ
ਘਰਾਂ ਵਿੱਚ ਹੀ
ਅੰਦਰੋਂ ਅੰਦਰੀ ਕੈਦ
ਕਰ ਦੇਣਾ ਵੀ
ਕੋਈ
ਥਾਂ ਦਿਖਾਉਣਾ ਹੁੰਦਾ ਹੈ

ਇਹ ਕਿਸ ਤਰ੍ਹਾਂ ਦੀ ਕੈਦ ਸੀ
ਅਜੀਬੋ ਗਰੀਬ
ਇਨਸਾਨ ਤਾਂ ਪਹਿਲਾਂ ਤੋਂ ਹੀ
ਕੈਦ ਸੀ
ਆਪਣੀ ਦਕਿਆਨੂਸੀ ਸੋਚ ਵਿੱਚ
ਅਰਾਜ਼ਕਤਾ
ਖ਼ੁਦਗਰਜ਼ੀ ਵਿੱਚ

ਉਹ
ਕੈਦ ਸੀ
ਸੜ੍ਹੀਆਂ ਤੇ ਸੌੜੀਆ ਸੋਚਾਂ
ਧਾਰਮਿਕ ਨੀਤੀਆਂ
ਰਾਜ਼ਨੀਤਿਕ ਸ਼ਾਜਿਸਾਂ ਵਿੱਚ

ਪਰ
ਕਰੋਨਾ
ਤੂੰ ਤਾਂ ਉਸਨੂੰ ਹੋਰ
ਕੈਦ ਕਰ ਦਿੱਤਾ ਤੇ
ਵਧਾ ਦਿੱਤੀ
ਭੁੱਖਮਰੀ ਦੀ ਕੈਦ
ਲੁੱਟ ਖੋਹ
ਵੀਰਾਨ ਦਿਲਾਂ ਨੂੰ ਹੋਰ
ਓਦਾਸਮਈ ਕਰ ਦਿੱਤਾ
ਉਹ ਪਿਆਰ ਦੀ ਕੈਦ
ਵਿੱਚ ਨਹੀਂ
ਨਫ਼ਰਤ ਦੀ ਜ਼ੇਲ ਵਿੱਚ ਕੈਦ
ਹੋ ਗਿਆ ਸੀ

ਚਾਰ ਦੀਵਾਰੀ 'ਚ ਜ਼ਰੂਰ ਬਿਠਾਇਆ
ਅੰਦਰ ਤਾਂ ਜ਼ਰੂਰ ਕੇਦ ਕੀਤਾ
ਪਰ
ਮਨਾਂ ਦੀ ਕੈਦ
ਪਹਿਲਾਂ ਤੋਂ ਵੀ ਬਦਤਰ ਹੋ ਗਈ
ਉਹ
ਆਪਣੇ ਆਪ ਵਿੱਚ
ਕੈਦ ਹੋਇਆ
ਜ਼ਲਾਵਤਨ ਹੋਇਆ ਆਪਣਿਆਂ ਹੀ
ਖ਼ਿਆਲਾਂ ਤੋਂ
ਖੁਦਕੁਸ਼ੀਆਂ ਵੱਲ ਨੂੰ
ਤੁਰ ਪਿਆ

ਕੀ
ਤੈਨੂੰ ਲੱਗਦਾ ਹੈ
ਹੁਣ ਉਹ
ਪਹਿਲਾਂ ਤੋਂ ਬਦਲੇਗਾ
ਜੋ

ਪਹਿਲਾਂ ਹੀ ਕੈਦ ਹੋਵੇ
ਉਸਦੀ ਕੈਦ ਹੋਰ ਵੱਧ ਜਾਵੇ
ਫਿਰ
ਗੁੱਸਾ ਤਾਂ ਵਧੇਗਾ ਹੀ
ਨਫਰਤ ਨਾਲ ਭਰਿਆ ਹੋਇਆ ਉਹ
ਇੱਕ ਹਾਬੜੇ ਹੋਏ ਦੈਂਤ ਵਾਂਗ
ਨਿੱਖਰਕੇ ਬਾਹਰ
ਨਿੱਕਲਿਆ
ਤੇ ਬਹੁਤ ਕੁੱਝ ਗਲਤ
ਹੋਣ ਦਾ ਕਾਰਨ
ਬਣਿਆ।
✪

# ਮੈਂ ਕਰੋਨਾ ਹਾਂ

ਮੈਂ ਕਰੋਨਾ ਹਾਂ
ਬੇਸ਼ੱਕ
ਡਰਾਵਣਾ ਲੱਗਦਾ ਹੇ
ਸਭ ਨੂੰ
ਮੇਰਾ ਛੁਪਿਆ ਚਿਹਰਾ
ਇਸ ਲਈ ਲੋਕ
ਹੁਣ
ਜਦ ਖੜ੍ਹਦੇ ਨੇ
ਅੰਦਰੋਂ ਅੰਦਰੀ ਡਰਦੇ ਨੇ ਉਹ
ਕਿਤੇ
ਮੈਂ ਇਸ ਤੋਂ ਉਸ ਨੂੰ
ਉਸ ਤੋਂ ਇਸ ਨੂੰ
ਨਾਂ
ਹੋ ਜਾਵਾਂ

ਮੈਂ
ਕਰੋਨਾ ਹਾਂ
ਪਰ ਉਹ ਮੇਰੇ ਨਾਲੋਂ ਵੱਧ
ਮੇਰੇ ਨਾਂ ਤੋਂ ਡਰ ਰਹੇ ਨੇ
ਸਿਰਫ਼ ਉਹ
ਭੋਲੇ ਭਾਲੇ ਲੋਕ
ਪਰ
ਸ਼ੈਤਾਨ ਤਾਂ ਅੱਜ ਵੀ ਮੇਰੇ ਨਾਮ ਤੇ
ਆਪਣੇ ਹੀ ਘਰਾਂ ਤੇ ਖਾਤਿਆਂ ਨੂੰ
ਭਰ ਰਹੇ ਨੇ

ਮੈਂ ਹੁਣ
ਭੈਅਭੀਤ ਹੋਏ ਲੋਕਾਂ ਨੂੰ
ਕਹਿ ਰਿਹਾ ਹਾਂ
ਉੱਠੋ
ਮੇਰਾ ਤਾਂ ਨਾਮ ਕਰੋਨਾ ਹੀ
ਸੰਬੋਧਿਤ ਕਰਦਾ ਹੈ

ਕੁੱਝ ਵੀ ਨਾਂ ਕਰੋ
ਤੇ ਕੁੱਝ ਕਰੋ ਨਾ

ਪਰ
ਨਾਂ ਕਰੋ ਉਹ ਸਭ
ਜੋ ਵਾਜ਼ਿਬ ਨਹੀਂ ਹੈ
ਖਿਲਾਫ਼ ਹੈ
ਮਨੁੱਖਤਾ ਦੇ ਤੇ ਇਸ ਬ੍ਰਹਿਮੰਡ ਦੇ

ਪਰ
ਉਹ ਸਭ ਜਰੂਰ ਕਰੋ
ਜੋ ਕਰਨ ਲਈ ਹੋਏ ਹੋ ਪੈਦਾ
ਮੇਰਾਂ ਨਾਮ ਕਰੋਨਾ ਹੈ
ਮੈਨੂੰ
ਚੰਗੀ ਤਰ੍ਹਾਂ ਸਮਝੋ
ਮੈਂ ਕਰੋਨਾ
ਆਪ ਤੁਹਾਨੂੰ ਕੁੱਝ ਕਰਨ ਲਈ
ਕਹਿ ਰਿਹਾ ਹਾਂ
ਨਹੀਂ ਤਾਂ
ਇਹਨਾਂ ਨੇ ਮੇਰੇ ਨਾਮ ਤੇ
ਤੁਹਾਨੂੰ
ਮੁਰਦੇ ਘੋਸ਼ਿਤ ਕਰਕੇ
ਤੁਹਾਡੇ ਅੰਗਾਂ ਦਾ
ਵਿਉਪਾਰ ਕਰਨਾ ਹੈ ਤੇ ਤੁਹਾਡੀ
ਹੋਂਦ ਖਤਮ ਕਰਨੀ ਹੈ

ਹੁਣ
ਤੁਹਾਨੂੰ ਆਪਣੇ ਆਪ ਕਰਨਾ ਪਵੇਗਾ
ਕੁੱਝ ਕੁ
ਸ਼ਾਜ਼ਿਸਾਂ ਦਾ ਪਰਦਾਫ਼ਾਸ਼
ਸਿਰ ਉਠਾ ਕੇ ਕਰੋ
ਤੁਸੀਂ ਪੰਜਾਬੀ ਹੋ
ਤੇ ਪੰਜ਼ਾਬੀ ਕਦੇ ਡਰੇ ਨਹੀਂ
ਉੱਠੋ

ਕਰੋ ਕੁੱਝ
ਗਲਤ ਨਾਂ ਕਰੋ ਕੁੱਛ ਵੀ
ਪਰ ਡਰੋ ਵੀ ਨਾਂ
ਜਾਗੋ
ਆਪਣੇ ਹੱਕਾਂ ਲਈ ਤੇ
ਆਪਣੀ ਹੋਂਦ ਬਚਾਉਣ ਲਈ
ਉਹ ਸਭ ਕਰੋ ਜੋ
ਤੁਸੀਂ ਕਰ ਸਕਦੇ ਹੋ
ਮੈਂ
ਕਰੋਨਾ ਕਹਿ ਰਿਹਾ ਹਾਂ
ਉੱਠੋ
ਕੁੱਝ ਕਰੋ ਨਾ
ਕੁੱਝ ਕਰੋ ਕੁੱਝ ਕਰੋ।
✪

## ਕਰੋਨਾ ਤੇ ਰੱਬ

ਕਦੋਂ ਦਾ ਰੱਬ ਤਾਂ ਦੇਖ ਰਿਹਾ ਸੀ
ਦੇਖ ਦੇਖ ਕੇ ਥੱਕ ਗਿਆ ਸੀ
ਮਨੁੱਖਤਾ ਦੇ ਅਡੰਬਰਾਂ ਨੂੰ
ਕਿਸ ਤਰ੍ਹਾਂ ਉਸਦੀ ਆਪਣੀ
ਕੀਤੀ ਹੋਈ ਰਚਨਾ
ਉਸਨੂੰ ਹੀ
ਖਤਮ
ਕਰਨ ਤੇ ਲੱਗੀ ਪਈ ਸੀ

ਉਹ ਵਾਰ ਵਾਰ ਆ ਕੇ
ਕਹਿ ਕਹਿਕੇ
ਥੱਕ ਗਿਆ ਸੀ
ਨਾਂ ਕਰੋ ਨਾਂ ਕਰੋ ਨਾਂ ਕਰੋ
ਡਰੋ ਥੋੜ੍ਹਾ ਜਿਹਾ ਤਾਂ ਡਰੋ
ਮੇਰੇ ਤੇ ਕਰ ਲਵੋ
ਥੋੜ੍ਹਾ ਜਿਹਾ ਤਰਸ
ਪਰ ਨਹੀਂ
ਕੌਣ ਸੁਣਦਾ ਹੈ ਤੇ ਕਿਸੇ
ਨਾਂ ਉਸਨੂੰ ਸੁਣਿਆ

ਫਿਰ ਉਸਨੂੰ
ਕਰੋਨਾ ਬਣ ਬਹੁੜਨਾ ਪਿਆ
ਤੇ ਚੁੱਪ ਕਰਾਉਣੀ ਪਈ
ਇੱਕ ਵਾਰੀ
ਇਹ ਸਾਰੀ ਦੁਨੀਆਂ
ਤੇ ਹਰ ਕਿਸੇ ਨੂੰ

ਖੂੰਜੇ ਲਾਉਣਾ ਪਿਆ
ਕਿਉਂਕਿ
ਉਹ ਥੱਕ ਗਿਆ ਸੀ ਕਰਕੇ
ਤਰਲੇ ਮਿੰਨਤਾਂ
ਆਖਿਰ
ਕਰੋਨਾ ਬਣ ਬਹੁੜਨਾ ਪਿਆ।
✪

## ਇੱਛਾ

ਉਹ ਜੋ
ਆਪਣੇ ਘਰਾਂ ਨੂੰ ਛੱਡ ਆਏ ਸੀ
ਪਰਾਏ ਦੇਸ਼
ਰੋਟੀ ਕਮਾਉਣ ਦੇ ਲਈ
ਦਿਲ ਵਿੱਚ ਲਈ ਕਈ ਉਮੰਗਾਂ
ਅੱਖਾਂ ਵਿੱਚ ਸਜਾਕੇ ਸੁਫ਼ਨੇ

ਸਭ ਕੁੱਝ ਭੁੱਲ ਭੁਲਾਕੇ
ਹੁਣ
ਵਾਪਸ ਜਾ ਰਹੇ ਨੇ
ਆਪਣੇ ਦੇਸ
ਉਹ
ਜੋ ਆਪਣੇ ਘਰਾਂ ਨੂੰ
ਛੱਡ ਆਏ ਸੀ
ਸੁਫ਼ਨੇ ਬੁਣਨਾ
ਸੁਫ਼ਨਿਆਂ ਵਿੱਚ ਜਿਉਣਾ
ਕਿੰਨਾਂ ਖ਼ੂਬਸੂਰਤ ਹੁੰਦਾਂ ਹੈ
ਸੁਫ਼ਨਿਆਂ ਦਾ ਟੁੱਟਣਾ
ਕਿੰਨਾ ਭਿਆਨਕ

ਉਹ ਜੋ
ਆਪਣੇ ਘਰਾਂ ਨੂੰ ਛੱਡ ਆਏ ਸੀ
ਪਰਾਏ ਦੇਸ
ਹੁਣ
ਜਾ ਰਹੇ ਨੇ ਵਾਪਸ

ਆਪਣੇ ਘਰਾਂ ਨੂੰ

ਜਾ ਰਹੇ ਨੇ ਵਾਪਸ
ਆਪਣੇ ਘਰਾਂ ਨੂੰ
ਟੁੱਟੇ ਹੋਏ ਸੁਫ਼ਨਿਆਂ
ਦੀ ਲਾਸ਼
ਮੋਢਿਆਂ ਤੇ ਉਠਾਕੇ
ਦਿਲ ਵਿੱਚ ਮਰੀਆਂ ਹੋਈਆਂ
ਸਧਰਾਂ ਬਿਠਾ
ਰੋਟੀ ਦੀ ਪ੍ਰਵਾਹ ਕੀਤੇ ਬਿਨਾਂ
ਭੁੱਖੇ ਭਾਣੇ
ਪੈਰਾਂ ਵਿੱਚ ਲੈ ਕੇ ਛਾਲੇ
ਕਤਾਰਾਂ ਦੀਆਂ ਕਤਾਰਾਂ ਬਣਾ
ਜਾ ਰਹੇ ਨੇ
ਆਪਣੇ ਦੇਸ ਨੂੰ
ਹੁਣ
ਉਹਨਾਂ ਦਾ ਸੁਫ਼ਨਾ
ਸੁਨਹਿਰਾ ਭਵਿੱਖ ਨਹੀਂ
ਸੁਫ਼ਨਾ ਹੈ ਕਿ ਛੇਤੀ ਛੇਤੀ
ਕਿਸੇ ਨਾਂ ਕਿਸੇ ਤਰ੍ਹਾਂ
ਉਹ
ਪਹੁੰਚ ਜਾਣ ਆਪਣੇ ਘਰਾਂ ਨੂੰ ਤੇ
ਮਰ ਸਕਣ
ਆਪਣੇ ਘਰ ਦੀਆਂ
ਬਰੂਹਾਂ ਤੇ।
✪

## ਭੁੱਖ

ਭੁੱਖੇ ਢਿੱਡ
ਹੱਡੀਆਂ ਬਣੇ ਪਿੰਜਰ
ਵਿਲਕਦੀਆਂ ਅੱਖੀਆਂ
ਠੰਡੇ ਹੋਏ ਜਿਸਮ ਦੇ
ਪੱਥਰ ਬਣੇ
ਥਣਾਂ ਤੋਂ ਦੁੱਧ ਚੁੰਘਦੇ ਹੋਏ ਬੱਚੇ ਤੋਂ
ਤੁਸੀਂ ਕੀ ਉਮੀਦ ਕਰੋਗੇ
ਰੁਲਦਾ ਖੁਲਦਾ
ਉਹ
ਖ਼ੁਦ ਮੰਗਤਾ ਬਣ ਜਾਵੇਗਾ
ਜਾਂ ਚੜ੍ਹ ਜਾਵੇਗਾ ਭੇਟ
ਕਿਸੇ
ਜ਼ਾਲਮ ਦੇ ਹੱਥ
ਜੋ ਉਸ ਨੂੰ
ਉਹ ਸਭ ਪੜ੍ਹਾਏਗਾ
ਸਿਖਾਏਗਾ ਤੇ ਕਰਵਾਏਗਾ
ਜੋ ਉਹ ਚਾਹੇ

ਇਹ ਤਾਂ
ਤਹਿ ਨਹੀਂ ਹੈ ਕਿ
ਭੁੱਖੇ ਢਿੱਡ ਸਿਰਫ਼ ਤੇ ਸਿਰਫ਼
ਕਰਾਂਤੀਆਂ ਦਾ ਹੀ ਕਾਰਨ ਬਣਨ
ਤੇ ਕਰਨ ਵੱਡੇ ਅੰਦੋਲਨ
ਬਹੁਤ ਵਾਰ
ਵਿਨਾਸ਼ ਦਾ ਕਾਰਨ ਵੀ ਬਣਦੇ ਨੇ

ਭੁੱਖੇ ਢਿੱਡ

ਪਰ
ਜ਼ਿੰਮੇਵਾਰ ਕੌਣ ਨੇ
ਤੇ ਜ਼ਿੰਮੇਵਾਰੀ ਕੌਣ ਲਵੇਗਾ
ਕੋਈ ਨਹੀਂ ਲੈਂਦਾ
ਆਪਣੇ ਸਿਰ
ਇਸ ਤਰ੍ਹਾਂ ਦੀ ਕੋਈ ਵੀ
ਜ਼ਿੰਮੇਵਾਰੀ।
✪

## 15 ਅਗਸਤ

ਹਰ ਸਾਲ
ਪੰਦਰਾਂ ਅਗਸਤ ਨੂੰ
ਲਾਲ ਕਿਲੇ ਤੋਂ ਲਹਿਰਾਉਂਦਾ
ਤਿਰੰਗਾਂ
ਉਹਨਾਂ ਸ਼ਹੀਦਾਂ ਨੂੰ ਯਾਦ ਕਰਕੇ
ਜਿਹਨਾਂ ਦੇ
ਖ਼ੂਨ ਨਾਲ ਉਹ ਰੰਗਿਆ ਗਿਆ ਹੈ
ਰੋਂਦਾ ਹੈ ਖ਼ੂਨ ਦੇ ਹੀ
ਅੱਥਰੂ

ਉਸਨੂੰ ਸਮਝ ਨਹੀਂ
ਲੱਗਦੀ
ਕਿ ਉਹ
ਅਜ਼ਾਦ ਹੈ ਜਾਂ ਗੁਲਾਮ
ਸ਼ਰਮ ਨਾਲ ਝੁੱਕ ਜਾਂਦਾ ਹੈ
ਉਸਦਾ ਸਿਰ
ਜਦੋਂ ਉਹ ਤੱਕਦਾ ਹੈ ਸ਼ਰ੍ਹੇਆਮ
ਲੁੱਟਦੀਆਂ ਇਜ਼ੱਤਾਂ
ਉਸਦੇ ਇਰਦ ਗਿਰਦ ਤੁਰਦੇ ਫਿਰਦੇ
ਜੋ ਉਸ ਨੂੰ ਘੇਰੀ ਰੱਖਦੇ ਹਰ ਪਲ
ਬਣਾਵਟੀ ਦੇਸ਼ ਭਗਤ
ਕਤਲੋਗਾਰਤ
ਬੇਰਹਿਮੀ
ਰੋਟੀ ਲਈ ਭਟਕਦੇ ਮਾਸੂਮ ਬੱਚੇ
ਆਪਣੇ ਹੱਕਾਂ ਲਈ ਲੜਦੇ ਉਸਦੇ
ਆਪਣੇ ਹੀ ਬੱਚੇ

ਜਿਹਨਾਂ ਲਈ ਉਹ

ਆਪਣੇ ਹੀ ਬੱਚੇ
ਜਿਹਨਾਂ ਲਈ ਉਹ
ਡਰਦਾ ਹੈ
ਕਿ
ਜੇ ਕਿਤੇ ਉਹ ਥੋੜ੍ਹਾ ਜਿਹਾ ਵੀ
ਬੋਲ ਪਏ ਆਪਣਿਆਂ ਹੱਕਾਂ ਦੇ ਲਈ
ਕਿਤੇ ਯੁਆਪਾ ਨਾਂ ਦਾ
ਦੇਸ਼ ਭਗਤ
ਖਾ ਨਾ ਜਾਏ ਉਹਨਾਂ ਨੂੰ

ਫਿਰ ਉਹ ਬਹੁਤ ਹੀ
ਬੇਬੱਸ
ਮਹਿਸੂਸ ਕਰਦਾ ਹੈ

ਅੰਨ੍ਹੇ ਦੇਸ਼ ਭਗਤ
ਮਖੌਟਾਧਾਰੀ ਜਦੋਂ ਉਸਨੂੰ
ਹਵਾ ਵਿੱਚ ਲਹਿਰਾਉਂਦੇ ਨੇ ਤੇ ਉਹ
ਬਹੁਤ ਖੁਸ਼ ਹੁੰਦੇ ਨੇ
ਕਿ
ਤਿਰੰਗਾ ਹੁਣ ਬਹੁਤ ਖੁਸ਼ ਹੈ
ਪਰ ਤਿਰੰਗਾਂ ਕਿਵੇਂ ਹੱਸ
ਸਕਦਾ ਹੈ
ਉਹ ਤਾਂ ਸੋਚ ਰਿਹਾ ਹੈ ਕਿ
ਕਾਸ਼!
ਉਹ ਛੁਪਿਆ ਰਹਿੰਦਾ ਥੋੜ੍ਹੇ ਹੋਰ ਸਾਲ ਕਿਤੇ
ਕਿਉਂਕਿ
ਉਸਦੇ ਹਵਾ ਵਿੱਚ ਲਹਿਰਾਉਣ ਦਾ
ਕੁੱਝ ਵੀ ਫਾਇਦਾ ਤਾਂ ਹੋਇਆ
ਹੀ ਨਹੀਂ।
✪

# ਵੱਡਾ ਦਰਖਤ

ਜਦ ਤੂਫ਼ਾਨ ਆਉਂਦੇ ਨੇ ਤਦ
ਉਹ ਬਹਾ ਲੈ ਜਾਂਦੇ ਆਪਣੇ ਨਾਲ
ਵੱਡਿਆਂ ਦਰੱਖਤਾਂ ਨੂੰ ਵੀ
ਪੱਟ ਦਿੰਦੇ ਨੇ ਉਹਨਾਂ ਨੂੰ
ਜੜ੍ਹਾਂ ਤੋਂ
ਬੀਖੇੜ ਦਿੰਦੇ ਨੇ ਉਹਨਾਂ ਦਾ
ਅਸਤਿਤਵ

ਜਦ
ਉੱਠਦੇ ਨੇ ਲੋਕ ਆਪਣੇ
ਹੱਕਾਂ ਲਈ
ਤੁਰ ਪੈਂਦੇ ਨੇ ਆਪਣੀ ਹੋਂਦ ਨੂੰ
ਬਚਾਉਣ ਲਈ ਬਣ
ਹਜ਼ੂਮਾਂ ਦੇ ਹਜ਼ੂਮ
ਪਾ ਦਿੰਦੇ ਨੇ ਭਾਜੜਾਂ
ਤੇ ਫਿਰ ਵੱਡੇ ਤੋਂ ਵੱਡੇ ਨਿਜ਼ਾਮ
ਡਿੱਗ ਜਾਂਦੇ ਨੇ

ਪਰ
ਉਸਨੂੰ ਉਸਦੇ
ਵੱਡੇ ਦਰੱਖ਼ਤ ਹੋਣ ਦਾ ਭਰਮ ਸੀ
ਇਸ ਲਈ
ਉਸਨੇ ਉਸ ਵਕਤ ਇਹ ਕਹਿ
ਦਿੱਤਾ ਸੀ ਕਿ
ਜਦੋਂ
ਕੋਈ ਵੱਡਾ ਦਰੱਖ਼ਤ ਡਿੱਗਦਾ ਹੈ
ਤਾਂ
ਧਰਤੀ ਕੰਬਦੀ ਹੈ

ਕੋਈ ਵੱਡਾ ਦਰੱਖ਼ਤ ਡਿਗੱਦਾ ਹੈ
ਤਾਂ
ਧਰਤੀ ਕੰਬਦੀ ਹੈ
ਪਰ

ਇੱਕ ਗਲ ਇਹ ਵੀ ਤਾਂ
ਸੱਚ ਹੈ ਕਿ
ਵੱਡਿਆ ਦਰੱਖ਼ਤਾਂ ਦੀਆਂ ਜੜ੍ਹਾਂ
ਬਹੁਤ ਮਜ਼ਬੂਤ ਹੁੰਦੀਂਆਂ ਨੇ
ਛਾਂਵਾ ਵੀ ਬਹੁਤ ਗਹਿਰੀਆਂ
ਹੁੰਦੀਂਆਂ ਨੇ

ਜੇ ਕਿਤੇ ਭੁੱਲ ਭੁਲੇਖੇ
ਜਾਂ ਆਪਣੀ ਗਲਤੀ ਦੇ ਨਾਲ
ਕੋਈ
ਵੱਡਾ ਦਰੱਖ਼ਤ ਡਿਗ ਜਾਵੇ
ਤਾਂ ਹਰਗਿਜ਼
ਇਸਦਾ ਮਤਲਬ ਇਹ ਨਹੀਂ ਕਿ
ਉਹ

ਹਜ਼ਾਰਾਂ ਮਾਸੂਮਾਂ ਨੂੰ
ਲੇ ਲਏ ਆਪਣੀ ਲਪੇਟ ਵਿੱਚ
ਤੇ ਜੋ ਘਰ ਪਰਿਵਾਰ ਪਲ ਰਹੇ ਹੋਵਣ
ਉਸਦੀ ਹੀ ਛਤਰ ਛਾਇਆ ਦੇ ਹੇਠ ਤੇ
ਛਾਂ ਦੀ ਉਮੀਦ ਰੱਖਦੇ ਹੋਣ
ਜਿਹਨਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਵੀ
ਉਸਦੀ ਹੀ ਹੋਵੇ

ਉਹ
ਉਹਨਾਂ ਹੀ ਘਰਾਂ ਨੂੰ
ਬਣਾ ਦੇਵੇ ਸ਼ਮਸ਼ਾਨ ਘਾਟ
ਗਲੀਆਂ ਤੇ ਚੋਰਾਹਿਆਂ ਤੇ ਫ਼ੈਲਾ ਦੇਵੇ
ਇੱਕ ਭਿਆਨਕ ਮਾਤਮ
ਇਸ ਤਰ੍ਹਾਂ ਦੇ ਵੱਡੇ ਦਰੱਖ਼ਤ
ਕਦੀ ਵੀ

ਮਹਾਨ ਨਹੀਂ ਹੋ ਸਕਦੇ
ਨਾਂ ਹੀ
ਮਹਾਨ ਹੁੰਦੇ ਨੇ।
✪

## ਨਸਲਕੁਸ਼ੀ

ਮੈਂ ਉਹ ਸ਼ਖਸ
ਬੋਲਦਾ ਹਾਂ
ਜਿਸਨੇ ਹੰਢਾਇਆ ਹੈ
ਉਹ ਸਭ
ਆਪਣੇ ਸੀਨੇ ਤੇ
ਕਿਸ ਤਰ੍ਹਾਂ
ਉਹ ਸਭ ਭੁਲਾ ਸਕਦਾ ਹਾਂ

ਉਹ ਮੰਜ਼ਰ
ਉਹ ਸਾਲ
ਊਹ ਮਹੀਨਾ
ਉਹ ਦਿਨ
ਉਹ ਪਲ
ਜਿਸ ਦਿਨ ਮੇਰਾ ਕਤਲ ਹੋਇਆ ਸੀ
ਘਰ ਬਾਰ ਹੋਇਆ ਸੀ ਤਬਾਹ
ਜ਼ਮਹੂਰੀਅਤ ਦੀ ਰਾਖੀ ਕਰਨ ਵਾਲਿਆਂ
ਕਰਵਾਈ ਤੇ ਕੀਤੀ

ਮੇਰੀ
ਨਸਲ ਦੀ ਨਸਲਕੁਸ਼ੀ
ਇਹ ਕੋਈ ਚਾਨਚਕ ਹੋਈ ਘਟਨਾ
ਨਹੀਂ ਸੀ
ਇਹ ਤਾਂ ਇੱਕ ਭਿਆਨਕ
ਸਾਜ਼ਿਸ਼ ਸੀ
ਜੋ ਕਿਸੇ ਨੇ ਘੜੀ ਸੀ ਬਹੁਤ ਪਹਿਲਾਂ
ਸ਼ੈਤਾਨ ਬਣ
ਇਹ ਸਭ
ਸਿਰਫ਼ ਉਸ ਇੱਕ ਕਤਲ ਕਰਕੇ

ਨਹੀਂ ਸੀ ਹੋਇਆ
ਉਹ ਤਾਂ
ਇੱਕ ਬਹਾਨਾ ਹੀ ਬਣਿਆ
ਪਹਿਲਾਂ ਤੈਅ ਕੀਤੀ ਹੋਈ
ਸਕੀਮ ਦੇ ਸਦਕੇ
ਇੱਕ ਝਟਕਾ ਦਿੱਤਾ ਗਿਆ ਸੀ
ਮੇਰੀ ਨਸਲ ਨੂੰ
ਖਤਮ ਕਰਨ ਲਈ ਇੱਕ ਸਵਾਂਗ
ਰਚਿਆ ਗਿਆ ਸੀ

ਮਰੀਆਂ ਹੋਈਆਂ ਜ਼ਮੀਰਾਂ
ਨਫ਼ਰਤ ਦੇ ਚਿੰਗਿਆੜੀਆਂ ਨਾਲ
ਭਰੀਆਂ ਹੋਈਆਂ ਅੱਖਾਂ
ਅੱਗ ਵਰਸਾਉਂਦੀਆਂ ਰਹੀਆਂ
ਹੇਵਾਨਾਂ ਨਾਲ ਭਰੀਆਂ ਗੱਡੀਆਂ ਨੇ ਹਰ ਘਰ
ਬਣਾ ਦਿੱਤਾ ਸੀ ਸਮਸ਼ਾਨ ਘਾਟ

ਉਸ ਰਾਤ
ਦਿੱਲੀ ਨਹੀਂ ਸੀ ਜਲੀ
ਦਿਲ ਜਲਿਆ ਸੀ ਦਿੱਲੀ ਦਾ
ਜਲੀਆਂ ਹੋਈਆਂ ਲਾਸ਼ਾਂ ਦੇ
ਉੱੜ ਰਹੇ ਧੂੰਏ ਦੇ ਨਾਲ
ਧੂੰਆਂਖੀਆਂ ਹੋਈਆਂ ਸੱਧਰਾਂ
ਤੇ ਕਤਲ ਹੋਏ ਸੁਫ਼ਨਿਆਂ
ਨੂੰ ਲੈ
ਕਈ ਬਣ ਚੰਗਿਆੜੇ
ਜ਼ਵਾਲਾ ਬਣ
ਤੇ ਨਫ਼ਰਤ ਦੀ ਮਸ਼ਾਲਾਂ ਲੈ ਕੇ
ਨਿਕਲ ਗਏ ਸੀ ਘਰਾਂ ਤੋਂ
ਤੇ ਮੁੜ ਨਾਂ ਪਰਤੇ
ਕਈ

ਕਈ

ਅਜੇ ਵੀ ਧੂੰਆਂਖੇ ਹੋਏ ਚਿਹਰਿਆਂ ਨੂੰ
ਮਰ ਚੁੱਕੇ ਸੁਫ਼ਨਿਆਂ ਦੀਆਂ
ਲਾਸ਼ਾ ਨਾਲ ਢੱਕ ਕੇ
ਜਿਉਂਦੀਆਂ ਲਾਸ਼ਾਂ ਬਣ ਉਸੇ
ਦਿੱਲੀ ਵਿੱਚ
ਅਜੇ ਵੀ ਬਸਰ ਕਰ ਰਹੇ ਨੇ

ਉਸ ਰਾਤ
ਜੋ ਹੋਈ ਸੀ ਨਸਲਕੁਸ਼ੀ
ਉਹ ਤਾਂ ਡਰਾਉਣਾ ਸੀ ਮੇਰੀ
ਨਸਲ ਨੂੰ
ਜਲਾ ਜਲਾ ਮਾਰ ਮੁਕਾਉਣਾ ਸੀ
ਮੇਰੇ ਲੋਕਾਂ ਨੂੰ
ਤਾਂ ਕਿ
ਉਹ
ਖਤਮ ਹੋ ਜਾਵਣ ਤੇ
ਮੁੜ ਕਦੇ ਨਾਂ ਓਠੱ ਸਕਣ
ਹਮੇਸ਼ਾਂ
ਭੈਅ ਭੀਤ ਰਹਿਣ
ਯਾਦ ਕਰ ਉਸ ਮੰਜ਼ਿਰ ਨੂੰ।
✪

## ਸੋਚ

ਕਿਸ ਤਰ੍ਹਾਂ ਹੋ ਸਕਦੇ ਨੇ ਉਹ
ਤੁਹਾਡੇ ਆਪਣੇ
ਜੋ ਹਰ ਵਕਤ
ਤੁਹਾਡੀ
ਸੋਚ ਨੂੰ ਖਤਮ ਕਰਨ ਲਈ
ਤਿਆਰ ਰਹਿੰਦੇ ਨੇ

ਉਹ ਜੋ
ਇਹ ਨਹੀਂ ਬਰਦਾਸ਼ਤ
ਕਰ ਸਕਦੇ ਕਿ
ਤੁਸੀਂ ਕਿਵੇਂ ਖੜ੍ਹ ਸਕਦੇ ਹੋ
ਆਪਣੀਆਂ ਲੱਤਾਂ ਤੇ
ਕਿਵੇਂ ਕੰਮ ਕਰ ਸਕਦੇ ਹੋ
ਆਪਣਿਆਂ ਹੱਥਾਂ ਦੇ ਨਾਲ
ਇਹ ਸਭ
ਉਹਨਾਂ ਦੀ ਬਰਦਾਸ਼ਤ ਤੋਂ
ਬਾਹਰ ਹੈ

ਉਹ
ਤੋੜ ਦੇਣਾ ਚਾਹੂੰਦੇ ਨੇ
ਤੁਹਾਡੀਆਂ ਲੱਤਾਂ
ਤੇ ਕੱਟ ਦੇਣਾ ਚਾਹੁੰਦੇ ਨੇ ਤੁਹਾਡੇ
ਹੱਥਾਂ ਨੂੰ
ਤਾਂ ਕਿ
ਤੁਸੀਂ ਅਪਾਹਿਜ਼ ਹੋ ਜਾਵੋ
ਪਰ

ਜਦ ਦੇਖਦੇ ਨੇ ਕਿ

ਤੁਸੀਂ ਤਾਂ
ਅਪਾਹਿਜ਼ ਹੋ ਕੇ ਵੀ
ਤੁਰ ਸਕਦੇ ਹੋ
ਫਿਰ ਘੜਦੇ ਨੇ ਨਵੀਆਂ ਨਵੀਆਂ
ਸਕੀਮਾਂ

ਤਾਂ ਕਿ!
ਤੁਹਾਡੀ ਸੋਚ ਹੀ
ਖਤਮ ਕਰ ਦਿੱਤੀ ਜਾਵੇ
ਤੇ
ਤੁਸੀਂ
ਆਪਣੇ ਆਪ ਨਾਲ ਵੀ ਨਾਂ
ਲੜ ਸਕੋਂ
ਸਿਰਫ਼
ਲਾਸ਼ਾਂ ਬਣ ਕੇ ਹੀ
ਰਹਿ ਜਾਵੋ
ਕਿਉਂਕਿ
ਲਾਸ਼ਾਂ ਸੋਚ ਨਹੀਂ ਸਕਦੀਆਂ ਤੇ
ਸੋਚ ਵਿਹੂਣੇ ਸਾਬਿਤ ਜਿਸਮ
ਭਲਾਂ ਕੀ
ਬਿਗਾੜ ਲੇਣਗੇ ਉਹਨਾਂ ਦਾ।
✪

## ਧਰਤੀ

ਹਰ ਰੋਜ਼ ਇਸਦੀ ਹਿੱਕ ਤੇ
ਨੱਚਿਆ ਜਾ ਰਿਹਾ ਹੈ
ਦਰਿੰਦਗੀ ਦਾ ਨਾਚ
ਹੁਣ
ਇਸ ਤੋਂ ਇਹ ਭਾਰ ਨਹੀਂ
ਝੱਲਿਆ ਜਾਂਦਾ
ਸ਼ਾਇਦ ਇਸੇ ਕਰਕੇ
ਇਹ ਹਰ ਰੋਜ਼ ਬਿਮਾਰ
ਹੋ ਰਹੀ ਹੈ

ਇਹ ਹੁਣ ਕੈਂਸਰ ਦੀ ਮਰੀਜ਼ ਵੀ
ਬਣ ਚੁੱਕੀ ਹੈ
ਅੰਦਰ ਹੀ ਅੰਦਰ ਇੱਕ
ਭਿਆਨਕ ਜ਼ਹਿਰ
ਪੀ ਰਹੀ ਹੈ
ਤੇ ਡਰੀ ਤੇ ਸਹਿਮੀ ਹੋਈ
ਸੋਚ ਰਹੀ ਹੈ
ਕਿ
ਇਹ ਹੁਣ ਕਦੇ ਆਜ਼ਾਦ
ਹੋਵੇਗੀ ਜਾਂ ਨਹੀਂ
ਕਰ ਰਹੀ ਹੈ ਫਿਰ
ਇੰਤਜ਼ਾਰ

ਇਹ ਉਹੀ
ਗੁਰੂਆਂ ਪੀਰਾਂ ਦੀ ਧਰਤੀ ਹੈ
ਜਿਸਨੂੰ ਸਿਜਦਾ ਕਰਦੇ ਸੀ

## ਸੂਰਵੀਰ

ਜੰਗ ਤੇ ਜਾਣ ਤੋਂ ਪਹਿਲਾਂ ਲਾਉਂਦੇ ਸੀ
ਆਪਣੇ ਮੱਥੇ ਤੇ ਇਸ ਦੀ ਪਵਿੱਤਰ
ਮਿੱਟੀ ਦਾ ਤਿਲਕ
ਇਹ
ਜਦ ਵੀ ਉਹਨਾਂ ਦੀਆਂ ਪੈੜਾਂ ਨੂੰ
ਮਹਿਸੂਸ ਕਰਦੀ ਸੀ ਤੇ
ਚਹਿਕ ਉੱਠਦੀ ਸੀ

ਹੁਣ ਇਹ ਬਹੁਤ ਟੁੱਟ ਚੁੱਕੀ ਹੈ
ਅੱਜ
ਰੋ ਰਹੀ ਹੈ
ਅੰਦਰੋਂ ਅੰਦਰੀ ਤੇ ਤਰਸ ਰਹੀ ਹੈ
ਉਹਨਾਂ ਦੀ ਉਸ ਛੋਹ ਲਈ
ਕਿਉਂਕਿ
ਇਸ ਦੇ ਵੀਰ ਪੁੱਤਰ
ਖਾਮੋਸ਼ ਹੋ ਗਏ ਨੇ
ਤੇ ਕਈਆਂ ਨੂੰ ਸਮੇਂ ਦੇ ਹਾਕਮਾਂ
ਨੇ ਮਾਰ ਮੁਕਾਇਆ ਹੈ
ਇਹ ਇੱਕ ਅਣਕਿਹਾ ਦਰਦ
ਝੱਲ ਰਹੀ ਹੈ
ਵਹਿਸ਼ੀਪਣ ਦੀ ਸੋਚ ਲਗਾਤਾਰ ਖਾ ਰਹੀ ਹੈ
ਇਸਦੀ ਵਿਰਾਸਤ
ਹੁਣ ਕੈਂਸਰ ਦੀ ਮਰੀਜ਼ ਇਹ ਧਰਤੀ
ਚੀਖ ਚੀਖਕੇ ਮਾਰ ਰਹੀ ਹੈ
ਆਵਾਜ਼ਾਂ
ਮਰਦ ਅਗੰਮੜੇ ਨੂੰ
ਕਿਤਿਉਂ ਤਾਂ
ਉਹ ਬਹੁਰ ਪਏ ਸੁੱਤੀਆਂ ਪਈਆਂ
ਜ਼ਮੀਰਾਂ ਨੂੰ ਜਗਾਵਣ ਲਈ।
✪

## ਨਸ਼ਾ

ਮੇਰੀ ਰੂਹ ਦਾ ਨਸ਼ਾ
ਬੰਦ ਮੁੱਠੀ 'ਚ ਜਿਵੇਂ
ਮੇਰੇ ਹੱਥ ਦੀ ਲਕੀਰ
ਬੰਦ ਅੱਖੀਆਂ 'ਚ ਵੱਸੇ
ਖੁੱਲ੍ਹੀਆਂ ਅੱਖੀਆਂ ਦੇ
ਵਿਹੜੇ ਨੱਚੇ
ਮੇਰੇ ਦਿਲ ਦਾ ਫ਼ਕੀਰ

ਲੱਭ ਸਕਦਾ ਹੈ ਕੋਈ
ਮੇਰੇ ਮੱਥੇ 'ਚੋਂ ਭਲਾ
ਕਦੇ ਉਹਦੀ ਤਸਵੀਰ
ਸਾਡੀ ਦੋਵਾਂ
ਦੀ ਬਣਾਈ ਰੱਬ
ਇੱਕ ਹੀ ਤਾਸੀਰ

ਇੱਕੋ ਰੂਹ 'ਚ ਪਰੋਏ
ਸਾਡੇ ਦਿਲ ਸੀ ਇਕੱਠੇ
ਪਰ ਉਸ ਵੱਖਰੀ ਬਣਾਤੀ
ਸਾਡੀ ਜੋ ਸੀ ਤਕਦੀਰ
ਮੇਰੀ ਰੂਹ ਦਾ ਨਸ਼ਾ
ਬੰਦ ਮੁੱਠੀ 'ਚ ਜਿਵੇਂ
ਮੇਰੇ ਹੱਥ ਦੀ ਲਕੀਰ।
✪

## ਬਿਰਹਾ

ਉਹ
ਉਸਦੀ ਰੂਹ ਹੈ
ਤੇ ਉਹ ਚਾਹੁੰਦੀ ਹੈ ਕਿ ਉਹ
ਉਸ ਨਾਲ ਤੁਰ ਪਏ ਕਰਨ
ਉਦਾਸੀਆਂ

ਉਹ
ਚਾਹੁੰਦੀ ਹੈ ਉਹ ਚਲ ਪਵੇ
ਉਸ ਨਾਲ ਜ਼ੰਗਲਾਂ ਵਿੱਚ
ਬਸਾ ਲਵੇ
ਨਵੀਂ ਇੱਕ ਬਸਤੀ

ਉਹ
ਚਾਹੁੰਦੀ ਹੈ
ਚਲ ਪਵੇ ਉਹ ਇੱਕ ਅਗੰਮੀ ਸਫ਼ਰ ਤੇ
ਸਮੁੰਦਰਾਂ ਦੇ ਰਸਤੇ
ਉਹ
ਉਸ ਨਾਲ ਖੁੱਲ੍ਹੇ ਆਸਮਾਨ ਵਿੱਚ
ਬੱਦਲਾਂ ਦੇ ਨਾਲ ਉੱਡਣਾ
ਚਾਹੁੰਦੀ ਹੈ

ਉਹ
ਉਸਦੀ ਰੂਹ ਹੈ
ਉਹ ਉਸ ਨਾਲ ਸਤੀ ਹੋਣਾ ਚਾਹੁੰਦੀ ਹੈ
ਕਿਉਂਕਿ
ਇਸ ਵਾਰ ਉਹ
ਭਟਕਣਾ

ਨਹੀਂ ਚਾਹੁੰਦੀ
ਇੱਕ ਮਿੱਕ ਹੋਣਾ ਚਾਹੁੰਦੀ ਹੈ

ਪਰ ਉਸ ਨਾਲ
ਸਤੀ ਹੋ ਕੇ ਉਹ ਆਪਣੇ ਧਰਮ ਦੇ ਅਸੂਲਾਂ
ਤੋਂ ਮੁਨਕਰ
ਨਹੀਂ ਹੋਣਾ ਚਾਹੁੰਦੀ
ਤੇ ਨਾਂ ਹੀ ਸਮਾਜ ਨੂੰ ਫਿਰ ਤੋਂ
ਵਰਗਲਾਉਣਾ ਤੇ
ਇੱਕ ਡੂੰਘੀ ਖਾਈ ਵਿੱਚ ਫਿਰ ਤੋਂ
ਧਕੇਲਣਾ

ਕਿਉਂਕਿ
ਉਸ ਨੂੰ ਪਤਾ ਹੈ ਕਿ
ਦੁਨੀਆਂ ਉਸ ਨੂੰ ਫਿਰ
ਉਸਦੇ ਪਿਆਰ ਦੇ ਨਾਮ ਤੇ ਨਹੀਂ
ਇੱਕ ਕੌਝੇ ਰਿਵਾਜ਼ ਨੂੰ
ਮੁੜ ਸ਼ੁਰੂ ਕਰਨ ਕਰਕੇ
ਹੀ ਯਾਦ ਰੱਖੇਗੀ

ਉਸਨੂੰ
ਇਹ ਸਭ ਨਾ ਮਨਜ਼ੂਰ ਹੈ
ਇਸ ਲਈ
ਉਹ
ਇੱਕ ਵਾਰ ਫਿਰ
ਜ਼ੁਦਾ ਹੋਵੇਗੀ ਤੇ ਬਿਰਹਾ ਨੂੰ
ਸ਼ਿਦਤ ਦੇ ਨਾਲ ਹੰਢਾਏਗੀ
ਜਦ ਤੱਕ ਰੱਬ ਆਪ ਨਹੀਂ
ਹਾਰ ਜਾਦਾਂ ਤੇ
ਉਹਨਾਂ ਦੀਆਂ ਰੂਹਾਂ ਨੂੰ ਖ਼ੁਦ

ਸਿਜਦਾ ਕਰਦਾ।
✪

## ਇੱਕ ਸਵਾਲ
### (ਸਮਕਾਲੀਨ ਕਵੀ ਸਈਅਦ ਸ਼ਿਵਰਾਜ ਲੁਧਿਆਣਵੀ ਨੂੰ)

ਬੁੱਲਿਆ ਤੇਰਾ ਸਫ਼ਰ ਜੇ ਟੁੱਟੇ
ਮੈਂ ਦੋਸ਼ੀ ਇਸ ਗੱਲ ਦਾ
ਅੜਿਆ ਸੱਖਣੇ ਪੈਰਾਂ ਖਾਤਰ
ਘੁੰਗਰੂ ਕਿਉਂ ਨਈਂ ਘੱਲਦਾ (ਸਈਅਦ ਸ਼ਿਵਰਾਜ ਲੁਧਿਆਣਵੀ)

ਸਈਅਦ ਨੂੰ ਸਵਾਲ

ਜੇ ਸਈਅਦ
ਤੂੰ ਨੱਚਣਾ ਹੈ ਚਾਹੁੰਦਾ
ਘੂੰਗਰੂ ਮੰਗਦਾ ਕਿਉਂ
ਬਿਨ ਘੂੰਗਰੂ ਪਾਏ
ਜ਼ਰਾ ਨੱਚ ਕੇ ਦਿਖਾ ਤੂੰ
ਦੱਸ ਨੱਚ ਇਦਾਂ ਵੀ ਹੁੰਦਾ ਇਉਂ
ਉਸਦੇ ਰਸਤੇ ਤੇ ਤੂੰ ਵੀ ਆ ਜਾ
ਉਸ ਬਸਤੀ ਵਿੱਚ ਤੂੰ ਵੀ ਬਹਿ ਜਾ
ਅੱਖੀਆਂ ਦੇ ਰਾਹੀ ਰੂਹ ਨੂੰ ਪੜ੍ਹ ਲੈ
ਪਰ ਇਹ ਨਾਂ ਪੁੱਛੀ ਕਿਉਂ

ਤੱਤੀਆਂ ਤਵੀਆਂ ਤੇ ਜੋ ਨੇ ਮੱਚਦੇ
ਘੂੰਗਰੂ ਪਾ ਕੇ ਉਹ ਨਹੀਂ ਨੱਚਦੇ
ਸਿਰ ਤੇ ਹੁੰਦਾ ਤਾਜ ਉਹਨਾਂ ਦੇ
ਜੋ ਕਹਿਣੀ ਤੇ ਕਰਨੀ ਦੇ ਨੇ ਸੱਚੇ
ਸੁੱਖਾ ਜਿੰਦਾ ਤੇ
ਰਾਜਗੁਰੂ, ਸੁਖਦੇਵ, ਭਗਤ ਸਿੰਘ
ਘੁੰਗਰੂ ਪਾਕੇ ਤਾਂ ਨਹੀ ਸੀ ਨੱਚੇ

## ਵੱਖਰੀ ਸੋਚ ਦੇ ਜੋ ਮਾਲਿਕ ਸੀ

ਵੱਖਰੀ ਸੋਚ ਦੇ ਜੋ ਮਾਲਿਕ ਸੀ
ਉਹ ਐਂਵੇਂ ਤਾਂ ਨਹੀਂ ਆਏ ਸੀ
ਜੁੱਗ ਬਦਲੇ ਤੇ
ਜਿਹਨਾਂ ਦੁਨੀਆਂ ਸੀ ਬਦਲੀ
ਉਹਨਾਂ ਘੂੰਗਰੂ ਤਾਂ ਨਹੀਂ ਪਾਏ ਸੀ
ਜੇ ਸਈਅਦ
ਤੂੰ ਨੱਚਣਾ ਹੈ ਚਾਹੁੰਦਾ
ਘੂੰਗਰੂ ਹੈ ਮੰਗਦਾ ਕਿਉਂ।
✪

## ਸੁਫ਼ਨਾ

ਸੁਫ਼ਨੇ ਵਿੱਚ ਅੱਜ ਉਹ ਠਾਣੇ 'ਚ ਖੜ੍ਹੀ ਸੀ
ਟਾਈਟਲਰ ਦੀ ਝੂਠੀ ਕਹਾਣੀ ਸੁਣ ਰਹੀ ਸੀ
ਛੋਟਾ ਜਿਹਾ ਪੁੱਤ ਉਸਦਾ ਉਹਦੇ ਨਾਲ ਖੜ੍ਹਾ ਸੀ
ਸਹਿਮੇ ਹੋਏ ਪੁੱਤ ਨੇ ਉਸਦੀ ਬਾਂਹ ਫੜੀ ਹੋਈ ਸੀ
ਸੁਫ਼ਨੇ ਵਿੱਚ ਜਦ ਉਹ ਠਾਣੇ 'ਚ ਖੜ੍ਹੀ ਸੀ

ਸੁਫ਼ਨਾ ਵੀ ਉਸ ਨੂੰ ਭੁਲਾ ਨਾਂ ਸੀ ਸਕਿਆ
ਯਾਦ ਉਸਨੂੰ ਆ ਗਿਆ ਸੀ ਕਿਵੇਂ
ਉਸਦਾ ਘਰ ਗਿਆ ਸੀ ਲੁੱਟਿਆ
ਪਿਉ ਤੇ ਭਰਾਵਾਂ ਨੂੰ ਸੀ ਗਿਆ
ਕਿਵੇਂ ਗਲੀਆਂ 'ਚ ਕੁੱਟਿਆ
ਬਣਾਇਆ ਸੀ ਜੋ ਮੇਹਨਤਾਂ ਨਾਲ
ਘਰ ਦਾ ਉਹ ਰੁੱਖ ਸੋਹਣਾ
ਇੱਕ ਪਲ ਵਿੱਚ ਕਿਵੇਂ
ਕਿਸੇ ਨੇ ਸੀ ਆ ਕੇ ਪੁੱਟ ਸੁੱਟਿਆ
ਗੁੱਸੇ ਵਿੱਚ ਉਸਦਾ ਸੀ ਹੁਣ
ਖ਼ੂਨ ਖੋਲ੍ਹ ਉੱਠਿਆ
ਟਾਇਟਲਰ ਦੇ ਮੂੰਹ ਉੱਪਰ
ਉਸ ਜਾ ਕੇ ਥੁੱਕ ਸੁੱਟਿਆ
ਸੁਫ਼ਨੇ 'ਚ ਜਦ ਉਹ ਠਾਣੇ 'ਚ ਖੜ੍ਹੀ ਸੀ

ਟਾਇਟਲਰ ਨੇ ਵੀ ਉਸਨੂੰ ਹੁਣ
ਨਫ਼ਰਤ ਨਾਲ ਸੀ ਤੱਕਿਆ
ਗੁੱਸੇ ਵਿੱਚ ਪਿਆ ਪਿਆ
ਉਹ ਬੜਾ ਮੱਚਿਆ
ਗੁੱਸੇ ਨੂੰ ਸੀ ਉਸ ਇਸ ਤਰ੍ਹਾਂ ਨਾਲ ਕੱਢਿਆ

ਭੈੜੀਆਂ ਨਿਗਾਹਾਂ ਨਾਲ
ਉਸਦੇ ਪੁੱਤ ਨੂੰ ਫਿਰ ਤੱਕਿਆ
ਜਾਣ ਲੱਗੇ ਨੇ ਘੁੱਟਕੇ ਬਾਂਹ
ਉਸਦੇ ਪੁੱਤ ਦੀ ਲਈ ਸੀ ਫੜ੍ਹ
ਪੁੱਤ ਨੂੰ ਛੁਡਾਉਣ ਲਈ, ਵੱਟ ਕੇ ਕਚੀਚੀਆਂ
ਟਾਇਟਲਰ ਦੀ ਬਾਂਹ ਤੇ ਉਸ
ਦਿੱਤੀ ਸੀ ਇੱਕ ਦੰਦੀ ਜੜ

ਨੀਂਦਰ 'ਚੋਂ ਹੁਣ
ਉਹ ਜਾਗ ਉੱਠ ਖੜ੍ਹੀ ਸੀ
ਅੰਦਰੋਂ ਹੀ ਅੰਦਰੀ ਬੁਰੀ ਤਰ੍ਹਾਂ
ਪਈ ਉਹ ਡਰੀ ਸੀ
ਉਹਨਾਂ ਮਾਵਾਂ ਦਾ ਵੀ ਹੁਣ ਉਹਨੂੰ
ਖ਼ਿਆਲ ਜਿਹਾ ਸੀ ਆ ਗਿਆ
ਟਾਇਟਲਰ ਜਿਹਨਾਂ ਦੇ ਪੁੱਤਾਂ
ਨੂੰ ਵੀ ਸੀ ਖਾ ਗਿਆ

ਹੱਸਦਿਆਂ ਵੱਸਦਿਆਂ ਘਰਾਂ ਨੂੰ ਸੀ
ਉਹ ਢਾਹ ਗਿਆ
ਗਲਾਂ ਵਿੱਚ ਟਾਇਰ ਪਾ ਪਾ
ਪਤੀ ਕਿੰਨਿਆਂ ਦੇ ਸਾੜ੍ਹੇ ਸੀ
ਨਫ਼ਰਤ ਦੀ ਇਸ ਖੇਡ ਵਿੱਚ
ਘਰ ਕਿੰਨਿਆਂ ਦੇ ਉਜ਼ਾੜੇ ਸੀ
ਹੈਵਾਨੀਅਤ ਦੀ
ਐਸੀ ਇੱਕ ਲੱਗੀ ਝੜੀ ਸੀ
ਪਿਉ ਮੋਹਰੇ ਧੀ ਕੀਤੀ ਨੰਗੀ ਖੜ੍ਹੀ ਸੀ
ਨੋਚ ਨੋਚ ਮਾਸ ਉਹਦਾ ਕੁੱਤੇ ਖਾ ਰਹੇ ਸੀ
ਰੱਬ ਤੋਂ ਵੀ ਜਰਾ ਨਾਂ ਉਹ ਭੈਅ ਖਾ ਰਹੇ ਸੀ
ਜ਼ਿੰਦਗੀ ਦਾ ਉਹ ਤਾਂ ਮਜ਼ਾਕ ਉਡਾ ਰਹੇ ਸੀ
ਸੋਚਦੀ ਹੈ ਉਹ ਹੁਣ
ਆਸ਼ਿਆਨਾ ਉਸਦਾ ਜਦ ਜਲਿਆ ਸੀ

ਸੋਚਦੀ ਹੈ ਉਹ ਹੁਣ

ਆਸ਼ਿਆਨਾ
ਉਸਦਾ ਜਦ ਜਲਿਆ ਸੀ
ਹਵਾ ਵਿੱਚ ਕਿੰਝ
ਉਸਦੀ ਰਾਖ ਉਡ਼ੀ ਸੀ
ਇਨਸਾਫ਼ ਲਈ ਜਿਸਦੇ ਉਹ
ਅਜੇ ਤੱਕ
ਵੀ ਲਾਈਨ 'ਚ ਖੜ੍ਹੀ ਸੀ

ਫਰਿਸ਼ਤਾ
ਨਾਂ ਕੋਈ ਅਜੇ ਤੱਕ
ਉਸ ਤਾਈਂ ਸੀ ਬਹੁੜਿਆ
ਜੇ ਕੋਈ ਸੀ ਖੜ੍ਹਦਾ
ਦੂਜੇ ਪਾਸੇ ਮੌਤ ਵੀ ਉਸਦੇ
ਨਾਲ ਹੀ ਖੜ੍ਹੀ ਸੀ
ਰੱਬ ਤੋਂ ਹੀ ਹੁਣ
ਇਨਸਾਫ਼ ਦੀ ਗੁਹਾਰ ਲਈ ਖੜ੍ਹੀ ਸੀ
ਸੁਫ਼ਨੇ 'ਚ ਅੱਜ
ਉਹ ਠਾਣੇ ਵਿੱਚ ਖੜ੍ਹੀ ਸੀ।
✪

## ਸਬਰ ਤੇ ਸਦਕਾ

ਤੁਸੀਂ ਸੋਚਦੇ ਹੋ
ਉਹ ਸਾਡਾ ਘਾਣ ਕਰ ਦੇਣਗੇ
ਹਾਂ
ਸਹਿਮਤ ਹਾਂ
ਕਰ ਦੇਣਗੇ
ਪਰ
ਕਿਸ ਤਰ੍ਹਾਂ
ਨਹੀਂ
ਉਹ ਕੁੱਝ ਨਹੀਂ ਕਰਨਗੇ

ਉਹ ਤਾਂ ਤੁਹਾਡੀ ਬਲੀ ਤੁਹਾਡੇ ਤੋਂ ਹੀ
ਦੁਆਣਗੇ ਤੇ ਫਿਰ ਕਹਿਣਗੇ
ਦੇਖੋ
ਅਸੀ ਤਾਂ ਕੁੱਝ ਨਹੀਂ ਕੀਤਾ
ਇਹ ਮੂਰਖਾਂ ਦੀ ਕੌਮ ਹੈ
ਅਸੀਂ ਤੁਸੀਂ
ਛੋਟੀਆਂ ਛੋਟੀਆਂ ਗੱਲਾਂ ਤੋਂ
ਗਾਲਾਂ ਕੱਢਣ ਤੁਰ ਪੈਂਦੇ ਹਾਂ

ਪਰ
ਬੈਠਕੇ ਕਦੀ ਇੱਕ ਵਾਰ
ਇਹ ਸੋਚਿਆ
ਆਪਣਾ ਸਭ ਕੁੱਝ ਗਵਾ ਕੇ ਵੀ
ਉਸਨੇ ਗਾਲ਼ਾਂ ਨਹੀ ਸੀ ਕੱਢੀਆਂ
ਸਿਰਫ
ਚੁੱਪ ਚਾਪ
ਜ਼ਫਰਨਾਮਾ ਲਿਖਿਆ ਸੀ
ਜਿਸਨੇ
ਝੰਜੋੜ ਕੇ ਰੱਖ ਦਿੱਤਾ ਸੀ

ਔਰੰਗਜ਼ੇਬ ਨੂੰ
ਧੁਰ ਅੰਦਰ ਤੱਕ ਤੇ ਉਹ
ਹਾਏ ਹਾਏ ਕਰਦਾ ਮਰਿਆ
ਆਪਣੀਆਂ ਹੀ ਨਜ਼ਰਾਂ
ਤੇ ਆਪਣੇ ਹੀ ਖ਼ੁਦਾ ਦੇ ਸਾਹਮਣੇ
ਸ਼ਰਮਸਾਰ ਹੋਇਆ
ਬੇਸ਼ੱਕ ਕਹਿਣ ਤੇ ਮੰਨਣ
ਤੋਂ ਡਰਦਾ ਸੀ

ਮੰਨਦੀ ਹਾਂ
ਗੱਲਾਂ ਕਦੇ ਵੀ ਛੋਟੀਆਂ ਨਹੀਂ ਹੁੰਦੀਆਂ
ਛੋਟੀਆਂ ਤੋਂ ਹੀ ਵੱਡੀਆਂ ਬਣਦੀਆਂ ਨੇ
ਪਰ ਅਸੀਂ
ਉਸ ਮਿੱਟੀ ਦੀ ਉਪਜ ਹਾਂ
ਜਿਸਦੇ ਫੁੱਲ ਸੁਗੰਧ ਵੰਡਦੇ ਨੇ

ਉਸ ਗੁਰੁ ਦੀ
ਲਾਈ ਹੋਈ ਫਸਲ ਹਾਂ ਅਸੀਂ
ਜੋ ਸਿਰਫ਼ ਤੇ ਸਿਰਫ਼
ਦਿੱਖ ਤੋਂ ਹੀ ਨਹੀਂ ਕਿਰਦਾਰ ਤੋਂ ਵੀ
ਜਾਣੀ ਜਾਂਦੀ ਹੈ

ਮੰਨਦੀ ਹਾਂ
ਬਾਣਾ ਪਾਉਣਾ ਜਰੂਰੀ ਹੈ
ਪਰ
ਅਸੀਂ ਬਾਣੇ ਪਾ ਕੇ ਜਦੋਂ
ਉਸਦੀ ਸੋਚ ਦਾ ਕਤਲ ਕਰਦੇ ਹਾਂ
ਫਿਰ ਅਸੀਂ
ਆਪਣਾ ਮਜ਼ਾਕ ਬਣਾਉਂਦੇ ਹਾਂ

ਫਿਰ ਅਸੀਂ
ਆਪਣਾ ਮਜ਼ਾਕ ਬਣਾਉਂਦੇ ਹਾਂ
ਆਪ ਹੀ ਆਪਣੇ ਆਪ ਨੂੰ ਖਤਮ
ਕਰ ਰਹੇ ਹੁੰਦੇ ਹਾਂ

ਜੇ
ਸੋਚ ਖਤਮ ਹੋ ਗਈ
ਤਾਂ ਕੁੱਝ ਨਹੀਂ ਬਚੇਗਾ
ਬੇਦਾਵਾ ਪਾੜ ਕੇ ਵੀ
ਗੁਰੂ ਦੇ ਸਿੱਖ
ਉਸਦੇ ਲਈ ਲੜੇ ਸੀ
ਪਰ
ਅਸੀਂ ਆਪਣੇ ਉਸ ਗੁਰੂ
ਦੇ ਨਾਲ ਨਜ਼ਰਾਂ ਮਿਲਾਉਣ ਦੇ
ਕਾਬਿਲ ਨਹੀਂ ਰਹਾਂਗੇ

ਧੀਆਂ, ਭੈਣਾਂ ਦੀਆਂ ਇੱਜ਼ਤਾਂ
ਬਚਾਉਣ ਵਾਲਿਆਂ ਦੇ ਵਾਰਿਸਾਂ ਦੇ
ਮੂੰਹਾਂ ਤੇ ਗਾਲ਼ਾਂ ਨਹੀਂ ਸ਼ੋਭਦੀਆਂ
ਕਿਉਂਕਿ
ਦੁਸ਼ਮਣ ਇਹ ਹੀ ਚਾਹੁੰਦਾ ਹੈ ਕਿ
ਅਸੀਂ ਗਾਲ਼ਾਂ ਕੱਢੀਏ

ਜੇ ਸਾਡੀ ਪਹਿਚਾਣ ਵੱਖਰੀ ਸੀ
ਤਾਂ ਸਾਡੇ ਕਿਰਦਾਰ ਵੀ ਵੱਖਰੇ ਸੀ
ਅਸੀ ਬਾਣੇ ਤਾਂ ਪਾ ਲਏ
ਕਿਰਦਾਰਾਂ ਤੋਂ ਡਿੱਗ ਗਏ ਹਾਂ
ਆਪ ਹੀ ਆਪਣਾ
ਨੁਕਸਾਨ ਕਰਨ ਲੱਗੇ ਹਾਂ
ਬਰਨਾ
ਕੋਈ ਨਹੀਂ ਸੀ ਜੰਮਿਆਂ
ਜੋ
ਨਲੂਏ ਦੀ ਔਲਾਦਾਂ ਨੂੰ
ਵੰਗਾਰ ਸਕਦਾ।
✪

## ਸਿਜਦਾ

ਇੱਕ ਉਹ ਹੀ ਸੀ ਹੋਇਆ
ਤੇ ਉਹ ਹੀ ਰਹੇਗਾ
ਕਰੇ ਜਿਸਨੂੰ ਸਿਜਦੇ
ਇਹ ਸਾਰੀ ਖ਼ੁਦਾਈ
ਉਸ ਜਿਹੀ ਕੋਈ ਹੋਰ
ਹਸਤੀ ਨਾਂ
ਇਸ ਦੁਨੀਆਂ 'ਚ ਆਈ
ਉਹ ਇੱਕ ਹੀ ਸੀ ਹੋਇਆ
ਤੇ ਇੱਕ ਉਹ ਹੀ ਰਹੇਗਾ

ਰਹਿਬਰਾਂ ਦਾ ਰਹਿਬਰ
ਖ਼ੁਦ ਖ਼ੁਦਾ ਸੀ ਆਇਆ
ਬੋਲਣ ਤੇ ਜਿਸਦੇ
ਪਰਿੰਦੇ ਫੁੱਲ ਸੀ ਧਰਦੇ
ਕਦਮਾਂ 'ਚ ਝੁਕਦੀ ਸੀ
ਜਿਸਦੇ ਇਹ ਸਾਰੀ ਲੋਕਾਈ
ਉਸ ਜਿਹੀ ਕੋਈ ਹੋਰ ਸ਼ੈਅ
ਕਦੇ ਦੁਨੀਆ 'ਚ ਨਾਂ ਆਈ
ਉਹ ਹੀ ਸੀ ਹੋਇਆ
ਤੇ ਉਹ ਹੀ ਰਹੇਗਾ

ਰੰਗੀ ਸੀ ਧਰਤੀ
ਜਿਸ ਆਪਣੇ ਲਹੂ ਨਾਲ
ਸ਼ਹਾਦਤ ਲਈ ਜਿਸਨੇ ਆਪਣਾ
ਪਿਤਾ ਖ਼ੁਦ ਸੀ ਘੱਲਿਆ

ਪਿਤਾ ਖ਼ੁਦ ਸੀ ਘੱਲਿਆ
ਖੋਇਆ ਪਿਤਾ ਉਸ
ਜਦ ਖ਼ੁਦ ਸੀ ਉਹ ਬਾਲ
ਈਨ ਨਾਂ ਮੰਨੀ
ਵਾਰੇ ਧਰਮ ਤੋਂ

ਚਾਰੇ ਦੇ ਚਾਰ ਆਪਣੇ ਹੀ ਲਾਲ
ਸੰਤਾ 'ਚ ਸੰਤ
ਸੀ ਉਹ ਬੇਮਿਸਾਲ
ਉਹ ਹੀ ਸੀ ਹੋਇਆ
ਤੇ ਉਹ ਹੀ ਰਹੇਗਾ

ਵੱਖਰੀ ਹੀ ਦਿੱਖ ਦਾ
ਸੀ ਉਹ ਜੱਗ ਦਾ ਮਾਹੀ
ਸੂਲਾਂ ਤੇ ਸੁੱਤਾ ਸੀ
ਸੱਚ ਦਾ ਉਹ ਰਾਹੀ
ਚਿਹਰੇ ਤੇ ਉਸਦੇ ਸੀ
ਇੱਕ ਨੂਰ ਇਲਾਹੀ
ਉਹ ਹੀ ਸੀ ਸੰਤ ਤੇ
ਉਹ ਹੀ ਸੀ ਸਿਪਾਹੀ
ਉਹ ਹੀ ਸੀ ਹੋਇਆ
ਤੇ ਸਿਰਫ਼ ਉਹ ਹੀ ਰਹੇਗਾ

ਜ਼ਿਮੀਂ ਆਸਮਾਂ ਇਸਦੀ
ਹਾਮੀ ਨੇ ਭਰਦੇ
ਅੱਖੀਆਂ 'ਚ ਉਸਦੇ
ਸੀ ਨੂਰ ਖ਼ੁਦਾ ਦਾ
ਤਾਰੇ ਵੀ ਤੱਕਦੇ
ਤੇ ਸਿਜਦਾ ਸੀ ਕਰਦੇ

ਅਸੀਂ ਉਸਨੂੰ ਆਪਣਾ
ਪਿਤਾ ਜੇ ਹਾਂ ਮੰਨਦੇ

ਉਸ ਤੋਂ ਬਿਨਾਂ ਕਿਸੇ ਹੋਰ ਨੂੰ
ਸਿਜਦਾ ਨਹੀਂ ਜੇ ਹਾਂ ਕਰਦੇ

ਪੁੱਛਿਆ ਕਦੇ ਕਿਸੇ
ਨੇ ਹੈ ਖ਼ੁਦ ਨੂੰ
ਅਸੀ ਉਸਨੂੰ ਜੇ
ਸਿਜਦੇ ਹਾਂ ਕਰਦੇ

ਅਸੀਂ ਉਸ ਨਾਲ ਇਹ
ਕੀ ਪਏ ਹਾਂ ਕਰਦੇ
ਉਸ ਨਾਲ ਇਹ ਧੋਖਾ
ਕਿਵੇਂ ਕਰ ਹਾਂ ਸਕਦੇ

ਜੋ ਉਸਦਾ ਸੀ ਰੁਤਬਾ
ਉਹ ਉਸਦਾ ਹੀ ਸੀ ਰੁਤਬਾ
ਅਸੀਂ ਉਸਦਾ ਰੁਤਬਾ
ਕਿਸੇ ਹੋਰ ਨੂੰ ਭਲਾ
ਕਿਵੇਂ ਦੇ ਹਾਂ ਸਕਦੇ
ਕਿਵੇਂ ਦੇ ਹਾਂ ਸਕਦੇ
ਇੱਕ ਉਹ ਹੀ ਸੀ ਹੋਇਆ
ਤੇ ਉਹ ਹੀ ਰਹੇਗਾ।
✪

## ਮਹਿਮਾ

ਉਸਨੂੰ ਕੋਈ ਫ਼ਰਕ ਨਹੀਂ ਪੈਂਦਾ
ਚਾਹੇ ਕੋਈ ਨਾਨਕ ਪਿਆ ਕਹਿੰਦਾ
ਧਰਤੀ ਦਾ ਜ਼ਰਾ-ਜ਼ਰਾ ਹੈ ਨਾਨਕ
ਨਾਨਕ ਵਿੱਚ ਹਵਾਵਾਂ ਦੇ
ਨਾਨਕ ਸਾਰੀਆਂ ਰਾਹਵਾਂ 'ਚ
ਅੰਬਰ ਬੋਲੇ ਨਾਨਕ ਨਾਨਕ
ਧਰਤੀ ਬੋਲੇ ਨਾਨਕ ਨਾਨਕ
ਨਾਨਕ ਪੀਰ ਪੈਗੰਬਰ ਹੈ
ਨਾਨਕ ਸਭ ਦੇ ਅੰਦਰ ਹੈ
ਨਾਨਕ ਹੈ ਕਰਤਾ ਧਰਤਾ
ਨਾਨਕ ਊਚ ਨੀਚ ਨਹੀਂ ਮੰਨਦਾ
ਨਾਨਕ ਭੇਦ ਭਾਵ ਨਹੀਂ ਕਰਦਾ
ਨਾਨਕ ਸਭ ਤੋਂ ਉੱਪਰ ਹੈ
ਉਸਨੂੰ ਕੋਈ ਫ਼ਰਕ ਨਹੀਂ ਪੈਂਦਾ
ਉਸਨੂੰ ਕੋਈ ਫ਼ਰਕ ਨਹੀਂ ਪੈਂਦਾ
ਚਾਹੇ ਕੋਈ ਨਾਨਕ ਪਿਆ ਕਹਿੰਦਾ

ਮਹਿਤਾ ਕਾਲੂ ਜੀ ਦਾ ਨਾਨਕ
ਮਾਤਾ ਤ੍ਰਿਪਤਾ ਜੀ ਦਾ ਨਾਨਕ
ਭੈਣ ਨਾਨਕੀ ਦਾ ਵੀਰ ਨਾਨਕ
ਪੀਰਾਂ ਦਾ ਹੈ ਪੀਰ ਨਾਨਕ
ਫ਼ਕੀਰਾਂ ਦਾ ਫ਼ਕੀਰ ਹੈ ਨਾਨਕ
ਨਾਨਕ ਰੱਬ ਹੈ, ਈਸਾ ਵੀ ਨਾਨਕ
ਅਨੰਤ ਹੈ ਨਾਨਕ
ਬੇਅੰਤ ਹੈ ਨਾਨਕ
ਦਿਲ ਤੇ ਰੂਹ ਤੋਂ ਫਕੀਰ ਹੈ ਨਾਨਕ

ਦਿਲ ਤੇ ਰੂਹ ਤੋਂ ਫ਼ਕੀਰ ਹੈ ਨਾਨਕ
ਖਿਚੱਦਾ ਕੋਈ ਲਕੀਰ ਨਾਂ ਨਾਨਕ
ਸਭ ਦਾ ਸਾਂਝਾ ਤੇ ਸਭ ਦਾ ਮਾਲਿਕ

## ਐਸਾ ਇੱਕ ਅਮੀਰ ਹੈ ਨਾਨਕ

ਨਾਨਕ ਕਾਲੀਆਂ ਰਾਤਾਂ ਵਿੱਚ
ਨਾਨਕ ਸਭ ਦੀਆਂ ਬਾਤਾਂ ਵਿੱਚ
ਨਾਨਕ ਸੱਚ ਦੀਆਂ ਰਾਹਵਾਂ ਵਿੱਚ
ਨਾਨਕ ਪਾਕ ਹਵਾਵਾਂ ਵਿੱਚ
ਸਭਨਾਂ ਦਾ ਸਰਦਾਰ ਹੈ ਨਾਨਕ
ਉੱਚਾ ਸੁੱਚਾ ਕਿਰਦਾਰ ਹੈ ਨਾਨਕ
ਖ਼ੁਦ ਆਪੇ ਕਰਤਾਰ ਹੈ ਨਾਨਕ

ਯੁੱਗਾਂ ਯੁੱਗਾਂ ਤੋਂ ਅਟੱਲ ਹੈ ਨਾਨਕ
ਕੱਲ ਸੀ ਨਾਨਕ
ਅੱਜ ਵੀ ਹੈ ਨਾਨਕ
ਸਭ ਦਾ ਤੂੰ ਪਿਆਰ ਹੈਂ ਨਾਨਕ
ਤੇਰੀ ਮਹਿਮਾ ਅਪਰ ਅਪਾਰ ਹੈ ਨਾਨਕ
ਸੱਚਾ ਤੂੰ ਕਰਤਾਰ ਹੈ ਨਾਨਕ
ਧੰਨ ਗੁਰੁ ਨਾਨਕ ਧੰਨ ਗੁਰੁ ਨਾਨਕ

ਨਾਵਾਂ ਤੋਂ ਆਜ਼ਾਦ ਹੈ ਨਾਨਕ
ਰੱਬ ਦੇ ਸਿਰ ਦਾ ਤਾਜ ਹੈ ਨਾਨਕ
ਨਾਵਾਂ ਦਾ ਮੁਹਤਾਜ਼ ਨਾਂ ਨਾਨਕ

ਨਾਨਕ ਪੀਰ ਪੈਗੰਬਰ ਹੈ
ਨਾਨਕ ਸਭ ਦੇ ਅੰਦਰ ਹੈ
ਉਸਨੂੰ ਕੋਈ ਫ਼ਰਕ ਨਹੀਂ ਪੈਂਦਾ
ਚਾਹੇ ਕੋਈ ਨਾਨਕ ਪਿਆ ਕਹਿੰਦਾ।
✪

## ਕੁਕਨੂਸ

ਕੀ ਹੋਇਆ ਜੇ ਮਾਰੇ ਗਏ ਸੀ
ਨਹਿਰਾਂ ਦੇ ਵਿੱਚ ਸੁੱਟ ਦਿੱਤੀਆਂ
ਸੀ ਕਹਿਕੇ ਅਣਪਛਾਤੀਆਂ
ਸਾਡੀਆਂ ਲਾਸ਼ਾਂ

ਉਹਨਾਂ ਚਰਖੜੀਆਂ ਤੇ ਸੀ ਚਾੜ੍ਹਿਆ
ਤੁਸੀਂ ਗਲਾਂ 'ਚ ਟਾਇਰ ਪਾ ਕੇ ਸਾੜਿਆ
ਜਾਗਦੀਆਂ ਜ਼ਮੀਰਾਂ ਨੂੰ ਕੋਈ
ਨਾਂ ਸਾੜ ਸਕਿਆ
ਨਾਂ ਮਾਰ ਸਕਿਆ
ਨਾਂ ਸਮੇਂ ਦੇ ਪਾਣੀਆਂ
ਡੁਬੋਇਆ ਤੇ ਰੋੜਿਆ

ਆਪਣੀ ਹੀ ਖ਼ਾਕ 'ਚੋਂ
ਮੁੜ ਮੁੜ ਪੈਦਾ ਹੋਏ ਅਸੀਂ
ਤੇ ਹੁੰਦੇਂ ਰਹਾਂਗੇ
ਕਿਉਂਕਿ
ਅਸੀਂ ਤਾਂ ਕੁਕਨੂਸ ਹਾਂ।
✪

## ਦੁਸ਼ਮਣ

ਕਿਉਂ ਡਰਦੇ ਪਏ ਹੋ
ਸਾਡੀ ਹੋਂਦ ਤੋਂ
ਤਾਂ ਕਿ
ਤੁਹਾਡੀਆਂ ਝੂਠ ਦੀਆਂ ਦੁਕਾਨਾਂ
ਚੱਲਣੀਆਂ ਨਾਂ ਬੰਦ
ਹੋ ਜਾਵਣ

ਸਦੀਆਂ ਤੋਂ
ਕਰ ਰਹੇ ਹੋ ਅਜ਼ਮਾਇਸ਼ ਸਾਡੀ
ਕਦੀ ਕਿਸੇ ਤਰ੍ਹਾਂ, ਕਦੀ ਕਿਸੇ ਤਰ੍ਹਾਂ
ਤੁਸੀਂ ਅਜਮਾ ਅਜਮਾ ਥੱਕ ਗਏ
ਪਰ ਅਸੀ ਟੁੱਟੇ ਨਹੀਂ
ਖੜ੍ਹੇ ਰਹੇ ਤਾਣ ਕੇ ਸੀਨੇ
ਹਰ ਤੁਫਾਨ ਦੇ ਅੱਗੇ
ਚਟਾਨਾਂ ਵਰਗੇ ਹੌਸਲਿਆਂ ਨੂੰ ਨਾਂ
ਹਰਾ ਸਕੇ
ਅਬਦਾਲੀ ਵੀ ਸਾਨੂੰ ਮਾਰਨ ਸੀ ਆਇਆ
ਮੱਸਾ ਰੰਘੜ ਸਾਡੇ ਤਖ਼ਤ ਤੇ ਸੀ ਚੜ ਆਇਆ
ਔਰੰਗਜ਼ੇਬ ਨਾਂ ਮਿਟਾ ਸਕਿਆ ਸਾਡੀ ਹਸਤੀ
ਵਜ਼ੀਰ ਖਾਨ ਨਾਂ ਕੁੱਝ ਵੀ ਕਰ ਸਕਿਆ
ਸਗੋਂ ਸਾਡੇ ਬੰਦਾ ਬਹਾਦਰ ਨੇ
ਸਰਹੰਦ ਦੀ ਇੱਟ ਨਾਲ ਇੱਟ
ਖੜਕਾ ਦਿੱਤੀ
ਅਸੀ ਤਾਂ ਦੁਸਮਣਾਂ ਨੂੰ ਵੀ
ਸਤਿਕਾਰ ਦਿੱਤਾ
ਭੁੱਖਿਆਂ ਦਾ ਢਿੱਡ ਭਰਦੇ ਰਹੇ
ਆਪਣੇ ਹੀ ਘਰੋਂ ਲੈਜਾਕੇ ਦਾਣੇ

ਭੁੱਖਿਆਂ ਦਾ ਢਿੱਡ ਭਰਦੇ ਰਹੇ
ਆਪਣੇ ਹੀ ਘਰ ਦੇ ਦਾਣਿਆਂ
ਦੇ ਨਾਲ
ਸਾਡੇ ਭਾਈ ਘਨੱਈਆ ਤਾਂ

ਪਿਲਾਇਆ ਸੀ ਪਾਣੀ ਜ਼ਖਮੀ
ਹੋਏ ਦੁਸ਼ਮਣਾਂ ਨੂੰ ਵੀ
ਬਿਨਾਂ ਇਹ ਸੋਚੇ ਕਿ
ਇਹ ਕਾਤਿਲ ਨੇ ਸਾਡੇ
ਭਰਾਵਾਂ ਦੇ
ਸਾਡੀ ਹੀ ਨਸਲ ਦੀ ਫ਼ਸਲ
ਨੂੰ ਵੱਢਣਾ ਚਾਹੁੰਦੇ ਨੇ

ਕਦੀ ਦੁਸਮਣ
ਸਾਡੇ ਬਣ ਕੇ ਮਿਤੱਰ
ਸਾਨੂੰ ਮਾਰਿਆ
ਅਸੀ ਹਰ ਵਾਰ ਤੁਹਾਡੇ ਲਈ
ਵੀ ਖੜ੍ਹੇ ਰਹੇ
ਆਪਣੇ ਸੀਨੇ ਤਾਣੀ ਖਾਧੀਆਂ
ਗੋਲੀਆਂ ਸਰਹੱਦਾਂ ਤੇ
ਹਰ ਵਾਰ ਦੀ ਤਰ੍ਹਾਂ
ਤੁਸੀਂ ਸਾਨੂੰ ਅਹਿਸਾਸ ਦਵਾਇਆ
ਬੇਗਾਨਗੀ ਦਾ

ਸਾਡੀ ਨਸਲ ਦਾ ਘਾਣ ਕੀਤਾ
ਕੁੱਝ ਸਿੱਧੇ ਤੇ ਕੁੱਝ ਅਸਿੱਧੇ
ਢੰਗਾਂ ਦੇ ਨਾਲ
ਕਦੀ ਆਪ ਤੇ ਕਦੀ
ਸਾਡੇ ਹੀ ਆਪਣਿਆਂ ਤੋਂ
ਪੈਦਾ ਕਰਕੇ ਬਲੈਕ ਕੇਟ
ਫਿਰ ਘੋਲਿਆ ਜ਼ਹਿਰ ਸਾਡੀ
ਹੀ ਧਰਤੀ ਵਿੱਚ ਤੇ ਗੰਧਲਾ
ਕਰ ਦਿੱਤਾ ਸੀ ਸਾਡਾ ਪਾਣੀ
ਤਾਂ ਕਿ ਸਾਡੇ ਬੱਚੇ ਅਪੰਗ
ਪੈਦਾ ਹੋਵਣ

ਕਦੀ ਨਾਂ
ਖੜ੍ਹ ਸਕਣ ਤੁਹਾਡੇ ਮੋਹਰੇ ਤੇ
ਮੰਗਣ ਆਪਣੇ ਹੱਕ

ਹੁਣ
ਇਸ ਵਾਰ ਤੁਸੀਂ
ਕੋਸ਼ਿਸ ਕੀਤੀ ਹੈ ਸਾਨੂੰ
ਸਾਡੀ ਹੀ ਧਰਤੀ ਤੋਂ
ਵੰਚਿਤ ਕਰਨ ਦੀ

ਪਰ ਅਸੀਂ ਵਾਰ ਵਾਰ
ਉੱਠਦੇ ਰਹੇ ਤੇ ਲੜਦੇ ਰਹੇ
ਤੁਹਾਡੀਆਂ ਹਜ਼ਾਰਾਂ ਕਰੋੜਾ
ਕੋਸ਼ਿਸਾਂ ਦੇ ਬਾਅਦ ਵੀ
ਹੁਣ
ਇੱਕ ਵਾਰ ਫਿਰ ਉੱਠ
ਖੜ੍ਹੇ ਹੋਏ ਹਾਂ
ਸਿਰਾਂ ਦੀ ਬਾਜ਼ੀ
ਲਾਉਣੇ ਦੇ ਲਈ

ਅਸੀਂ
ਹਾਰਨ ਵਾਲੇ ਨਹੀਂ
ਕਈ ਵਾਰ ਜ਼ੰਗ ਜਿੱਤ ਕੇ ਹਾਰੇ
ਜਦ ਵੀ ਹਾਰੇ
ਆਪ ਨੀ ਹਾਰੇ
ਸਾਨੂੰ ਮਾਰਨ ਵਾਲਾ ਕੋਈ
ਦੁਸ਼ਮਣ ਨਹੀਂ ਸੀ
ਸਾਨੂੰ ਤਾਂ
ਸਾਡੇ ਆਪਣਿਆਂ
ਤੁਹਾਡੇ ਹੀ ਪੈਦਾ ਕੀਤੇ
ਸਾਡਿਆਂ ਹੀ

ਅਬਦਾਲੀਆਂ ਤੇ ਮੱਸਾ ਰੰਘੜਾਂ ਨੇ
ਮਾਰਿਆ
ਇਸ ਵਾਰ ਵੀ
ਇਸ ਵਾਰ ਵੀ
ਜੇ ਅਸੀ ਹਾਰੇ ਤਾਂ
ਉਹਨਾਂ ਕਰਕੇ ਹੀ ਹਾਰਾਂਗੇ।
✪

## ਜੇਸਮੀਨ

ਕਾਲੀ ਚੁੱਪ
ਕਾਲੀ ਰਾਤ
ਤਨ ਮਸਾਣ
ਮਨ ਮਸਾਣ
ਵਖਰੇਵਾਂ
ਵਿਭਿੰਨਤਾ
ਟੁੱਟੀਆਂ ਆਸਾਂ ਦੀ ਸ਼ਮਸ਼ਾਨ
ਖੁਸ਼ਬੂ
ਇੱਕ ਭਿੰਨੀ ਭਿੰਨੀ
ਛੂਹ ਕੇ ਅਛੂਹ ਕਰ ਗਈ
ਅਣਹੋਂਦ ਤੋਂ
ਹੋਂਦ
ਬਣ ਗਈ

ਅਣਕਿਹੇ ਅਹਿਸਾਸ ਬਣ ਗਈ
ਖ਼ੁਬਸੂਰਤ ਜਜ਼ਬਾਤ ਬਣ ਗਈ
ਅਣਛੂਹੇ
ਦੱਬੇ ਹੋਏ
ਖ਼ਿਆਲਾਂ ਦੀ
ਰਾਜ਼ਦਾਰ ਬਣ ਗਈ
ਜੈਸਮੀਨ

ਇੱਕ ਠੰਡੀ ਹਵਾ ਦਾ ਬੁੱਲਾ
ਬੱਦਲਾਂ ਦੇ ਰੰਗਾਂ ਵਿੱਚ
ਘੁੱਲ ਗਈ
ਸੂਰਜ ਦੀ ਲੋਅ ਤੇ
ਚੰਨ ਦੀ ਚਾਂਦਨੀ
ਇੱਕ ਫੁੱਲ ਨਾਯਾਬ ਬਣ ਗਈ

ਚੰਨ ਦੀ ਚਾਂਦਨੀ
ਇੱਕ ਫੁੱਲ ਨਾਯਾਬ ਬਣ ਗਈ।
✪

## ਪਿੰਡ

ਮੈਂ ਬਦਲ ਗਈ ਹਾਂ
ਜਾਂ ਪਿੰਡ ਬਦਲ ਗਿਆ ਹੈ
ਜਿਹਨਾਂ
ਰਾਹਾਂ ਨਾਲ ਕਦੇ ਗੱਲਾਂ
ਕਰਦੀ ਸੀ ਤੁਰਦੀ
ਉਹਨਾਂ ਰਾਹਾਂ ਵਿੱਚੋਂ ਆਪਣੇ ਕਦਮਾਂ
ਦੀਆਂ ਪੈੜਾਂ ਨੂੰ ਭਾਲਦੀ
ਪਾਣੀਆਂ ਦੇ ਵਹਿਣ 'ਚ ਵਹਿ ਗਏ
ਚਿਹਰਿਆਂ ਦੀ ਮੁਸਕਰਾਹਟ ਤੇ ਹਾਸਿਆਂ
ਦੀ ਝਰਨਾਹਟ ਲੱਭਦੀ

ਆਪਣੇ ਹੀ ਖੇਤਾਂ ਵਿੱਚ ਲਹਿਰਾਉਂਦੀਆਂ
ਫ਼ਸਲਾਂ ਤੋਂ
ਉਹਨਾਂ ਦਾ ਹਾਲ ਪੁੱਛਦੀ
ਤੇ ਅਕਸ ਆਪਣਾ ਭਾਲਦੀ
ਵਗਦੀਆਂ ਹਵਾਵਾਂ ਨਾਲ ਗਾਏ ਸੀ
ਕਦੇ ਜੋ ਨਗਮੇਂ
ਉਹਨਾਂ ਚਲ ਰਹੀਆਂ ਹਵਾਵਾਂ ਤੋਂ
ਆਪਣੀ ਹੀ
ਅਵਾਜ਼ ਦਾ ਹਾਲ ਪੁੱਛਦੀ

ਪਿੰਡ ਦੀਆਂ ਉਹਨਾਂ ਰਾਹਵਾਂ ਤੋਂ
ਗੁਜ਼ਰ ਚੁੱਕੇ ਪਲਾਂ ਦੇ
ਘਰਾਂ ਦਾ ਪਤਾ
ਪੁੱਛਦੀ
ਮਿੱਟੀ ਤੋਂ ਆਪਣੇ ਪੈਰਾਂ
ਦੀ ਛੋਹ ਲੱਭਦੀ
ਤੇ ਤਪਸ਼ ਨੂੰ ਮਹਿਸੂਸਦੀ
ਬਦਲ ਗਈਆਂ ਗਲੀਆਂ ਤੋਂ

ਬਚਪਨ ਦਾ ਹਾਲ ਪੁੱਛਦੀ
ਸਾਥੀ ਪੁਰਾਣੇ ਲੱਭਦੀ

ਖੇਤਾਂ ਵਿੱਚ ਜੋ ਸੀ ਰੁੱਖ ਖੜੇ
ਉਹਨਾਂ ਦੀਆਂ ਛਾਵਾਂ ਨੂੰ ਗੌਲਦੀ
ਛਾਵਾਂ ਨਾਲ ਗੱਲਾਂ ਕਰਕੇ ਛਾਵਾਂ ਦਾ
ਦਿਲ ਫ਼ਰੋਲਦੀ
ਰੁੱਖਾਂ ਦੀਆਂ ਟਾਹਣੀਆਂ ਤੋਂ ਡਿੱਗ
ਚੁੱਕੇ ਸੀ ਜੋ ਪੱਤੇ
ਪਿੰਡ ਦੀ ਸ਼ਮਸ਼ਾਨ ਵਿੱਚੋ ਉਹਨਾਂ ਦੀ
ਰਾਖ਼ ਟਟੋਲਦੀ
ਜੋ ਤੁਰ ਗਏ ਸੀ ਦੂਰ ਕਿਤੇ
ਅਣਜਾਣੇ ਇੱਕ ਸਫ਼ਰ ਤੇ
ਕਰਕੇ ਇੰਤਜ਼ਾਰ ਮੇਰਾ
ਕਿਸ ਤਰ੍ਹਾਂ
ਸੁਣਾਉਂਦੀ ਉਹਨਾਂ ਨੂੰ ਦੁੱਖੜੇ
ਤੇ ਉਹਨਾਂ ਦੇ ਦਿਲ ਫ਼ਰੋਲਦੀ
ਨਾਂ ਉਹ ਸੀ ਹੁਣ ਉਹ ਰਹੀ
ਨਾਂ ਪਿੰਡ ਸੀ ਹੁਣ ਉਹ ਰਿਹਾ
ਪਿੰਡ ਤੋਂ ਹੀ ਪਿੰਡ ਦਾ ਮੈਂ
ਹਾਲ ਸੀ ਹੁਣ ਪੁੱਛ ਰਹੀ
ਮੈਂ ਬਦਲ ਗਈ ਹਾਂ
ਜਾਂ ਪਿੰਡ ਬਦਲ ਗਿਆ ਹੈ।
✪

## ਤਾਰੀਫ ਤੇ ਫਰਕ

ਅਮਰੀਕਾ ਕਿਉਂ ਚੰਗਾ ਹੈ
ਕਨੇਡਾ ਕਿਉਂ ਚੰਗਾ ਹੈ
ਇੱਥੇ ਨਾਂ ਕੋਈ ਦੰਗਾ ਹੈ

ਨਾਂ ਇਹ ਹਿੰਦੂਆਂ ਦੇ ਨੇ
ਨਾਂ ਇਹ ਸਿੱਖਾਂ ਦੇ ਨੇ
ਨਾਂ ਮੁਸਲਮਾਨਾਂ ਦੇ
ਇਹ ਦੇਸ਼ ਨੇ ਇਨਸਾਨਾਂ ਦੇ

ਇੱਥੇ ਹਿੰਦੂ ਵੀ ਆਂਉਂਦੇ ਨੇ
ਇੱਥੇ ਸਿੱਖ ਵੀ ਆਉਂਦੇ ਨੇ
ਰਲਕੇ ਮੁਸਲਮਾਨ ਵੀਰਾਂ ਨਾਲ
ਸਾਂਝੇ ਜਸ਼ਨ ਮਨਾਉਂਦੇ ਨੇ
ਇੱਥੇ ਕੋਈ ਹੇਰਾ ਫੇਰੀ ਨਾਂ
ਕਿਸੇ ਤਰ੍ਹਾਂ ਦੀ ਕੋਈ
ਕਿਸੇ ਨਾਲ ਸੀਨਾਜ਼ੋਰੀ ਨਾਂ
ਇੱਥੇ ਦੇਖ ਕੇ ਕਾਬਲੀਅਤ ਨੂੰ
ਸਭ ਨੂੰ ਹੱਕ ਮਿਲਦੇ ਨੇ
ਵੱਡੇ ਛੋਟੇ ਸਭ ਇੱਥੇ
ਖਿੜ੍ਹੇ ਮੱਥੇ ਮਿਲਦੇ ਨੇ
ਕੋਈ ਸੰਤਰੀਆਂ ਦੀ ਨਾਂ
ਕੋਈ ਮੰਤਰੀਆਂ ਦੀ ਨਾਂ
ਇੱਥੇ ਲੋਕਾਂ ਦੀ ਚਲਦੀ ਏ
ਸਰਕਾਂਰਾ ਇਹਨਾਂ ਦੇਸ਼ਾਂ ਦੀਆਂ
ਕੰਮ ਲੋਕ ਭਲਾਈ ਦੇ
ਲਈ ਹੀ ਕਰਦੀਆਂ ਨੇ

ਫਿਰ ਕਿਉਂ
ਭਾਰਤ ਵਿੱਚ ਹੀ

ਧਰਮਾਂ ਦੇ ਨਾਮ ਤੇ ਪੰਗਾ ਹੈ
ਕਿਉਂ ਸਾਡੇ ਦੇਸ਼ ਵਿੱਚ
ਧਰਮਾਂ ਦੇ ਨਾਵਾਂ ਤੇ ਅਕਸਰ
ਹੁੰਦੇ ਬਹੁਤੇ ਹੀ ਧੰਦੇ ਨੇ
ਧਰਮਾਂ ਦੀ ਉਟ ਲੈ
ਉਹ ਕਰਦੇ ਪਏ ਪੰਗੇ ਨੇ
ਵਿਚਾਰਾਂ ਦੀ ਕਿਉਂ ਅਮੀਰੀ ਨਹੀਂ
ਸੋਚਾਂ ਦੇ ਪੱਖ ਤੋਂ ਕਿਉਂ
ਅੱਜ ਤੱਕ ਵੀ ਗੰਦੇ ਨੇ
ਹਰ ਮੋੜ ਤੇ ਹਰ ਪਲ ਹੀ
ਕਿਉਂ ਧਰਮਾਂ ਦੇ ਨਾਵਾਂ ਤੇ
ਕਿਉਂ ਧਰਮਾਂ ਦੇ ਨਾਵਾਂ ਤੇ
ਅੱਜ ਤੱਕ ਵੀ ਹੁੰਦੇ ਪਏ ਦੰਗੇ ਨੇ

ਸੰਤਾਲੀ ਤੋਂ ਪਹਿਲਾਂ ਤਾਂ
ਧਰਮਾਂ ਦਾ ਕੋਈ ਵੀ ਨਾਂ
ਕਿਤੇ ਵੀ ਰੌਲ਼ਾ ਸੀ
ਨਾ ਮੁਸਲਮਾਨਾਂ ਨੇ ਕਦੇ ਵੀ ਕੋਈ
ਰੌਲ਼ਾ ਜਿਹਾ ਪਾਇਆ ਸੀ
ਨਾਂ ਸਿੱਖਾਂ ਕਿਸੇ ਦਾ ਹੀ
ਕੋਈ ਦਿਲ ਦੁਖਾਇਆ ਸੀ
ਨਾਂ ਹੀ ਹਿੰਦੂਆਂ ਨੇ ਕੋਈ
ਭਰਾ ਤੋਂ ਭਰਾ ਮਰਵਾਇਆ ਸੀ
ਅੱਜ ਭਾਰਤ ਦੇ ਹਰ ਕੋਨੇ ਵਿੱਚ
ਦਹਿਸ਼ਤ ਹੀ ਦਹਿਸ਼ਤ ਹੈ
ਕਿਉਂ ਵਹਿਸ਼ਤ ਵਿੱਚ ਦਹਿਸ਼ਤ ਹੈ

ਦਹਿਸ਼ਤ ਹੀ ਦਹਿਸ਼ਤ ਹੈ
ਕਿਉਂ ਵਹਿਸ਼ਤ ਵਿੱਚ ਦਹਿਸ਼ਤ ਹੈ।
✪

## ਸਕੂਨ

ਕਬਰ ਤੇਰੀ ਤੇ ਕਦੀ ਕਦੀ
ਮੈਂ ਜਦ ਵੀ ਆਉਂਦੀ ਹਾਂ
ਤੇਰੀ ਦੁਨੀਆਂ ਵਿੱਚ ਖੋ ਕੇ
ਦਿਲ ਦਾ ਹਾਲ ਸੁਣਾ ਜਾਂਦੀ ਹਾਂ

ਕਬਰ ਤੇਰੀ ਤੇ ਬੈਠਕੇ
ਜਦ ਤੇਰੇ ਨਾਲ ਗੱਲਾਂ ਹਾਂ ਕਰਦੀ
ਪਤਾ ਨਹੀਂ ਕਿਸ ਕਿਸ ਨੂੰ ਹਾਂ ਮਿਲਦੀ
ਤੇ ਦਿਲ ਹਾਂ ਮੈਂ ਭਰਦੀ

ਪਤਾ ਨਹੀਂ ਜਦ ਵੀ ਆਉਂਦੀ ਹਾਂ
ਦਿਲ ਕਰਦਾ ਹੈ ਵਾਪਸ ਮੁੜਕੇ
ਫਿਰ ਘਰ ਨਾਂ ਮੈਂ ਜਾਂਵਾਂ
ਕਬਰਸਤਾਨ ਵਿੱਚ ਆਪਣੇ ਲਈ
ਆਪੇ ਹੀ
ਇੱਕ ਮੰਜਾਂ ਮੈਂ ਡਾਉਣਾ ਚਾਹਵਾਂ
ਸ਼ਮਸ਼ਾਨ ਦੀ ਸੁੰਨਮਸਾਣ ’ਚ
ਦੁਨੀਆਂ ਤੋਂ ਲੁੱਕ ਲੁੱਕ
ਜਦੋਂ ਕਦੇ ਵੀ
ਮੈਂ ਬੈਠਣ ਨੂੰ ਆਂਵਾਂ
ਸਦੀਆਂ ਤੋਂ ਸੁੱਤੀਆਂ ਪਈਆਂ
ਨੇ ਜੋ ਰੂਹਾਂ ਇੱਥੇ ਉਹਨਾਂ ਨੂੰ
ਵੀ ਆਣ ਜਗਾਵਾਂ
ਕਬਰਸਤਾਨ ਵਿੱਚ ਅਕਸਰ
ਮੈਂ ਜਦ ਵੀ ਆਉਂਦੀ ਹਾਂ
ਸਦੀਆਂ ਤੋਂ ਸੁੱਤੀਆਂ ਰੂਹਾਂ ਨੂੰ

ਸਦੀਆਂ ਤੋਂ ਸੁੱਤੀਆਂ ਰੂਹਾਂ ਨੂੰ
ਆਣ ਜਗਾਉਂਦੀਂ ਹਾਂ
ਕੁੱਝ ਦੁੱਖੜੇ ਉਹਨਾਂ ਦੇ ਸੁਣਦੀ
ਥੋੜ੍ਹੇ ਆਪਣੇ ਵੀ ਸੁਣਾਉਂਦੀ

ਕਦੇ ਕਦੇ ਤਾਂ ਚੁਪ ਚੁਪੀਤੇ
ਹੀ ਵਾਪਸ ਮੈਂ ਮੁੜ ਜਾਵਾਂ
ਆਪਣੇ ਅੰਦਰ ਦੇ ਰੌਲ਼ੇ ਨਾਲ
ਕੋਈ ਭੜਥੂ ਨਾਂ ਮੈਂ ਪਾਵਾਂ
ਕਿੰਨੀ ਸ਼ਾਂਤੀ ਨਾਲ ਸਭ ਇੱਥੇ
ਇੰਨਾਂ ਸੋਹਣਾ ਸੌਂ ਰਹੇ ਨੇ
ਰੌਲ਼ਾ ਪਾ ਕੇ ਨਾਂ ਜਗਾਉਂਣਾ ਚਾਹਵਾਂ
ਹੌਲ਼ੀ ਹੌਲ਼ੀ ਪੈਰ ਧਰਾਂ ਮੈਂ
ਆਪਣੇ ਆਪੇ ਤੋਂ ਹੀ ਡਰ ਜਾਂਵਾਂ

ਕਦੇ ਕਦੇ ਤਾਂ ਇੰਦਾ ਵੀ ਲੱਗਦਾ
ਕਬਰਸਤਾਨ ਤੋਂ
ਵਾਪਸ ਮੈਂ ਜਦ ਘਰ ਜਾਂਦੀ ਹਾਂ
ਮੇਰੇ ਪਿੱਛਿਉ ਸਭ ਤੇਰੇ ਨਾਲ
ਜਦ ਗੱਲਾਂ ਨੇ ਕਰਦੇ
ਤੇਰੇ ਤੋਂ ਕੁੱਝ ਪੁੱਛਣਾ ਚਾਹੁੰਦੇ
ਪਰ ਮਨ ਭਰ ਲੈਂਦੇ
ਤੇਰੀਆਂ ਅੱਖੀਆਂ ਤੋਂ ਹੀ ਪੜ੍ਹ ਲੈਂਦੇ
ਤੇ ਕਿਸੇ ਤਰ੍ਹਾਂ ਦਾ ਕੋਈ ਸਵਾਲ ਨਾਂ ਕਰਦੇ

ਕਦੇ ਕਦੇ ਤਾਂ ਮੈਂ ਖ਼ੁਦ ਨੂੰ ਹਾਂ ਇਹ ਕਹਿੰਦੀ
ਤੂੰ ਤਾਂ ਮੇਰੇ ਦਿਲ ਵਿੱਚ ਹੀ ਹੈ ਰਹਿੰਦੀ
ਫਿਰ ਮੈਂ ਕਬਰਾਂ ਵਿੱਚ ਕਿਉਂ ਹਾਂ ਆਕੇ ਬਹਿੰਦੀ।
✪

## ਮੇਰੀ ਭਾਸ਼ਾ

ਮੇਰੇ ਨਾਲ ਕਬਰਾਂ ਤੱਕ ਜਾਏਗੀ ਮੇਰੀ ਭਾਸ਼ਾ
ਮੇਰੇ ਅੰਦਰ ਹੀ ਸਮਾਏਗੀ ਮੇਰੀ ਭਾਸ਼ਾ
ਮੈਂ ਜਦ ਵੀ ਇਸ ਦੁਨੀਆਂ ਵਿੱਚ ਆਈ ਸੀ
ਮੇਰੇ ਨਾਲ ਸਦਾ ਹੀ ਆਈ ਸੀ ਮੇਰੀ ਭਾਸ਼ਾ
ਹੋਲ਼ੀ ਹੋਲ਼ੀ ਪੱਬ ਧਰਦੀ ਮੈਂ
ਡਿਗ ਡਿਗ ਕੇ ਖੜਨਾਂ ਸਿੱਖਦੀ ਸੀ
ਡਿੱਗ ਡਿਗ ਕੇ ਮੁੜ ਕਿਵੇਂ ਉੱਠਣਾ ਹੈ
ਪਿਆਰ ਨਾਲ ਇਹ ਸਭ
ਸਮਝਾਉਣ ਲਈ ਆਈ ਸੀ ਮੇਰੀ ਭਾਸ਼ਾ

ਮੇਰੇ ਨਾਲ ਕਬਰਾਂ ਤੱਕ ਜਾਏਗੀ ਮੇਰੀ ਭਾਸ਼ਾ
ਜਦ ਦਰਦ-ਏ-ਦਿਲ ਵੱਧ ਜਾਵੇਗਾ
ਮਲਮ ਫਿਰ ਲਾਉਣ ਨੂੰ ਆਏਗੀ ਮੇਰੀ ਭਾਸ਼ਾ
ਜਦ ਅੱਥਰੂ ਅੱਖਾਂ ਵਿੱਚ ਹੀ ਸੁੱਕ ਜਾਵਣਗੇ
ਦਰਿਆ ਬਣ ਫਿਰ ਬਹਾਏਗੀ ਮੇਰੀ ਭਾਸ਼ਾ
ਜਦ ਹਰ ਕੋਈ ਛੱਡਣਾ ਚਾਹੇਗਾ
ਦਿਲ ਵਿੱਚ ਆਪਣੇ ਰੱਖੇਗੀ
ਬਾਂਹਾਂ ਵਿੱਚ ਘੁੱਟਕੇ ਆਪਣੀਆਂ
ਧਰਵਾਸ ਫਿਰ ਦੇਵਣ ਨੂੰ ਆਏਗੀ ਮੇਰੀ ਭਾਸ਼ਾ

ਮੇਰੇ ਨਾਲ ਕਬਰਾਂ ਤੱਕ ਜਾਏਗੀ ਮੇਰੀ ਭਾਸ਼ਾ
ਉਸਦੀ ਹੋ ਕੇ ਵੀ ਮੈਂ ਉਸਨੂੰ ਨਹੀਂ ਮਿਲਦੀ
ਉਹ ਮੇਰਾ ਹੋ ਕੇ ਵੀ ਨਹੀਂਓ ਮਿਲਦਾ ਮੈਨੂੰ
ਸਾਨੂੰ ਦੋਵਾਂ ਨੂੰ ਮਿਲਾਉਣੇ ਦਾ
ਕੋਈ ਜ਼ਰੀਆ ਜ਼ਰੂਰ ਬਣਾਏਗੀ ਮੇਰੀ ਭਾਸ਼ਾ
ਜਦ ਉਹ ਮੇਰਾ ਹੋ ਜਾਵੇਗਾ

ਸਾਨੂੰ ਦੋਵਾਂ ਨੂੰ ਮਿਲਾਉਣੇ ਦਾ
ਕੋਈ ਜ਼ਰੀਆ ਜਰੂਰ ਬਣਾਏਗੀ ਮੇਰੀ ਭਾਸ਼ਾ
ਜਦ ਉਹ ਮੇਰਾ ਹੋ ਜਾਵੇਗਾ
ਮੈਂ ਉਸਦੀ ਹੋ ਕੇ ਰਹਿ ਜਾਵਾਂਗੀ
ਸਾਨੂੰ ਗੀਤਾਂ ਵਿੱਚ ਸਜਾਏਗੀ ਮੇਰੀ ਭਾਸ਼ਾ

ਇਸ਼ਕ ਮੇਰੇ ਜਿਹਾ ਕੋਈ ਇਸ਼ਕ ਨਾਂ ਹੋਵੇ
ਤੇ ਇਸ਼ਕ ਮੇਰੇ ਨੂੰ ਕੋਈ ਨਜ਼ਰ ਨਾਂ ਲੱਗੇ
ਉਹ ਅੱਖਰਾਂ ਵਿੱਚ ਛੁਪਾਏਗੀ
ਇਸ਼ਕ ਮੇਰੇ ਤੇ ਗੀਤ ਲਿਖੇਗੀ
ਫਿਰ ਅੰਬਰਾਂ ਤੱਕ ਸੁਣਾਏਗੀ
ਜਦ ਇਸ ਦੁਨੀਆਂ ਤੋਂ ਮੈਂ ਚਲੇ ਜਾਵਾਂਗੀ
ਆਪਣੇ ਸੀਨੇ ਨਾਲ ਫਿਰ ਲਾਏਗੀ ਮੇਰੀ ਭਾਸ਼ਾ
ਫਿਰ ਕਦੇ ਇਸ ਦੁਨੀਆਂ ਵਿੱਚ
ਵਾਪਸ ਫਿਰ ਜੇ ਆਈ ਮੈਂ
ਮੇਰੇ ਨਾਲ ਹੀ ਵਾਪਸ ਆਏਗੀ ਮੇਰੀ ਭਾਸ਼ਾ
ਮੇਰੇ ਨਾਲ ਕਬਰਾਂ ਤੱਕ ਜਾਏਗੀ ਮੇਰੀ ਭਾਸ਼ਾ।
✪

## ਖੋਜ

ਬੇਠੀ ਕਿਤੇ ਹੋਰ ਹੈ ਹੁੰਦੀ
ਹੁੰਦੀ ਹੈ ਪਰ ਹੋਰ ਕਿਤੇ
ਬਣਨਾ ਚਾਹਵੇ
ਬੱਦਲਾਂ ਦੀਆਂ ਅੱਖੀਆਂ ਦਾ
ਉਹ ਅੱਥਰੂ
ਜੋ
ਚੱਲ ਪਵੇ ਇੱਕ
ਇਸ ਤਰ੍ਹਾਂ ਦੇ ਸਫ਼ਰ ਤੇ
ਜਾਂਦਾ ਹੋਵੇ ਜੋ ਉਹਨਾਂ ਅਣਜਾਣ
ਰਾਹਾਂ ਨੂੰ
ਜਿਹਨਾਂ ਤੇ ਤੁਰ ਕੇ
ਰਹੇ ਨਾਂ ਉਸ ਵਿੱਚ ਇੱਛਾ ਕੋਈ
ਕਿਸੇ ਨੂੰ ਵੀ ਜਾਨਣ ਦੀ
ਨਾਂ ਕੋਈ ਵੀ ਡਰ
ਕਿਸੇ ਨੂੰ ਭੁੱਲ ਭਲਾਵਣ ਦਾ
ਨਾਂ ਕੋਈ ਵੀ ਇਸ ਤਰ੍ਹਾਂ ਦੀ ਚਾਹਤ
ਕਿ ਉਸਨੂੰ ਵੀ ਕੋਈ
ਯਾਦ ਰੱਖੇ

ਬੈਠੀ ਕਿਤੇ ਹੋਰ ਹੈ ਹੁੰਦੀ
ਪਰ ਹੁੰਦੀ ਹੈ ਹੋਰ ਕਿਤੇ
ਕੋਈ ਲਿਖਦੇ ਉਸ ਤੇ ਕੋਈ
ਕਹਾਣੀ
ਜਾਂ ਉਹ ਬਣ ਜਾਏ ਕਿਸੇ ਸ਼ਾਇਰ
ਦੀ ਕਵਿਤਾ
ਜਾਂ ਕੋਈ ਬਣਾ ਲਵੇ ਉਸਨੂੰ ਆਪਣੀ

ਮੂਵੀ ਦੀ ਨਾਇਕਾ
ਬਣ ਜਾਵੇ ਜਾਂ ਉਹ ਕਿਸੇ ਦਾ
ਨਾਵਲ
ਪਰ ਜੋ ਨਾਂ ਹੋਵੇ
ਅਧੂਰਾ
ਸ਼ਾਇਦ!
ਫਿਰ ਹੀ ਕੋਈ ਸਮਝ ਸਕੇਗਾ
ਉਸਨੂੰ
ਕਿਸੇ ਕਵਿਤਾ
ਕਿਸੇ ਕਹਾਣੀ
ਉਸ ਨਾਵਲ
ਜਾਂ ਮੂਵੀ ਦੀ ਨਾਇਕਾ
ਵਿੱਚੋਂ।
✪

## ਨਜ਼ਮ (ਰਾਮ ਮੰਦਿਰ)

ਕੀ ਕਿਸੇ ਨੇ ਕਦੀ ਰਾਮ ਨੂੰ ਪੁੱਛਿਆ
ਕਿੱਥੇ ਉਹ ਰਹਿਣਾ ਚਾਹੁੰਦਾ ਹੈ
ਦਿਲਾਂ ਵਿੱਚ ਵੱਸਣਾ ਚਾਹੁੰਦਾ ਹੈ
ਜਾਂ ਮੰਦਿਰ ਵਿੱਚ ਹੀ ਸੱਜਣਾ ਚਾਹੁੰਦਾ ਹੈ

ਮੰਦਿਰ ਨੂੰ ਜਦ ਢਾਇਆ ਹੋਵੇਗਾ
ਕੀ ਅੱਲਾ ਖ਼ੁਸ਼ ਹੋਇਆ ਹੋਵੇਗਾ
ਰਾਮ ਵੀ ਉੱਥੇ ਆਇਆ ਹੋਵੇਗਾ
ਗਲੇ ਲੱਗਕੇ ਅੱਲਾ ਦੇ ਰੋਇਆ ਹੋਵੇਗਾ

ਮਸਜ਼ਿਦ ਨੂੰ ਜਦ ਵੀ ਢਾਇਆ ਹੋਵੇਗਾ
ਕੀ ਰਾਮ ਬਹੁਤ ਖ਼ੁਸ਼ ਹੋਇਆ ਹੋਵੇਗਾ
ਅੱਲਾ ਦੇ ਦਿਲ ਤੇ ਕੀ ਸੀ ਬੀਤੀ
ਇਹ ਸੋਚ ਸੋਚ ਉਹ ਰੋਇਆ ਹੋਵੇਗਾ

ਟੈਂਕਾਂ ਤੋਪਾਂ ਉੱਤੇ ਚੜ੍ਹਕੇ ਜਦ
ਹਰਮੰਦਿਰ ਨੂੰ ਢਾਇਆ ਹੋਵੇਗਾ
ਮਾਸੂਮਾਂ ਦਾ ਲਹੂ ਡੁੱਲ੍ਹਿਆ ਦੇਖਕੇ
ਰੱਬ ਕਿੰਨਾਂ ਜ਼ਿਆਦਾ ਰੋਇਆ ਹੋਵੇਗਾ

ਨਾਂ ਅੱਲਾ ਦਾ ਘਰ ਟੁੱਟਣ ਤੇ
ਨਾਂ ਰਾਮ ਦਾ ਘਰ ਟੁੱਟਣ ਤੇ
ਨਾਂ ਅਕਾਲ ਤੱਖਤ ਤੇ ਬੰਬ ਸੁੱਟਣ ਤੇ
ਕਦੇ ਵੀ ਰੱਬ ਖ਼ੁਸ਼ ਹੋਇਆ ਨਾਂ ਹੋਵੇਗਾ

ਮਸਜ਼ਿਦਾਂ ਨੂੰ ਟੁੱਟਦੇ ਦੇਖ ਕੇ

ਮਸਜ਼ਿਦਾਂ ਨੂੰ ਟੁੱਟਦੇ ਦੇਖ ਕੇ
ਮੰਦਿਰਾਂ ਨੂੰ ਲੁੱਟਦੇ ਦੇਖ ਕੇ
ਮਾਸੂਮਾਂ ਨੂੰ ਕੁੱਟਦੇ ਦੇਖ ਕੇ
ਇਹ ਬੋਝ ਕਿਵੇਂ

ਉਹਨੇ ਢੋਇਆ ਹੋਵੇਗਾ
ਉਸਦੇ ਨਾਮ ਤੇ ਪਏ ਨੇ ਲੜਦੇ
ਕਤਲੇਆਮ ਕਿਉਂ ਕਰਦੇ ਨੇ ਫਿਰਦੇ
ਉਸਨੂੰ ਨਜ਼ਰ ਸਭ ਆਇਆ ਹੋਵੇਗਾ
ਸੋਚ ਸੋਚ ਰੱਬ ਰੋਇਆ ਹੋਵੇਗਾ
ਮੰਦਿਰ ਮਸਜ਼ਿਦ ਵਿੱਚ ਕੈਦੀ ਬਣਕੇ
ਰੱਬ ਕਿਵੇਂ ਖੁਸ਼ ਹੋਇਆ ਹੋਵੇਗਾ

ਕੀ ਕਿਸੇ ਨੇ ਕਦੀ ਰਾਮ ਤੋਂ ਪੁੱਛਿਆ
ਕਿੱਥੇ ਹੈ ਉਹ ਰਹਿਣਾ ਚਾਹੁੰਦਾ
ਲੋਕਾਂ ਦੇ ਦਿਲਾਂ ਦੇ ਵਿੱਚੋਂ ਲਹਿਕੇ
ਬਸ ਇੱਕ ਮੂਰਤੀ ਵਿੱਚ ਹੀ
ਉਹ ਰਹਿਣਾ ਹੈ ਚਾਹੁੰਦਾ
ਪਰ ਅੱਲ੍ਹਾ ਵੀ ਇਹ ਦੱਸਣਾ ਹੈ ਚਾਹੁੰਦਾ
ਮਸਜ਼ਿਦ ਵਿੱਚ ਹੀ ਨਹੀਂ ਉਹ ਆਉਂਦਾ
ਰਾਮ ਵੀ ਇਹ ਸਭ ਕਹਿਣਾ ਹੈ ਚਾਹੁੰਦਾ
ਉਹ ਮੰਦਿਰ ਵਿੱਚ ਨਹੀਂ ਵਹਿਣਾ ਚਾਹੁੰਦਾ

ਕੀ ਕਿਸੇ ਨੇ ਕਦੇ ਰਾਮ ਤੋਂ ਪੁੱਛਿਆ
ਕਿੱਥੇ ਉਹ ਰਹਿਣਾ ਚਾਹੁੰਦਾ ਹੈ
ਉਸਦਾ ਦਿਲ ਕੀ ਚਾਹੁੰਦਾ ਹੈ
ਦਿਲਾਂ ਵਿੱਚ ਬਸਣਾ ਚਾਂਹੁੰਦਾ ਹੈ
ਜਾ ਮੰਦਿਰ ਵਿੱਚ ਹੀ ਸੱਜਣਾ ਚਾਹੁੰਦਾ ਹੈ
ਨਾਂ ਕਰੋ ਕੇਦ ਰਾਮ ਨੂੰ
ਇੱਕ ਮੰਦਿਰ ਵਿੱਚ
ਆਜ਼ਾਦ ਹੀ ਉਸ ਨੂੰ ਰਹਿਣ ਦਿਉ
ਮੰਦਿਰ ਵਿੱਚ ਉਹ ਰਹਿਣਾ ਨਹੀਂ ਚਾਹੁੰਦਾ
ਬੰਦਿਆਂ ਦੇ ਦਿਲ ਵਿੱਚ ਵਹਿਣ ਦਿਉ

ਕੀ ਕਿਸੇ ਨੇ ਕਦੀ ਰਾਮ ਤੋਂ ਪੁੱਛਿਆ
ਕਿੱਥੇ ਉਹ ਰਹਿਣਾ ਚਾਹੁੰਦਾ ਹੈ।
✪

## ਰਾਮ

ਹੇ ਰਾਮ!
ਕੀ ਤੂੰ ਚਾਹੁੰਦਾ ਹੈ...
ਤੇਰਾ ਨਾਮ ਜੇ ਕੋਈ ਨਾਂ ਲੈਣਾ
ਚਾਹਵੇ
ਉਸ ਨੂੰ ਮੌਤ ਦੇ ਘਾਟ
ਉਤਾਰਿਆ ਜਾਵੇ
ਤੇ
ਬੇਗੁਨਾਹਾਂ ਦੇ
ਖ਼ੂਨ ਦੇ ਛਿੱਟਿਆਂ ਦੇ ਨਾਲ
ਕੀਤਾ ਜਾਵੇ ਤੇਰਾ
ਤਿਲਕ

ਹੇ ਰਾਮ
ਤੂੰ ਕਿਸ ਤਰ੍ਹਾਂ ਦਾ ਰਾਮ ਹੈਂ
ਜੋ ਚਾਹੁੰਦਾ ਹੈ
ਜ਼ਬਰਦਸਤੀ ਥੋਪਿਆ ਜਾਵੇ
ਤੇਰਾ ਨਾਮ ਸਾਰਿਆਂ ਤੇ

ਹੇ ਰਾਮ
ਜੇ ਤੂੰ ਸੱਚਮੁੱਚ ਦਾ ਰਾਮ ਹੈਂ
ਫਿਰ ਤਾਂ ਨਹੀਂ
ਪਰ
ਜੇ ਤੂੰ ਸਿਰਫ਼ ਤੇ ਸਿਰਫ਼
ਰਾਜਾ ਰਾਮ ਹੈ
ਫਿਰ
ਇਹ ਹੋ ਸਕਦਾ ਹੈ

ਫਿਰ
ਇਹ ਹੋ ਸਕਦਾ ਹੈ
ਕਿਉਂਕਿ
ਰਾਜੇ ਕਦੋਂ ਪਰਜਾ ਦੇ
ਬਣਦੇ ਨੇ
ਉਹ ਤਾਂ ਸਿਰਫ
ਹਕੂਮਤ ਹੀ ਕਰਦੇ ਨੇ
ਤੇ ਆਪਣੇ
ਨਿਯਮ ਲਾਗੂ ਕਰਨ ਲਈ
ਹਰ ਵਾਰ ਕਰਦੇ ਨੇ ਇੱਕ
ਹੋਰ ਨਸਲਘਾਤ।
✪

## ਨਾਚ

ਰਾਮ ਨਾਮ ਉਹ ਹੈ
ਜੋ ਹਰ ਸਾਹ ਦੇ ਨਾਲ ਸਾਹ ਬਣਕੇ
ਦਿਲ ਤੋਂ ਬੁੱਲਾਂ ਤੇ
ਉੱਤਰ ਆਏ
ਰਾਮ ਨਾਮ ਉਹ ਹੈ
ਜੋ
ਜਬਰਦਸਤੀ ਨਹੀਂ ਬੁਲਾਇਆ ਜਾਂਦਾ
ਜਿਸਦੇ ਨਾਂ ਬੋਲਣ ਤੇ ਕਿਸੇ ਨੂੰ
ਜਿਉਂਦੇ ਹੀ ਜੀ
ਅੱਗ ਵਿੱਚ ਨਹੀਂ ਜਲਾਇਆ ਜਾਂਦਾ

ਰਾਮ ਨਾਮ ਤਾਂ
ਸਿਰਫ਼ ਸ਼ਾਂਤੀ ਲਈ ਹੈ
ਅਸ਼ਾਂਤੀ ਲਈ ਨਹੀਂ
ਜੋ
ਨਾਮ ਲੈ ਕੇ
ਖ਼ੂਨ ਦੀ ਹੌਲੀ ਖੇਡੀ ਜਾਵੇ
ਲਾਸ਼ਾਂ ਤੇ ਥੁੱਕਿਆ ਜਾਵੇ ਤੇ
ਤਾਂਡਵ ਨਾਚ ਨੱਚਿਆ ਜਾਵੇ
ਉਹ
ਰਾਮ ਨਾਮ
ਰੱਬ ਦਾ ਨਹੀਂ ਹੋ ਸਕਦਾ
ਉਹ ਰਾਮ
ਭਗਵਾਨ ਨਹੀਂ ਹੋ ਸਕਦਾ
ਉਹ ਤਾਂ
ਕੋਈ ਹੋਰ ਹੀ ਹੋ

ਉਹ ਤਾਂ
ਹੋਰ ਹੀ ਹੈ
ਸਕਦਾ ਹੈ

ਕੋਈ
ਹੁਕਮਰਾਨ ਰਾਜਾ ਰਾਮ ਹੀ
ਹੋ ਸਕਦਾ ਹੈ
ਕਿਉਂਕਿ
ਰਾਮ ਨਾਮ
ਉਹ ਨਾਮ ਹੈ ਜੋ
ਹਰ ਸਾਹ ਨਾਲ ਸਾਹ ਬਣਕੇ
ਦਿਲ ਤੋਂ ਬੁੱਲਾਂ ਤੇ
ਉੱਤਰ ਆਏ
ਤੇ
ਸ਼ਾਂਤੀ ਤੇ ਸਕੂਨ ਦੇਵੇ
ਅਸ਼ਾਂਤੀ ਨਹੀਂ।
✪

## ਡਰਦਾ ਰੱਬ

ਰੱਬ ਕਹਿੰਦਾ ਹੈ
ਮੈਂ ਵੀ ਹੁਣ ਤਾਂ
ਡਰ ਡਰ ਕੇ ਹੀ
ਰਹਿੰਦਾ ਹਾਂ

ਮੈਨੂੰ ਵੀ ਮੇਰੇ ਲੋਕਾਂ ਤੋਂ
ਬਹੁਤ ਜ਼ਿਆਦਾ ਡਰ
ਹੈ ਲੱਗਦਾ
ਮੈਂ ਵੀ ਕਿਤੇ ਛੁੱਪ ਜਾਵਣ ਨੂੰ
ਇੱਕ ਸੋਹਣੀ ਜਿਹੀ
ਥਾਂ ਪਿਆ ਹਾਂ ਲੱਭਦਾ

ਰਾਮ ਅੱਲਾ, ਰੱਬ
ਮਿਲਕੇ ਸਾਰੇ
ਇੱਕ ਥਾਂ ਤੇ ਜਦ ਨੇ ਬਹਿੰਦੇ
ਆਪਸ ਵਿੱਚ ਗੱਲਾਂ ਨੇ ਕਰਦੇ
ਇਹ ਸਾਰੇ ਦੁਨੀਆਂ ਵਾਲੇ
ਸਾਡੇ ਨਾਮ ਤੇ ਪਏ
ਕਿਉਂ ਨੇ ਲੜਦੇ

ਹੱਸਦੇ ਨੇ ਉਹ ਕਿ
ਇਹ ਲੋਕੀਂ
ਕਿਉਂ ਭੁੱਲ ਬੈਠੇ ਨੇ
ਐਸੇ ਮੰਦਿਰਾਂ, ਮਸਜ਼ਿਦਾਂ ਵਿੱਚ
ਅਸੀ ਤਾਂ ਕਦੀ ਵੀ
ਪੈਰ ਨਹੀਂ ਧਰਦੇ
ਰੱਬ ਕਹਿੰਦਾ ਹੈ
ਰੌਲ਼ਾ ਰੱਪਾ ਵੱਧ ਰਿਹਾ ਹੈ

ਰੱਬ ਕਹਿੰਦਾ ਹੈ
ਰੌਲਾ ਰੱਪਾ ਵੱਧ ਰਿਹਾ ਹੈ
ਮੇਰਾ ਆਦਮ ਮੇਰੇ ਨਾਮ ਤੇ
ਝੂਠ ਨੂੰ ਖ਼ੂਬ ਫੈਲਾ ਰਿਹਾ ਹੈ
ਧਰਮਾਂ ਦੇ ਨਾਵਾਂ ਤੇ
ਮੇਰੇ ਹੀ ਲੋਕਾਂ ਨੂੰ ਵੰਡ ਕੇ
ਆਪਸ ਵਿੱਚ ਹੀ
ਲੜਾ ਰਿਹਾ ਹੈ

ਇਹ ਦੁਨੀਆਂ ਹੁਣ ਮੈਨੂੰ
ਬਿੱਲਕੁਲ ਹੀ ਚੰਗੀ
ਨਹੀਂਉ ਲੱਗਦੀ
ਮੈਂ ਵੀ ਇਸਨੂੰ ਛੱਡ ਕੇ
ਹੁਣ ਕਿਤੇ ਜਾ ਰਿਹਾ ਹਾਂ

ਅੱਜਕਲ੍ਹ ਇਹ ਸਭ
ਰੱਬ ਪਿਆ ਹੈ ਕਹਿੰਦਾ
ਮੈਂ ਵੀ ਹੁਣ ਡਰ ਡਰ ਕੇ
ਹਾਂ ਰਹਿੰਦਾ
ਇਹ ਰੱਬ ਕਹਿੰਦਾ ਹੈ।
✪

## ਕਿਉਂ

ਕਿਉਂ ਰੱਬ ਦਾ ਸਬਰ ਅਜ਼ਮਾ ਰਹੇ ਹੋ
ਇਹ ਨਫ਼ਰਤ ਕਿਉਂ ਫ਼ੈਲਾ ਰਹੇ ਹੋ
ਰੱਬ ਨਾਲ ਰਿਸ਼ਤਾ ਜੋੜ ਰਹੇ ਹੋ
ਜਾ ਰੱਬ ਨਾਲ ਰਿਸ਼ਤਾ ਤੋੜ ਰਹੇ ਹੋ

ਕਿਉਂ ਮਸਜ਼ਿਦਾਂ ਨੂੰ ਢਾਅ ਰਹੇ ਹੋ
ਇਹ ਧਰਮ ਗਰੰਥ ਕਿਉਂ ਜਲਾ ਰਹੇ ਹੋ
ਭਗਵਾਂਕਰਨ ਦਾ ਏਜੰਡਾ ਲੈ ਕੇ
ਰਾਮ ਰਾਜ ਦਾ ਝੰਡਾ ਲੈ ਕੇ
ਮੰਦਿਰ ਦੇ ਨਾਮ ਤੇ ਲੋਕਾਂ ਨੂੰ
ਕਾਹਦੇ ਲਈ ਭੜਕਾ ਰਹੇ ਹੋ
ਕਿਉਂ ਆਪਸ ਵਿੱਚ ਲੜਾ ਰਹੇ ਹੋ
ਕਿਉਂ ਰੱਬ ਦਾ ਸਬਰ ਅਜ਼ਮਾ ਰਹੇ ਹੋ।
✪

# ਰਾਮ ਉਦਾਸ ਹੈ

ਇਹ ਕਵਿਤਾ ਸਮਰਪਿੱਤ ਕੀਤੀ ਹੈ
ਮੱਧ ਪ੍ਰਦੇਸ਼ (ਸਤਨਾ) : ਚਿਤਰਕੂਟ ਸ਼ਹਿਰ ਦੇ ਤੇਲ ਵਪਾਰੀ ਬ੍ਰਿਜੇਸ਼ ਰਾਵਤ ਦੇ ਮਾਸੂਮ ਬੱਚਿਆਂ ਪ੍ਰਿਆਂਸ਼ ਤੇ ਸ਼੍ਰੇਆਂਸ਼ ਨੂੰ ਜੋ ਰਾਮ ਰਾਜ ਦੀ ਭੇਟ ਚੜ ਗਏ (ਫਰਵਰੀ 2019 ਵਿੱਚ)।

ਉਹ ਤਾਂ ਪਹਿਲਾਂ ਹੀ ਬਹੁਤ
ਉਦਾਸ ਸੀ
ਤੁਸੀਂ ਹੋਰ ਕਰ ਦਿੱਤਾ
ਉਹ ਤਾਂ ਪਹਿਲਾਂ ਹੀ
ਸਦੀਆਂ ਤੋਂ
ਬਿਰਾਨ ਦਿਲ ਤੇ ਮੱਥੇ ਤੇ ਲੱਗਾ ਕਲੰਕ
ਲੈ ਕੇ ਘੁੰਮ ਰਿਹਾ ਸੀ
ਸੀਤਾ ਨੂੰ ਬੇਦਖ਼ਲ ਕਰਨ ਦਾ
ਰਾਮ ਰਾਜ ਦਾ ਰੌਲ਼ਾ ਪਾਉਣ ਵਾਲਿਓ

ਕਈ ਕਹਿੰਦੇ ਨੇ
ਹੋ ਸਕਦਾ ਹੈ ਉਸਦੀ ਕੋਈ
ਮਜ਼ਬੂਰੀ ਹੋਵੇ
ਜੋ ਕਰਨਾ ਪਿਆ ਉਸਨੂੰ ਇਹ ਸਭ
ਉਸਨੂੰ
ਤਾਂ ਇਹ ਦੁੱਖ ਸੀ
ਸੀਤਾ ਇਕੱਲੀ ਨਹੀਂ
ਲਵ ਤੇ ਕੁਸ਼ ਵੀ ਬੇਦਖ਼ਲ ਹੋਏ ਸਨ
ਨਾਲ ਉਸਦੇ
ਰਾਮ ਰਾਜ ਦਾ ਰੌਲ਼ਾ ਪਾਉਣ ਵਾਲਿਓ

ਮੈਂ ਤੁਹਾਨੂੰ ਪੁੱਛਦੀ ਹਾਂ
ਕੀ ਤੁਹਾਨੂੰ
ਪ੍ਰਿਆਂਸ ਤੇ ਸ਼੍ਰੇਆਂਸ਼

ਪ੍ਰਿਆਂਸ ਤੇ ਸ੍ਰੇਆਂਸ਼ ਦੇ
ਮਾਸੂਮ ਚਿਹਰਿਆਂ ਦੇ ਵਿੱਚੋਂ
ਲਵ ਤੇ ਕੁਸ਼ ਨਜ਼ਰ ਨਾਂ ਆਏ

ਉਸ ਯੁੱਗ ਵਿੱਚ ਤਾਂ
ਸੀਤਾ ਨੇ ਆਪਣੀ ਕੁੱਖ ਦੀ
ਛਤਰ ਛਾਇਆ ਤੇ
ਮਮਤਾ ਦੀ ਗਹਿਰੀ ਛਾਂ ਵਿੱਚ
ਪਿਆਰ ਦੀ ਵਿਸ਼ਾਲ ਕੰਧ ਦੇ ਉਹਲੇ
ਲੁਕੋ ਕੇ ਰੱਖਿਆ ਸੀ
ਆਪਣੇ ਜ਼ਿਗਰ ਦੇ ਟੋਟਿਆਂ ਨੂੰ

ਇਸ ਯੁੱਗ ਵਿੱਚ ਤੁਸੀਂ
ਪ੍ਰੇਆਂਸ਼ ਤੇ ਸ੍ਰੇਆਂਸ਼
ਨੂੰ ਸੰਗਲਾਂ ਨਾਲ ਬੰਨਕੇ
ਕਿਵੇਂ ਯਮੁਨਾ ਦੇ ਵਿੱਚ
ਬਹਾ ਦਿੱਤਾ
ਉਹ ਵੀ
ਕਿਸੇ ਹੋਰ ਸੀਤਾ ਦੇ
ਲਵ ਤੇ ਕੁਸ਼ ਸਨ
ਰਾਮ ਰਾਜ ਦਾ ਰੌਲ਼ਾ ਪਾਉਣ ਵਾਲਿਓ

ਪ੍ਰੇਆਂਸ਼ ਤੇ ਸ੍ਰੇਆਂਸ਼
ਡਰੇ ਨਹੀਂ
ਇਸੇ ਲਈ ਤੁਸੀਂ ਜੁਰੱਅਤ
ਕਰ ਸਕੇ
ਉਹਨਾਂ ਨੂੰ ਸੰਗਲਾਂ ਦੀਆਂ ਬੇੜੀਆਂ ਵਿੱਚ ਬੰਨ੍ਹਕੇ
ਯਮੁਨਾ ਦੀ ਭੇਟ ਚੜ੍ਹਾਵਣ ਲਈ
ਕਿਉਂਕਿ
ਤੁਹਾਡੀਆਂ ਨਫ਼ਰਤ ਭਰੀਆਂ

ਵਹਿਸ਼ੀ ਅੱਖਾਂ
ਦੇ ਵਿੱਚ ਹੌਸਲਾ ਨਹੀਂ ਸੀ
ਕਿ

ਤੁਸੀਂ ਉਹਨਾਂ ਦੀਆਂ ਅੱਖਾਂ ਵਿੱਚ
ਤੱਕ ਸਕਦੇ
ਕਿਉਂਕਿ
ਉਹਨਾਂ ਮਾਸੂਮ ਅੱਖੀਆਂ ਨੇ
ਤੁਹਾਡਾ ਧੰਨਵਾਦ
ਕੀਤਾ ਸੀ ਕਿ
ਜੇ ਤੁਹਾਡਾ ਰਾਮ ਰਾਜ
ਇਸ ਤਰ੍ਹਾਂ ਦਾ ਹੈ
ਤਾਂ
ਅਸੀ ਕਹਿੰਦੇ ਹਾਂ
ਅਲਵਿਦਾ
ਇਸ ਧਰਤੀ ਨੂੰ
ਉਸ ਰਾਮ ਰਾਜ ਦੇ
ਆਉਣ ਤੋਂ ਪਹਿਲਾਂ ਹੀ
ਕਿਉਂਕਿ
ਅਸੀਂ ਕਾਤਿਲਾਂ ਦੀ ਭੀੜ ਵਿੱਚ ਸ਼ਾਮਿਲ
ਨਹੀਂ ਹੋਣਾ ਚਾਹੁੰਦੇ
ਯਮੁਨਾ ਦੀ ਗੋਦ
ਸਾਨੂੰ ਇਸ ਨਫ਼ਰਤ ਤੋਂ
ਬਚਾ ਸਕੇ
ਹੋ ਸਕਦਾ ਹੈ

ਇਸ ਵਾਰ ਤੁਸੀਂ
ਰਾਮ ਨੂੰ
ਪਹਿਲਾਂ ਤੋਂ ਵੀ ਜਿਆਦਾ
ਕਲੰਕਿਤ ਕਰ ਦਿੱਤਾ
ਉਹ ਤਾਂ ਪਹਿਲਾਂ ਹੀ ਬਹੁਤ

ਉਦਾਸ ਸੀ
ਰਾਮ ਰਾਜ ਦਾ ਰੌਲਾ ਪਾਉਣ ਵਾਲਿਓ।
✪

## ਸਿੱਖੀ

ਗੁਰੂਆਂ ਜੋ ਬਖਸ਼ੀ ਹੈ
ਇਹ ਸੱਚੀ ਤੇ ਸੁੱਚੀ ਹੈ
ਬਚਪਨ ਤੋਂ ਸਿੱਖਿਆ ਹੈ
ਇਹ ਖੰਡਿਉਂ ਤਿੱਖੀ ਹੈ
ਇਹ ਜੋ ਸਿੱਖੀ ਹੈ
ਮੇਰਾ ਭੇਖ ਸਿੱਖੀ ਨਹੀਂ
ਮੇਰੀ ਸੋਚ ਸਿੱਖੀ ਹੈ

ਇਹ ਧਰਮ ਨਿਭਾਉਣਾ ਵੀ
ਕੋਈ ਐਨਾਂ ਨਹੀਂਉਂ ਸੌਖਾ
ਸਿਰਾਂ ਨੂੰ ਕਟਵਾਉਣਾ ਤੇ
ਆਰਿਆਂ ਤੇ ਚੱਲਣਾ ਬਹੁਤਾ ਹੈ ਔਖਾ
ਇਹ ਸੱਚ ਦਾ ਮਾਰਗ ਹੈ
ਇਹਦਾ ਪੈਂਡਾ ਬੜਾ ਔਖਾ ਹੈ

ਇਹ ਬਾਣੇ ਜੋ ਬਖ਼ਸ਼ੇ ਸੀ
ਇਹ ਪਾਉਣੇ ਵੀ ਕੋਈ
ਐਨੇ ਨਹੀਂਉ ਸੌਖੇ ਸੀ
ਇਹ ਧਰਮ ਨਿਭਾਉਣਾ ਵੀ
ਐਨਾਂ ਨਹੀਂਉ ਸੌਖਾ ਸੀ
ਇਹ ਬਾਣੇ ਪਾਉਣੇ ਅੱਜ
ਹੋ ਗਏ ਹੁਣ ਸੌਖੇ ਨੇ
ਅੱਜ ਬਾਣੇ ਪਾ ਕੇ ਕਈ
ਦਿੰਦੇ ਪਏ ਧੌਖੇ ਨੇ
ਇਹ ਜੋ ਸਿੱਖੀ ਹੈ
ਇਸਦੀ ਸ਼ਾਨ ਵੱਖਰੀ ਹੈ
ਇਹ ਸੱਚੀ ਤੇ ਸੁੱਚੀ ਹੈ
ਸੱਚ ਤੋਂ ਵੀ ਉੱਪਰ ਹੈ
ਗੁਰੂਆਂ ਦੀ ਇਹ ਬਖ਼ਸ਼ਿਸ ਹੈ।
✪

## ਬੁੱਲਿਆ

ਬੁੱਲਿਆ ਤੇਰੇ ਕਲਾਮ ਨੂੰ
ਮੈਂ ਸਿਜਦਾ ਹਾਂ ਕਰਦੀ
ਪਰ ਨਾਨਕ ਦੀ ਸੋਚ ਦਾ
ਦਿਲ ਤੋਂ ਦਮ ਭਰਦੀ
ਲੋੜ ਪੈਣ ਤੇ ਗੋਬਿੰਦ ਦੀ
ਸ਼ਮਸ਼ੀਰ ਬਣਾ ਮੈਂ
ਬਿਨ ਜਾਵੇ ਦੁਸ਼ਮਣ ਦਾ ਸੀਨਾ
ਐਸਾ ਇੱਕ ਤੀਰ ਬਣਾ ਮੈਂ

ਜਿਸ ਅੱਗੇ ਕੋਈ ਖੜ੍ਹ ਨਾਂ ਪਾਵੇ
ਐਸੀ ਇੱਕ ਤਕਰੀਰ ਕਰਾਂ ਮੈਂ
ਹਰ ਦਿਲ ਦੀ ਚਾਹਤ ਬਣ ਜਾਵੇ
ਐਸੀ ਇੱਕ ਤਕਦੀਰ ਘੜਾਂ ਮੈਂ
ਸਭਨਾਂ ਦੇ ਮੂੰਹ ਖੁੱਲ੍ਹੇ ਰਹਿ ਜਾਵਣ
ਐਸੀ ਇੱਕ ਤਦਬੀਰ ਬਣਾ ਮੈਂ
ਜਿਸਨੂੰ ਹਰ ਕੋਈ ਪੜ੍ਹਨਾ ਚਾਹੇ
ਵਿਸ਼ਾ ਇੱਕ ਗੰਭੀਰ ਬਣਾ ਮੈਂ

ਤੁਫ਼ਾਨਾ ਤੋਂ ਮੈਂ ਨਾਂ ਡਰਦੀ
ਤੁਰਨਾ ਜੇ ਪੈ ਜਾਏ ਕਿਸੇ ਵੇਲੇ
ਕੰਡਿਆਂ ਤੇ ਵੀ ਪੈਰ ਧਰਾਂ ਮੈਂ
ਸਭ ਦੀ ਰਾਖੀ ਲਈ ਖੜ੍ਹ ਜਾਵੇ
ਐਸੀ ਇੱਕ ਤਲਵਾਰ ਘੜਾ ਮੈਂ
ਜਿਸ ਦਿਲ ਨੂੰ ਕੋਈ ਵੀ ਪੜੇ ਨਾ
ਉਸ ਦਿਲ ਨੂੰ ਵੀ ਮੈਂ ਹਾਂ ਪੜ੍ਹਦੀ
ਬੁੱਲਿਆ ਤੇਰੇ ਕਲਾਮ ਨੂੰ
ਮੈਂ ਸਿਜਦਾ ਹਾਂ ਕਰਦੀ।
✪

## ਪਾਸ਼ ਨਾਲ ਕੁੱਝ ਗੱਲਾਂ
## ਮੈਂ ਕਿੱਥੇ ਸੀ

ਜਦ ਕਿਸਾਨ ਖੇਤਾਂ ਲਈ
ਲੜ ਰਿਹਾ ਹੈ
ਮੇਰਾ ਦਿਲ ਤੇ ਦਿਮਾਗ
ਦੋਨੋਂ ਤੇਰੇ ਪਾਸ ਹਨ
ਦਿਲ ਤੇਰੇ ਨਾਲ ਹੈ
ਤੇ ਦਿਮਾਗ ਤੇਰੀ ਸੋਚ ਨੂੰ
ਪੜ੍ਹ ਰਿਹਾ ਹੈ

ਹੁਣ
ਜਦ ਕਿਸਾਨ ਖੇਤਾਂ ਲਈ ਲੜ ਰਿਹਾ ਹੈ
ਅੱਜ ਹਰ ਕੋਈ ਉਸ ਨਾਲ ਖੜ੍ਹ ਰਿਹਾ ਹੈ
ਮੈਂ ਸੋਚਦੀ
ਤੂੰ ਵੀ ਤਾਂ ਖੇਤਾਂ ਦੀ ਗੱਲ ਕਰਦਾ ਸੀ
ਤੈਨੂੰ ਡਰ ਸੀ ਕਿਤੇ ਉਹ
ਕਰ ਨਾਂ ਦੇਵਣ ਬੇਦਖ਼ਲ ਉਹਨਾਂ ਨੂੰ
ਉਹਨਾਂ ਦੀ ਮਿੱਟੀ ਤੋਂ
ਤੂੰ ਸਿਰਫ਼
ਇਨਸਾਫ਼ ਚਾਹੁੰਦਾਂ ਸੀ
ਖੇਤ ਵੱਸਦੇ ਰਹਿਣ
ਤੇ ਫ਼ਸਲਾਂ ਹੱਸਦੀਆਂ ਰਹਿਣ
ਹੱਕ ਮਿਲਣ ਮਜ਼ਦੂਰਾਂ ਤਾਈਂ
ਮਿੱਟੀ ਨਾਲ ਸੀ ਤੂੰ ਜੁੜਿਆ ਧੁਰ ਅੰਦਰੋਂ
ਤਾਂਹੀਂਉਂ ਮਿੱਟੀ ਨੂੰ ਬਚਾਵਣ ਦੀ
ਗੱਲ ਕਰਦਾ ਸੀ

ਤਾਂਹੀਉਂ ਮਿੱਟੀ ਨੂੰ ਬਚਾਵਣ ਦੀ
ਗੱਲ ਕਰਦਾ ਸੀ
ਕੰਮੀਆਂ ਤੇ ਕਿਸਾਨਾਂ ਦੇ
ਹੱਕਾਂ ਨੂੰ ਬਚਾਵਣ ਦੇ ਲਈ
ਮਰਨ ਤੇ ਮਾਰਨ ਦੀ ਗੱਲ ਕਰਦਾ ਸੀ
ਤੂੰ ਤਾਂ ਪਹਿਲਾਂ ਤੋਂ ਹੀ
ਬੰਦਾਂ ਬਹਾਦਰ ਦੀਆਂ ਦਿੱਤੀਆਂ ਜ਼ਮੀਨਾਂ
ਦੀਆਂ ਗੱਲਾਂ ਕਰਦਾ ਸੀ
ਬੇਸ਼ੱਕ ਅੱਜ ਹਰ ਕੋਈ
ਕਿਸਾਨਾਂ ਦੇ ਲਈ ਹੈ ਖੜ੍ਹ ਰਿਹਾ
ਤੂੰ ਤਾਂ ਉਸ ਸਮੇਂ ਵੀ
ਖੇਤਾਂ ਲਈ ਹੀ ਲੜਦਾ ਸੀ

ਮੈਂ ਸੋਚਦੀ
ਤੂੰ ਵੀ ਤਾਂ ਬਾਬੇ ਨਾਨਕ ਦੇ
ਫ਼ਲਸਫੇ ਤੇ ਹੀ ਚਲ ਰਿਹਾ ਸੀ
ਫਿਰ
ਉਹ ਕੌਣ ਸੀ
ਜੋ ਤੈਨੂੰ ਗਲਤ ਦੱਸ ਰਿਹਾ ਸੀ
ਤੇ ਗਲਤ ਪੜ੍ਹ ਰਿਹਾ ਸੀ
ਅੱਜ
ਸਭ ਇਕੱਠੇ ਹੋ ਕੇ
ਇੱਕ ਉਹ ਹੀ ਗਲ ਕਰ ਰਹੇ ਨੇ
ਜੋ ਕੱਲ੍ਹ ਤੂੰ ਸਭ ਨੂੰ ਦੱਸ ਰਿਹਾ ਸੀ

ਮੈਂ ਖ਼ੁਸ਼ ਹਾਂ ਕਿ
ਹੁਣ ਸ਼ਾਇਦ
ਤੂੰ ਵੀ ਖ਼ੁਸ਼ ਹੋ ਜਾਵੇ
ਵਕਤ ਤੇਰੇ ਤੇ ਲੱਗੇ ਦਾਗਾਂ ਨੂੰ
ਧੋਅ ਦੇਵੇ
ਤੇ ਦੱਸ ਦੇਵੇ ਸਭ ਨੂੰ
ਕਿ

ਤੂੰ ਗੁਨਾਹਗਾਰ ਨਹੀਂ ਸੀ

ਮੈਂ ਖੁਸ਼ ਹਾਂ ਕਿ
ਹੁਣ
ਸ਼ਾਇਦ ਤੂੰ ਵੀ ਖੁਸ਼ ਹੋ ਜਾਵੇ
ਵਕਤ ਤੇਰੇ ਤੇ ਲੱਗੇ ਦਾਗਾਂ ਨੂੰ
ਧੋਅ ਦੇਵੇ
ਤੇ ਦੱਸ ਦੇਵੇ ਸਭ ਨੂੰ
ਕਿ
ਤੂੰ ਗੁਨਾਹਗਾਰ ਨਹੀਂ ਸੀ।
✪

## ਮੈਂ ਤੇ ਪਾਸ਼

ਮੈਂ ਤੇ ਪਾਸ਼
ਜਦੋਂ ਵੀ ਮਿਲਦੇ ਹਾਂ
ਕ੍ਰਾਂਤੀਆਂ ਦੀ ਗੱਲ ਕਰਦੇ ਹਾਂ

ਮੈਂ ਪਾਸ਼ ਨੂੰ ਪੁੱਛਦੀ ਹਾਂ
ਉਹ ਅੱਖਾਂ ਚੁਰਾਉਂਦਾ
ਥੋੜ੍ਹੀ ਜਿਹੀ ਨੀਵੀ ਪਾ ਲੈਂਦਾਂ
ਤੇ ਮੁਸਕਰਾਉਂਦਾ ਹੈ
ਡਰਦਾ ਹੈ
ਸੱਚ ਦੱਸਣ ਤੋਂ
ਝਿਜਕਦਾ ਹੋਇਆ

ਉਹ ਮੈਂਨੂੰ
ਇਹ ਦੱਸਦਾ ਹੈ
ਕਿ
ਕੁੱਝ ਵੀ ਨਹੀਂ ਮਿਲਿਆ
ਮੈਨੂੰ ਤਾਂ
ਮੇਰੇ ਰਸਤੇ ਤੇ ਚਲਕੇ
ਤੂੰ ਕੀ ਕਰੇਂਗੀ

ਕੁੱਝ ਨਹੀਂ ਮਿਲਦਾ
ਸਿਵਾਏ ਮੌਤ ਦੇ
ਮੌਤ ਵੀ
ਕੋਈ ਬਹੁਤੀ ਵੱਡੀ ਗੱਲ ਨਹੀਂ
ਦੁੱਖ ਉਂਦੋਂ ਹੁੰਦਾ ਹੈ
ਜਦੋਂ
ਮੌਤ ਤੋਂ ਬਾਅਦ ਵੀ

ਕੁੱਝ ਨਹੀਂ ਬਦਲਦਾ
ਫਿਰ
ਕਾਹਦੀਆਂ ਕਰਾਂਤੀਆਂ
ਤੇ ਕੀ
ਕ੍ਰਾਂਤੀਕਾਰੀ।
✪

## ਸੋਹਣੀ ਕੁੜੀ

ਪਾਸ਼ ਤੂੰ ਤਾਂ ਪਹਿਲਾਂ ਹੀ
ਦੱਸ ਦੱਸ ਕੇ
ਥੱਕ ਗਿਆ ਸੀ
ਕਿ
ਦਿੱਲੀ ਦੀ ਦੁਸ਼ਮਣੀ
ਪਿੰਡ ਦੀ
ਉਸ ਸੋਹਣੀ ਕੁੜੀ ਦੇ ਨਾਲ ਹੈ

ਪਰ
ਕਿਸੇ ਨੇ ਵੀ ਨਾਂ ਸੁਣਿਆ
ਜੇ ਉਹ ਸਾਰੇ
ਤੈਨੂੰ ਪਹਿਲਾਂ ਹੀ ਸੁਣ ਲੈਂਦੇ
ਤਾਂ ਸ਼ਾਇਦ
ਅੱਜ
ਲੋਕ ਇਹ ਸਭ ਨਾਂ ਸਹਿੰਦੇ
ਇੰਨੀਆਂ ਕਾਲੀਆਂ ਠੰਡੀਆਂ ਰਾਤਾਂ ਵਿੱਚ
ਘਰਾਂ ਵਿੱਚੋਂ ਬਾਹਰ ਨਿਕਲ
ਸੜਕਾਂ ਤੇ ਨਾਂ ਬਹਿੰਦੇ

ਤੂੰ ਤਾਂ
ਸਭ ਨੂੰ ਬਚਾਉਣਾ ਚਾਹੁੰਦਾ ਸੀ
ਸਭ ਦੇ ਹੱਕ ਦਿਵਾਉਣਾ ਚਾਹੁੰਦਾ ਸੀ
ਚਲ
ਕਿਸੇ ਨਾਂ ਸੁਣਿਆ
ਇਹ ਸਭ ਹੀ ਤਾਂ
ਤੂੰ ਦੱਸਣਾ ਚਾਹੁੰਦਾ ਸੀ
ਤੇ ਚੀਖ ਚੀਖ

ਦੱਸ ਰਿਹਾ ਸੀ
ਕਿ
ਦਿੱਲੀ ਦੀ ਦੁਸ਼ਮਣੀ
ਸਿਰਫ਼ ਤੇ ਸਿਰਫ਼
ਤੁਹਾਡੇ ਪਿੰਡ ਦੀ ਸੋਹਣੀ
ਕੁੜੀ ਨਾਲ ਹੈ

ਚਲ ਕੋਈ ਗੱਲ ਨਹੀਂ
ਜਦ
ਸਿਰ ਤੇ ਪੈਂਦੀ ਹੈ ਤਾਂ
ਸਭ ਆਪੇ ਪਤਾ ਲੱਗ
ਜਾਂਦਾ ਹੈ
ਅੱਜ
ਸਿਰ ਤੇ ਆਣ ਪਈ ਹੈ
ਸ਼ਾਇਦ
ਹੁਣ ਸਮਝ ਜਾਣ
ਤੇਰੀਆਂ ਗੱਲਾਂ

ਦਿੱਲੀ ਦੀ ਦੁਸ਼ਮਣੀ
ਕੱਲ੍ਹ ਵੀ
ਉਸੇ ਕੁੜੀ ਦੇ ਨਾਲ ਸੀ
ਤੇ ਅੱਜ ਵੀ
ਉਸੇ ਕੁੜੀ ਦੇ ਨਾਲ ਹੈ
ਪਰ
ਇਸ ਵਾਰ ਤਾਂ ਹੱਦ ਹੀ ਹੋ ਗਈ
ਅੱਜ ਤਾਂ ਉਹ
ਉਸ ਸੋਹਣੀ ਕੁੜੀ ਦੇ
ਘਰ ਤੱਕ ਹੀ ਪਹੁੰਚ ਗਈ ਸੀ
ਤੇ ਅਗਵਾ ਕਰ ਲੈ ਜਾਣਾ ਚਾਹੁੰਦੀ ਸੀ

ਤਾਂਕਿ ਉਹ
ਹਮੇਸ਼ਾਂ ਇਸ ਸੋਹਣੀ ਕੁੜੀ ਨੂੰ
ਆਪਣੇ ਪਾਸ ਹੀ
ਰੱਖ ਸਕੇ

ਪਰ
ਇਸ ਵਾਰ
ਇਸ ਸੋਹਣੀ ਕੁੜੀ ਦੇ
ਘਰ ਦਾ
ਹਰ ਜੀਅ ਜਾਗ ਉੱਠਿਆ ਹੈ
ਤੇ ਤੁਰ ਪਿਆ ਹੈ
ਉਸਦੀ ਰਾਖੀ ਦੇ ਲਈ
ਤਾਂਕਿ
ਕੋਈ ਵੀ ਉਸ ਉਪੱਰ
ਆਪਣੀਆਂ ਅੱਖਾਂ ਨਾਂ ਧਰ ਸਕੇ
ਹੁਣ
ਉਸਦੇ ਘਰ ਦੇ
ਉਸ ਉੱਪਰ ਅੱਖਾਂ ਰੱਖਣ
ਵਾਲਿਆਂ ਦੀਆਂ
ਅੱਖਾਂ ਨੋਚ ਲੇਣਗੇ

ਪਾਸ਼
ਤੂੰ ਉਸ ਸੋਹਣੀ ਕੁੜੀ ਦੀ
ਹਿਫਾਜ਼ਤ ਲਈ
ਜੋ ਫ਼ਿਕਰਾਂ ਦਾ ਇੱਕ ਟੋਕਰਾ
ਚੁੱਕਿਆ ਸੀ
ਆਪਣੇ ਸਿਰ ਤੇ

ਰੱਬ ਕਰੇ
ਅੱਜ ਉਸ ਫਿਕਰਾਂ ਦੇ ਟੋਕਰੇ

ਦਾ ਬੋਝ
ਤੇਰੇ ਸਿਰ ਤੋਂ
ਉੱਤਰ ਜਾਵੇ
ਤੇ ਸਾਰੇ ਪਿੰਡਾਂ ਦੀਆਂ
ਸੋਹਣੀਆਂ
ਕੁੜੀਆਂ ਬਚੀਆਂ ਰਹਿਣ।
✪

## ਸਟੇਟਮੈਂਟ

ਪਾਸ਼
ਸਮਝ ਨਹੀਂ ਆਉਂਦੀ
ਕੁੱਝ ਵੀ ਮੈਨੂੰ
ਜਦ ਤੇਰੇ ਵਾਰੇ ਕਈਆਂ ਤੋਂ
ਕਈ ਕਈ ਗੱਲਾਂ
ਸੁਣਦੀ ਹਾਂ
ਕੁੱਝ ਉੱਠਦੇ ਨੇ
ਸ਼ਾਤਿਰ
ਤੈਨੂੰ ਦੱਸਦੇ ਨੇ ਗੱਦਾਰ ਤੇ ਮੱਕਾਰ
ਕੁਝ ਉੱਠਦੇ ਨੇ
ਸ਼ਾਤਿਰ
ਤੈਨੂੰ ਦੱਸਦੇ ਨੇ ਕੱਟੜ
ਕਾਮਰੇਡ

ਸ਼ਾਤਿਰ ਹੋਣਾ
ਕਿਸੇ ਚੰਗੇ ਕੰਮ ਲਈ
ਕਿਸੇ ਪਾਸਿਉਂ
ਕੋਈ ਮਾੜੀ ਗੱਲ ਨਹੀਂ

ਇਹ ਥੋੜ੍ਹਾ ਬਹੁਤਾ ਹੈ
ਹੋ ਸਕਦਾ
ਮੈਨੂੰ ਤਾਂ ਤੂੰ ਕਿਸੇ ਪਾਸਿਉਂ
ਕੋਈ ਕੱਟੜ ਕਾਮਰੇਡ
ਨਹੀਂਉਂ ਲੱਗਦਾ

ਕਿਉਂਕਿ
ਮੈਂ ਚਾਂਹੁੰਦੀ ਹਾਂ
ਤੇਰੇ ਤੋਂ ਹੀ ਤੇਰੇ ਵਾਰੇ

ਲੇਣਾ
ਇੱਕ ਸਟੇਟਮੈਂਟ
ਜਿਸ ਵਿੱਚ ਤੂੰ ਇਹ ਲਿਖ ਕੇ ਦੇ ਦੇਵੇਂ

ਹਾਂ ਮੈਂ ਹਾਂ
ਸਿਰਫ਼ ਸਿਰਫ਼ ਤੇ ਸਿਰਫ਼
ਕਾਮਰੇਡ

ਪਾਸ਼
ਪਰ ਮੈਂ ਤੈਨੂੰ
ਇਹ ਪੁੱਛਦੀ ਹਾ
ਕੀ ਇਹ ਹੀ ਹੈ ਕਾਮਰੇਡ
ਹੋਣ ਦਾ ਮਤਲਬ
ਸਿਰਫ਼
ਰੱਬ ਦੀ ਹੋਂਦ ਨੂੰ
ਇਨਕਾਰਨਾਂ ਤੇ ਕਰਮ ਕਰਨਾ

ਪਰ
ਕੰਮ ਨੂੰ ਤਾਂ ਰੱਬ ਹੀ
ਮੰਨਦੇ ਹੋ

ਤੇ ਰੱਬ ਵੀ ਤਾਂ
ਇਹ ਸਭ ਹੀ ਹੈ ਕਹਿੰਦਾ
ਕਰਮ ਕਰੋ
ਹੱਕ ਸੱਚ ਲਈ ਲੜੋ
ਕਾਮਰੇਡ
ਜੇ
ਰੱਬ ਤੋਂ ਮੁਨਕਰ ਨੇ
ਕੰਮ ਬਣ ਕੇ ਫਿਰ

ਰੱਬ
ਵਿੱਚ ਆ ਜਾਂਦਾਂ ਹੈ

ਤੂੰ
ਕਾਮਰੇਡ ਸੀ ਜਾਂ ਨਹੀਂ
ਇਸ ਗੱਲ ਨਾਲ ਕੀ
ਕੋਈ ਫ਼ਰਕ
ਪੈ ਹੈ ਸਕਦਾ

ਤੇਰਾ ਕੰਮ ਤਾਂ ਘਟ ਵਧ
ਨਹੀਂ ਸਕਦਾ
ਕਿਉਂਕਿ
ਇਸ ਗਲ ਤੋਂ ਵੀ
ਤਾਂ ਤੂੰ
ਇਨਕਾਰ ਨਹੀਂ ਹੈਂ
ਕਰ ਸਕਦਾ

ਕਿ
ਤੇਰੇ
ਜ਼ੀਨਜ ਦੇ ਵਿੱਚ
ਸਿੱਖੀ ਦਾ ਫ਼ਲਸਫਾ ਵੀ ਸੀ
ਸਿੱਖੀ ਇਨਸਾਫ਼ ਸਿਖਾਂਉਂਦੀ ਹੈ
ਜਬਰ ਜ਼ੁਲਮ ਦੇ ਖਿਲਾਫ਼
ਲੜਨਾ ਤੇ ਮਰਨਾ ਵੀ
ਸਿਖਾਉਂਦੀ ਹੈ

ਮੈਨੂੰ ਤਾਂ ਤੂੰ
ਇਨਸਾਫ਼ ਲੱਭਦਾ ਨਜ਼ਰ ਆਇਆ
ਹਾਕਮਾਂ ਨਾਲ ਲੜਦਾ ਨਜ਼ਰ ਆਇਆ

ਮੈਨੂੰ ਤਾਂ ਤੂੰ
ਇਨਸਾਫ਼ ਲੱਭਦਾ ਨਜ਼ਰ ਆਇਆ
ਹਾਕਮਾਂ ਨਾਲ ਲੜਦਾ ਨਜ਼ਰ ਆਇਆ
ਬੇਸ਼ੱਕ
ਕਈਆਂ ਲਈ ਤੂੰ ਹੋਵੇਂ
ਕਾਮਰੇਡ
ਪਰ
ਮੈਨੂੰ ਤੂੰ
ਕੋਈ ਕਾਮਰੇਡ ਨਹੀਂ
ਇੱਕ ਸੱਚਾ ਖਾਲਿਸਤਾਨੀ ਹੀ ਲੱਗਿਆ
ਤੇਰੀ ਸੋਚ ਤੇ
ਉਹਨਾਂ ਦੀ ਸੋਚ ਵਿੱਚ
ਕੋਈ ਵੀ ਤਾਂ

ਫ਼ਰਕ ਨਾਂ ਲੱਗਿਆ

ਉਹ ਵੀ ਇਨਸਾਫ਼ ਸੀ ਮੰਗਦੇ
ਤੂੰ ਵੀ ਸੀ ਇਨਸਾਫ ਹੀ ਮੰਗਦਾ
ਫਿਰ
ਇਨਸਾਫ਼ ਲਈ ਲੜਨ ਵਾਲੇ
ਮਨੁੱਖੀ ਹੱਕਾਂ ਲਈ ਖੜ੍ਹਨ ਵਾਲੇ
ਤੇਰੇ ਕਾਤਿਲ
ਕਦੇ ਵੀ ਨਹੀ ਹੋ ਸਕਦੇ

ਮੈਨੂੰ
ਤਾਂ ਤੂੰ ਵੀ ਇੱਕ
ਖਾਲਿਸਤਾਨੀ ਹੀ ਲੱਗਿਆ
ਇਸੇ ਲਈ
ਤੇ ਤੇਰੇ ਕਾਤਿਲਾਂ ਨੂੰ
ਕੋਈ ਸਰਕਾਰੀ ਪਨਾਹ ਨਹੀਂ ਦਿੱਤੀ
ਕਿਸੇ ਸ਼ਾਤਿਰ ਨੇ ਤੈਨੂੰ
ਖਾਲਿਸਤਾਨੀ ਕਫ਼ਨ ਦੇ ਨਾਲ
ਢੱਕ ਦਿੱਤਾ

ਖਾਲਿਸਤਾਨੀ ਕਫ਼ਨ ਦੇ ਨਾਲ
ਢੱਕ ਦਿੱਤਾ
ਤਾਂ ਕਿ
ਸੱਚ ਬਾਹਰ ਨਾਂ ਆ ਸਕੇ
ਤੇਰੀ ਮੌਤ ਦਾ ਕਲੰਕ
ਖਾਲਿਸਤਾਨੀਆਂ ਦੇ ਮੱਥੇ ਤੇ ਲੱਗਾ ਰਵੇ ਤੇ
ਆਉਣ ਵਾਲੀਆਂ ਪੀੜੀਆਂ ਉਹਨਾਂ ਨੂੰ
ਨਫ਼ਰਤ ਦੀਆਂ ਨਿਗਾਹਾਂ ਦੇ ਨਾਲ ਦੇਖਣ
ਤੇਰੇ
ਕਾਤਿਲਾਂ ਦੇ ਰੂਪ ਵਿੱਚ।
✪

## ਪ੍ਰਤੱਖ

ਉਹ ਖਾਸ ਹੋ ਕੇ ਵੀ
ਖਾਸ ਕੰਮ ਨਹੀਂ ਕਰਦਾ
ਕਿੰਨਾ
ਖੁਸ਼ਨਸੀਬ ਹੈ ਕਿ
ਆਮ ਤੋਂ ਖਾਸ ਬਣ ਗਿਆ

ਕਿੰਨਾਂ
ਔਖਾ ਹੁੰਦਾਂ ਹੈ
ਆਮ ਆਦਮੀ ਤੋਂ ਖਾਸ ਆਦਮੀ
ਬਣਨ ਤੱਕ ਦਾ ਸਫ਼ਰ
ਤੈਅ ਕਰਨਾ

ਹਰ ਕੋਈ ਖੁਸ਼ ਸੀ
ਕਿ ਇਸ ਵਾਰ
ਭਾਰਤ ਦਾ ਪ੍ਰਧਾਨ ਮੰਤਰੀ
ਇੱਕ ਚਾਹ ਵੇਚਣ ਵਾਲਾ
ਬਣਿਆ ਹੈ

ਉਹਨਾਂ ਤਾਂ ਇਹ ਸੋਚ ਕੇ
ਬਿਠਾਇਆ ਸੀ ਉਸ ਨੂੰ
ਤਖ਼ਤ ਤੇ
ਸ਼ਾਇਦ
ਉਹ ਇਸ ਦੇਸ਼ ਦੀ ਕਿਸਮਤ
ਬਦਲ ਦੇਵੇਗਾ

ਕਿਉਂਕਿ
ਇਸ ਦੇ ਤਾਂ ਅੱਗੇ ਪਿੱਛੇ
ਕੋਈ ਨਹੀਂ ਹੈ

ਕਿਉਂਕਿ
ਇਸ ਦੇ ਤਾਂ ਅੱਗੇ ਪਿੱਛੇ
ਕੋਈ ਨਹੀਂ ਹੈ
ਨਿਸ਼ਕਾਮ ਸੇਵਾ ਕਰੇਗਾ
ਜਾਣਦਾ ਹੈ
ਆਮ ਹੋ ਕੇ ਖਾਸ ਬਣਨਾ
ਸੌਖਾ ਨਹੀਂ
ਸਮਝੇਗਾ ਤਕਲੀਫ਼ਾਂ
ਕਿਰਤੀਆਂ, ਮਜ਼ਦੂਰਾਂ ਤੇ
ਬਾਲ ਮਜ਼ਦੂਰਾਂ ਦੀਆਂ

ਇਹ
ਕੋਈ ਵੀ ਨਹੀਂ ਜਾਣਦਾ ਸੀ
ਕਿ ਉਹ ਕੋਈ
ਚਾਹ ਵੇਚਣ ਵਾਲਾ ਨਹੀਂ ਸੀ

ਉਹ
ਸ਼ੈਤਾਨੀ ਤਾਕਤਾਂ ਦੇ ਵੱਲੋਂ
ਖੜ੍ਹਾ ਕੀਤਾ ਗਿਆ
ਇੱਕ ਮੋਹਰਾ
ਤੇ ਸਰਮਾਏਦਾਰਾਂ ਦੇ ਹੱਥਾਂ ਵਿੱਚ
ਖੇਡਣ ਵਾਲੀ ਇੱਕ
ਕੱਠਪੁਤਲੀ ਸੀ
ਜਿਸਨੂੰ ਉਹਨਾਂ ਨੇ
ਆਮ ਤੋਂ ਖਾਸ ਬਣਾ ਦਿੱਤਾ
ਤਾਂ ਕਿ ਉਹ
ਉਸਨੂੰ ਅੱਗੇ ਲਿਆ ਕੇ
ਲੋਕਾਂ ਨੂੰ ਬੇਵਕੂਫ਼ ਬਣਾ ਕੇ
ਨਚਾ ਸਕਣ ਆਪਣੇ ਹੱਥਾਂ ਵਿੱਚ
ਤੇ ਪਰਦੇ ਅੰਦਰ

ਉਹ ਆਪਣੇ ਹੀ ਦੇਸ਼ ਦੇ ਲੋਕਾਂ
ਦੀਆਂ ਲਾਸ਼ਾਂ ਉੱਪਰ ਖੜ੍ਹਾ ਹੋਕੇ

ਤੇ ਪਰਦੇ ਅੰਦਰ
ਉਹ ਆਪਣੇ ਹੀ ਦੇਸ਼ ਦੇ ਲੋਕਾਂ
ਦੀਆਂ ਲਾਸ਼ਾਂ ਉੱਪਰ ਖੜ੍ਹਾ ਹੋ ਕੇ
ਅੰਬਾਨੀਆਂ ਤੇ ਅਦਾਨੀਆਂ ਦੇ
ਸੁਫ਼ਨਿਆਂ ਦੇ ਮਹਿਲ ਉਸਾਰ ਸਕੇ
ਸਰਮਾਏਦਾਰ
ਉਸਦੇ ਮੋਢਿਆਂ ਤੇ ਬੰਦੂਕ ਰੱਖ ਕੇ
ਕਾਇਮ ਰੱਖ ਸਕਣ
ਆਪਣੀ ਸਰਮਾਏਦਾਰੀ

ਉਹ ਜਾਣਦੇ ਨੇ
ਉਸਨੂੰ ਕਿਹੜਾ ਪਤਾ ਹੈ ਕਿ
ਦੇਸ਼ ਕਿਵੇਂ ਚਲਾਉਣਾ ਹੈ
ਉਸਨੇ ਤਾਂ ਸਿਰਫ਼
ਚਾਹ ਹੀ ਵੇਚੀ ਹੈ
ਉਸ ਲਈ ਤਾਂ
ਦੇਸ਼ ਵੇਚਣਾ ਵੀ ਚਾਹ ਵੇਚਣ
ਵਾਂਗਰ ਹੀ ਹੋਵੇਗਾ

ਤਾਂਹੀਂਉਂ ਤਾਂ
ਉਸਨੇ ਆਪਣੇ ਹੀ ਹੱਥਾਂ ਨਾਲ
ਸਾਰਾ ਦੇਸ਼ ਵੇਚ
ਧਰ ਦਿੱਤਾ
ਗਦਾਰਾਂ ਤੇ ਸਰਮਾਏਦਾਂਰਾ ਦੇ ਹੱਥਾਂ ਵਿੱਚ

ਉਸਨੂੰ
ਕੋਈ ਡਰ ਨਹੀਂ ਲੱਗ ਰਿਹਾ
ਲੱਗੇ ਵੀ ਕਿਉਂ
ਉਸਦੀ ਸੁਰੱਖਿਆ ਦੀ ਜ਼ਿੰਮੇਵਾਰੀ ਵੀ
ਤਾਂ ਉਹਨਾਂ ਨੇ ਹੀ ਲਈ ਹੈ

ਇਸ ਕਰਕੇ ਉਸਨੂੰ
ਸੜਕਾਂ ਤੇ ਤੁਰੇ ਫਿਰਦੇ

ਜ਼ਿਉਂਦੇ ਜਾਗਦੇ, ਲਾਚਾਰ
ਆਪਣੇ ਹੀ ਹੱਕਾਂ ਦੀ ਮੰਗ ਕਰਦੇ ਹੋਏ
ਲੋਕ ਨਹੀਂ ਦਿਸ ਰਹੇ

ਸਭ ਅਣਦੇਖਾ ਕਰਕੇ
ਉਹ ਸਿੱਧਾ ਹੀ ਅੰਬਾਨੀ ਦੇ ਘਰ
ਪਹੁੰਚਦਾ ਹੈ
ਉਸਦੇ ਪੋਤੇ ਦੀ ਵਧਾਈ ਦੇਵਣ
ਕਿਤੇ ਉਹ ਨਾਰਾਜ਼ ਨਾਂ
ਹੋ ਜਾਵੇ

ਜਾਵੇ ਵੀ ਕਿਉਂ ਨਾਂ
ਕਿਉਂਕਿ
ਉਸ ਨੂੰ ਪਤਾ ਹੈ ਕਿ
ਇਹ ਰਾਜ ਕੁਮਾਰ
ਭਾਰਤ ਦਾ ਹੋਣ ਵਾਲਾ
ਸੰਭਾਵਿਤ ਵਾਰਿਸ ਹੈ
ਜਿਸਦੇ
ਪੂਰਵਜ਼ਾਂ ਨੂੰ ਉਹ ਤਾਂ
ਪਹਿਲਾਂ ਹੀ ਸਾਰੇ ਦਾ ਸਾਰਾ
ਭਾਰਤ
ਵੇਚ ਚੁੱਕਿਆ ਹੈ
ਤੇ ਰਹਿੰਦਾਂ ਖੂੰਹਦਾ ਵੇਚ
ਰਿਹਾ ਹੈ

ਇਹ ਸਭ ਸ਼ਰ੍ਹੇਆਮ ਹੋ ਰਿਹਾ ਹੈ
ਤੇ ਪ੍ਰਤੱਖ ਨੂੰ ਪ੍ਰਮਾਣ ਦੀ ਜਰੂਰਤ ਨਹੀਂ।
✪

## ਸਾਜ਼ਸ਼

ਉਹ ਜੋ ਇਨਸਾਫ਼ ਦੀ
ਤਲਾਸ਼ ਵਿੱਚ
ਆਪਣੇ ਘਰਾਂ 'ਚ ਨਿਕਲੇ ਸਨ
ਆਪਣੇ ਹੱਕਾਂ ਦੀ ਪੂਰਤੀ ਲਈ

ਉਹ ਜੋ
ਜਿਹਨਾਂ ਦੇ ਹੱਸਦੇ ਵਸਦੇ ਘਰ
ਸਹਿਨਸ਼ਾਹ ਦੇ ਜਾਰੀ ਕੀਤੇ
ਹੁਕਮ ਤੇ
ਜਲਾ ਦਿੱਤੇ ਗਏ
ਭਲੀ ਭਾਂਤ ਜਾਣੂ ਸਨ
ਹੱਕ ਖੋ ਲਏ ਜਾਣ ਤੇ
ਹੱਕ ਖੁੰਝ ਜਾਵਣ ਦਾ
ਕੀ ਮਤਲਬ ਹੁੰਦਾ ਹੈ

ਪਾਸ਼
ਤੂੰ ਵੀ ਤਾਂ
ਸਮੇਂ ਦੇ ਹਾਕਮਾਂ ਦੁਬਾਰਾ
ਕਿੱਤੀ ਲੁੱਟ ਖਸੁੱਟ ਤੋਂ
ਜਾਣੂ ਸੀ ਤੇ
ਤੂੰ ਆਪ ਹੀ ਇਸ ਗੱਲ ਦਾ ਵੀ
ਗਵਾਹ ਸੀ
ਕਿ
ਜੋ ਆਪਣੇ ਘਰਾਂ 'ਚੋਂ

ਨਿਕਲੇ ਸਨ ਹੱਕਾਂ ਦੀ
ਪੂਰਤੀ ਲਈ

ਕਿਸ ਤਰ੍ਹਾਂ ਉਹਨਾਂ ਨੂੰ
ਸਮੇਂ ਦੇ ਹਾਕਮਾਂ ਨੇ
ਮਜ਼ਬੂਰ ਕੀਤਾ

ਘਰਾਂ ਵਿੱਚ ਹੱਸਦੇ ਖੇਲ੍ਹਦੇ
ਬੱਚਿਆਂ ਨੂੰ
ਬਾਗੀ ਬਣਨ ਤੇ
ਅੱਖੀਆਂ ਵਿੱਚ ਸਜਾਏ ਹੋਏ
ਸੁਫ਼ਨਿਆਂ ਦੀ ਮੌਤ ਦੇਖ
ਤੇ ਮਰੇ ਹੋਏ ਸੁਫ਼ਨਿਆਂ ਦੀ ਰਾਖ
ਆਪਣੇ ਖ਼ੂਬਸੂਰਤ ਚਿਹਰਿਆਂ ਤੇ ਮਲ ਕੇ
ਉਹਨਾਂ ਆਪਣੇ ਮੋਢਿਆਂ ਤੇ
ਬੰਦੂਕਾਂ ਚੱਕ ਲਈਆਂ
ਤਾਂ ਕਿ
ਉਹ ਆਪਣੇ ਮਰੇ
ਹੋਏ ਸੁਫ਼ਨਿਆਂ ਦਾ ਬਦਲਾ
ਲੈ ਸਕਣ
ਹੋ ਸਕਦਾ ਫਿਰ
ਹਾਕਮ ਵਿੱਚ ਜੁਰੱਅਤ ਨਾਂ ਰਹੇ
ਕਿਸੇ ਦੇ ਵੀ
ਸੁਫ਼ਨਿਆਂ ਨੂੰ ਕਤਲ
ਕਰਨ ਦੀ

ਉਹ ਜੋ
ਘਰਾਂ 'ਚੋ ਨਿਕਲੇ ਸਨ
ਜਾਣਦੇ ਸਨ
ਆਪਣੇ ਹੱਕਾਂ ਦੇ ਲਈ ਕਿਵੇਂ ਖੜ੍ਹਨਾ
ਤੇ ਲੜਨਾ ਹੈ

ਪਾਸ਼

ਤੂੰ ਵੀ ਆਪਣੇ ਘਰ ਦੇ ਹੱਕਾਂ
ਵਾਸਤੇ ਹੀ ਲੜ ਰਿਹਾ ਸੀ
ਕਿਉਂਕਿ
ਤੂੰ ਇਹ ਜਾਣਦਾ ਸੀ
ਕਿ ਹੱਕਾਂ ਦੇ ਖੁਸ਼ ਜਾਵਣ ਦਾ
ਕੀ ਮਤਲਬ ਹੁੰਦਾ ਹੈ

ਤੂੰ ਆਪਣਾ ਪੱਖ ਰੱਖਦਾ ਸੀ
ਇਹ ਤੇਰਾ ਹੱਕ ਸੀ
ਉਹ ਆਪਣਾ ਪੱਖ ਰੱਖਦੇ ਸਨ
ਉਹ ਉਹਨਾਂ ਦਾ ਹੱਕ ਸੀ

ਆਪਣੇ ਹੱਕਾਂ ਦੇ ਲਈ ਲੜਨਾਂ
ਆਪਣੀ ਸੋਚ ਤੇ ਪਹਿਰਾ ਦੇਣਾ
ਕੋਈ ਗੁਨਾਹ ਨਹੀਂ

ਮੈਨੂੰ ਨਹੀਂ ਲੱਗਦਾ
ਜੋ ਲੋਕ
ਆਪਣੀ ਹੋਂਦ ਦੇ ਲਈ ਲੜਨਾ
ਤੇ ਹੱਕਾਂ ਦੇ ਲਈ ਖੜੇ ਹੋਣ ਦਾ
ਸੱਚ ਸਮਝਦੇ ਹੋਣ
ਉਹ
ਕਿਸੇ ਵਲੋਂ ਆਪਣਾ ਪੱਖ
ਰੱਖਣ ਤੇ ਕਰ ਦੇਵਣ ਉਸਦਾ
ਕਤਲ

ਆਪਣੇ ਸੁਫ਼ਨਿਆਂ ਦੇ ਦੇਸ਼ ਦਾ
ਸੰਕਲਪ ਲੈਣਾ
ਕੋਈ ਛੋਟੀ ਗੱਲ ਨਹੀਂ
ਉਹ ਰਾਹੀ ਵੀ
ਕੋਈ

ਛੋਟਾ ਸੰਕਲਪ ਲੇ ਕੇ
ਨਹੀਂ ਤੁਰੇ ਸਨ

ਤੇਰੀ ਸੋਚ ਦਾ
ਉਹਨਾਂ ਦੀ ਸੋਚ ਦੇ ਵਿਰੁੱਧ
ਖੜ੍ਹਾ ਹੋਣਾ
ਉਹਨਾਂ ਦੀ ਸੋਚ  ਤੇ ਸੰਕਲਪ ਨੂੰ
ਸਮਾਪਤ ਨਹੀਂ ਕਰਦਾ

ਤੇਰਾ ਸੁਫ਼ਨਾ ਤੇਰਾ ਸੀ
ਉਹਨਾਂ ਦਾ ਸੁਫਨਾ ਉਹਨਾਂ ਦਾ
ਤੇਰਾ ਸੁਫਨਾਂ
ਉਹਨਾਂ ਦੇ ਸੁਫ਼ਨਿਆਂ ਦਾ
ਕਦੇ ਵੀ ਨਹੀਂ ਹੋ ਸਕਦਾ ਸੀ
ਕਾਤਿਲ

ਸੁਫ਼ਨੇ ਤਾਂ ਕੋਈ ਵੀ
ਲੈ ਸਕਦਾ ਹੈ
ਉਹ
ਸੁਫ਼ਨਾ ਤਾਂ ਅਜੇ ਵੀ ਬਹੁਤ
ਲੋਕਾਂ ਦੇ ਮਨਾਂ ਵਿੱਚ
ਕਾਇਮ ਹੈ
ਤੇ ਜਦ ਤੱਕ ਪੂਰਾ
ਨਹੀਂ ਹੁੰਦਾ
ਹਮੇਸ਼ਾ ਰਹੇਗਾ

ਉਹ ਵੀ
ਤੇਰੇ ਹੀ ਭਰਾ ਸਨ
ਇੱਕ ਤੇਰੇ ਬੋਲਣ ਨਾਲ
ਉਹਨਾਂ ਦਾ ਸੁਫ਼ਨਾ ਮਰ

ਨਹੀਂ ਸੀ ਸਕਦਾ
ਨਾਂ ਹੀ
ਉਹ ਭਟਕ ਸਕਦੇ ਸਨ
ਆਪਣੇ ਸੰਕਲਪ ਤੋਂ

ਕਈ ਕਹਿੰਦੇ ਕਿ
ਤੂੰ ਤਿੱਖੀ ਨਜ਼ਰ ਵਾਲਾ
ਸ਼ਰਾਰਤੀ ਬੰਦਾ ਸੀ

ਬੇਸ਼ੱਕ
ਹਾਂ ਸੀ ਤੂੰ
ਤਿੱਖੀ ਨਜ਼ਰ
ਤਲਵਾਰ ਵਰਗੀ ਤਿੱਖੀ ਸੋਚ
ਦੂਰ ਅੰਦੇਸ਼ੀ ਦਾ ਮਾਲਿਕ
ਦਰਦ ਮੰਦੀ ਤੇ ਕੋਮਲ ਮਨ ਦਾ ਬਾਦਸ਼ਾਹ
ਬਰਨਾ
ਇਸ ਦੁਨੀਆਂ ਵਿੱਚ ਕੌਣ
ਕਿਸੇ ਦਾ ਦਰਦ ਸਮਝਦਾ ਹੈ
ਤੂੰ ਤਾਂ ਇਹ ਹੀ
ਚਾਹੁੰਦਾ ਸੀ
ਕਿ
ਕੋਈ ਦੁਖੀ ਨਾਂ ਰਹੇ
ਹਰ ਕੋਈ ਆਪਣੀ ਮਰਜ਼ੀ ਦੇ
ਨਾਲ ਜੀ ਸਕੇ
ਸਭ ਪਾਸ
ਕੁੱਲੀ, ਗੁੱਲੀ ਤੇ ਜੁੱਲੀ ਹੋਵੇ

ਇਹ ਸੋਚ
ਇੱਕ ਸੱਚੇ ਸਿੱਖ ਦੀ ਵੀ ਹੈ
ਸਿੱਖੀ ਹੱਕ ਸੱਚ ਦਾ ਪੇਗਾਮ
ਦਿੰਦੀ ਹੈ

ਇਹ ਸਿੱਖੀ ਤਾਂ
ਤੇਰੇ ਖ਼ੂਨ ਵਿੱਚ ਵੀ ਸੀ
ਕਰੋੜਾਂ ਵਾਰ
ਕਾਮਰੇਡ ਬਣਨ ਦਾ ਦਾਅਵਾ
ਵੀ ਕਰਦਾ
ਤਾਂ ਵੀ ਤੂੰ ਇਸ ਸੋਚ ਤੋਂ
ਮੁਨਕਰ

ਨਹੀਂ ਹੋ ਸਕਦਾ ਸੀ

ਕਿਉਂਕਿ
ਕੁੱਝ ਗੱਲਾਂ ਸਾਡੇ ਖ਼ੂਨ ਵਿੱਚ
ਰਲੀਆਂ ਹੁੰਦੀਆਂ ਨੇ
ਅਸੀ ਇਨਕਾਰ ਕਰਨ ਤੇ ਵੀ
ਇਨਕਾਰ ਨਹੀਂ ਕਰ ਸਕਦੇ

ਮੈਂ ਤੈਨੂੰ ਸਮਝਦੀ ਹਾਂ
ਮੈਨੂੰ ਲੱਗਦਾ ਹੈ
ਸ਼ਾਇਦ
ਤੈਨੂੰ ਇਹ ਦੁੱਖ ਸੀ
ਕਿ
ਤੇਰੇ ਪੂਰਵਜ਼ਾਂ ਨੇ
ਇਸ ਭਾਰਤ ਦੀ ਆਜ਼ਾਦੀ ਲਈ
ਸਭ ਤੋਂ ਵੱਧ ਖ਼ੂਨ
ਡੋਲ੍ਹਿਆ ਸੀ

ਫਿਰ
ਕਿਵੇਂ ਉਹ ਲੋਕ
ਉਹ ਕਾਲੇ ਅੰਗਰੇਜ਼
ਜਿੰਨ੍ਹਾਂ ਨੂੰ ਇਹ ਆਜ਼ਾਦੀ ਮੁਫਤ ਵਿੱਚ
ਮਿਲੀ ਸੀ

ਸਾਰੇ ਭਾਰਤ ਦੇ ਹਾਕਮ ਬਣ
ਲੋਕਾਂ ਤੋਂ ਉਹਨਾਂ ਦੇ ਹੱਕ
ਖੋਹ ਲੈਣ
ਤੂੰ
ਆਪਣੇ ਪੂਰਵਜ਼ਾ ਦੇ ਸੁਫ਼ਨਿਆਂ ਨੂੰ
ਮਿੱਟੀ ਵਿੱਚ ਮਿਲਦਾ ਨਹੀਂ
ਦੇਖ ਸਕਦਾ ਸੀ

ਤੇਰੇ ਲਈ
ਸਾਰੇ ਭਾਰਤ ਤੇ ਤੇਰੇ

ਪੂਰਵਜ਼ਾਂ ਦਾ ਹੱਕ ਸੀ
ਤੈਨੂੰ ਤਾਂ
ਹਰ ਪਾਸੇ ਆਪਣੇ ਪੁਰਖਿਆਂ ਦਾ
ਡੁੱਲ੍ਹਿਆ ਹੋਇਆ ਖ਼ੂਨ
ਨਜ਼ਰ ਆਉਂਦਾ ਸੀ

ਕਾਸ਼ ਕਿਸੇ ਨੇ
ਭਾਰਤ ਨੂੰ ਆਜ਼ਾਦੀ ਦੇਣ ਤੋਂ ਪਹਿਲਾਂ
ਇਹ ਫਤਵਾ
ਜਾਰੀ ਕੀਤਾ ਹੁੰਦਾ
ਕਿ
ਇਸ ਦੇਸ ਦਾ ਨਾਮ
ਵੱਧ ਸ਼ਹੀਦੀਆਂ ਦੇਣ ਵਾਲਿਆਂ ਦੇ
ਨਾਮ ਤੇ
ਹੋਣਾ ਚਾਹੀਦਾ ਹੈ
ਤਾਂ ਸ਼ਾਇਦ
ਜੋ ਹੋਇਆ ਉਹ ਸਭ ਨਾਂ ਹੁੰਦਾ
ਭਾਰਤ ਵੀ ਸਵਰਗ ਹੁੰਦਾ
ਪਰ

ਪਰ
ਕਿਸੇ ਸ਼ੇਤਾਨੀ ਦਿਮਾਗ ਨੇ
ਤੇਰੇ ਮੂੰਹੋਂ ਨਿਕਲੇ ਅਚਨਚੇਤ
ਸ਼ਬਦ ਨੂੰ
ਦਬੋਚ ਲਿਆ ਤੇ
ਉਹ ਸ਼ਬਦ
ਤੇਰੇ ਵਿਰੁੱਧ ਤੇ ਉਹਨਾਂ ਵਿਰੁੱਧ
ਵਰਤ ਕੇ
ਆਪਣਾ ਕੰਮ ਕਰ ਦਿੱਤਾ ਜੋ
ਤੇਰੀ ਸੋਚ ਨੂੰ ਖਤਮ ਕਰਨਾ ਸੀ
ਕਿਉਂਕਿ ਤੇਰੀ ਸੋਚ ਤਾਂ ਉਹਨਾਂ ਤੋਂ ਵੀ
ਖ਼ਤਰਨਾਕ ਸੀ

ਉਹ ਤਾਂ ਸਿਰਫ

ਇੱਕ ਖਿੱਤਾ ਹੀ ਮੰਗਦੇ ਸਨ
ਤੇ ਤੂੰ
ਪੂਰਾ ਦੇਸ਼ ਮੰਗਦਾ ਸੀ
ਬਰਨਾ
ਤੇਰੇ ਕਾਤਿਲ ਨਾਂ ਨਿਵਾਜ਼ੇ ਜਾਂਦੇ
ਤਗਮਿਆਂ ਦੇ ਨਾਲ
ਕਿਉਂਕਿ
ਕਾਤਿਲ ਦੇ ਕਾਤਿਲਾਂ ਨੂੰ
ਕਤਲ ਕਰਨ ਦੀ ਲੋੜ ਹੁੰਦੀ ਹੈ
ਸਿਰਫ਼ ਤੇ ਸਿਰਫ਼
ਸ਼ਾਜਿਸ਼ਕਾਰੀਆਂ ਨੂੰ।
✪

## ਫਤਵਾ

ਪਾਸ਼
ਮੈਂ ਤੇਰੇ ਨਾਲ ਗੱਲਾਂ ਕਰਦੀ
ਤੇਰੇ ਸ਼ਬਦਾਂ ਵਿੱਚੋਂ ਹੀ
ਤੈਨੂੰ ਲੱਭਣ ਦੀ ਇੱਕ
ਕੋਸ਼ਿਸ ਕਰਦੀ ਹਾਂ

ਮੈਨੂੰ
ਤਾਂ ਤੂੰ ਕਿਤੇ ਵੀ
ਬੇਦੋਸ਼ਿਆਂ ਦੇ ਕਾਤਿਲਾਂ ਦੀ ਮੁਖ਼ਬਰੀ
ਕਰਦਾ ਨਜ਼ਰ ਨਹੀਂ ਆਉਂਦਾ

ਪਾਸ਼
ਤੂੰ ਇਹ ਜਾਣਦਾ ਹੈ ਕਿ
ਮੈਨੂੰ ਵੀ ਪੂਰੀ ਤਰ੍ਹਾਂ ਨਹੀਂ ਪਤਾ
ਕਿ ਸੱਚ ਕੀ ਹੈ

ਪਰ
ਮੈਂ ਧੁਰ ਅੰਦਰ ਤੋਂ
ਇਹ ਜਾਣਦੀ ਹਾਂ
ਕਈ ਸੱਚ ਉਹ ਹੁੰਦੇਂ ਨੇ
ਜੋ ਹਰ ਇਨਸਾਨ ਦੇ ਸੀਨੇ ਅੰਦਰ
ਦਫ਼ਨ ਹੁੰਦੇ ਨੇ

ਪਾਸ਼
ਮੈਂ ਚਾਹੁੰਦੀ ਹਾਂ
ਉਸ ਸੱਚ ਨੂੰ ਜਾਨਣਾ

ਪਾਸ਼
ਮੈਂ ਚਾਹੁੰਦੀ ਹਾਂ

ਉਸ ਸੱਚ ਨੂੰ ਜਾਨਣਾ
ਜੋ ਤੂੰ ਸਿਰਫ਼
ਆਪਣੇ ਹੀ ਅੰਦਰ
ਛੁਪਾਇਆ ਸੀ
ਕਿਉਂਕਿ
ਮੈਨੂੰ ਦੁੱਖ ਲੱਗਿਆ ਹੈ
ਤੈਨੂੰ ਕਿੰਨਾਂ ਕੁੱਝ ਸਹਿਣਾ ਪਿਆ
ਆਪਣੀ ਹੀ
ਕੌਮ ਨਾਲ ਗਦਾਰੀ ਦਾ ਕਲੰਕ
ਮੱਥੇ ਤੇ ਹੰਢਾਉਣਾ ਪਿਆ

ਮੈਨੂੰ
ਤੇਰੇ ਸ਼ਬਦਾਂ ਦੇ ਵਿੱਚੋਂ
ਕਿਸੇ ਵੀ ਕਿਸਮ ਦੀ ਗਦਾਰੀ ਦੀ
ਬੋਅ ਨਹੀਂ ਆਂਉਂਦੀ
ਇਹ ਵੀ ਤਾਂ ਸੱਚ ਹੈ ਨਾਂ ਕਿ
ਜੋ ਗਦਾਰੀਆਂ ਕਰਦੇ ਨੇ
ਉਹਨਾਂ ਦੇ
ਸੀਨਿਆਂ ਤੇ ਸਿਰਾਂ ਤੇ ਗੋਲੀਆਂ
ਨਹੀਂ ਵੱਜਦੀਆਂ
ਉਹ ਤਾਂ
ਨਿਵਾਜ਼ੇ ਜਾਂਦੇ ਨੇ
ਸਰਦਾਰੀਆਂ ਦੇ ਨਾਲ
ਤਗਮਿਆਂ ਦੇ ਨਾਲ

ਪਰ
ਤੈਨੂੰ ਗਦਾਰੀ ਕਰਨ ਦਾ
ਕਿਹੜਾ ਇਨਾਮ ਤੇ ਤਗਮਾ ਮਿਲਿਆ
ਕੀ ਕੁੱਝ
ਮਿਲਿਆ ਸੀ ਤੈਨੂੰ

ਜਾਂ ਤੇਰੇ ਕਿਸੇ ਆਪਣੇ ਨੂੰ
ਤੇਰੇ ਇਸ ਦੁਨੀਆਂ ਤੋਂ ਚਲੇ ਜਾਣ
ਦੇ ਬਾਅਦ

ਮੈਨੂੰ ਨਹੀਂ ਪਤਾ
ਮੈਂ ਤਾਂ ਸਿਰਫ਼ ਇੰਨਾਂ ਹੀ
ਜਾਣਦੀ ਹਾਂ
ਤੇਰੇ ਚਲੇ ਜਾਣ ਤੋਂ ਬਾਅਦ
ਤੇਰੇ ਸ਼ਬਦਾਂ ਨੂੰ ਵੀ
ਕਤਲ ਕਰਨ ਦੀ
ਸ਼ਾਜਿਸ
ਚੱਲ ਰਹੀ ਸੀ
ਤਾਂ ਕਿ
ਕੋਈ ਪੜ੍ਹ ਨਾਂ ਸਕੇ ਤੇ
ਕੋਈ ਨਾਂ ਜਾਣ ਸਕੇ
ਅਸਲੀ ਪਾਸ਼ ਨੂੰ

ਮੈਂ ਆਪਣੇ ਆਪ
ਤੋਂ ਬੇਖ਼ਬਰ ਨਹੀਂ ਹਾਂ

ਪਾਸ਼
ਤੂੰ ਮੇਰੇ ਵਾਰੇ ਵੀ ਬਹੁਤ
ਚੰਗੀ ਤਰ੍ਹਾਂ ਜਾਣਦਾ ਹੈਂ ਕਿ
ਮੈਂ ਬੇਦੋਸ਼ਿਆਂ ਦੇ ਕਾਤਿਲਾਂ ਨਾਲ
ਮਿਲਕੇ ਝੂਠੀਆਂ ਮੁਖ਼ਬਰੀਆਂ
ਕਰਨ ਵਾਲਿਆਂ ਦੀ ਕਤਾਰ ਵਿੱਚ
ਖੜ੍ਹਾ ਹੋਣ ਵਾਲਿਆਂ ਵਿੱਚ
ਨਹੀਂ ਆਉਂਦੀ

ਤੈਨੂੰ ਪਤਾ ਹੈ

ਜੇ ਕਿਤੇ
ਮੈਨੂੰ ਪਤਾ ਲੱਗ ਜਾਵੇ
ਤੂੰ ਇੱਕ ਮੁਖ਼ਬਰ
ਗਦਾਰ ਤੇ ਬੇਦੋਸ਼ਿਆਂ ਦੇ ਕਾਤਿਲਾਂ
ਵਿੱਚ ਆਉਂਦਾ ਹੈ
ਫਿਰ

ਮੈਂ ਤੈਨੂੰ
ਕੋਈ ਪਿਆਰ ਤੇ ਸਤਿਕਾਰ ਨਹੀਂ
ਨਹੀਂ ਦਵਾਂਗੀ
ਫਿਰ
ਮੈਂ ਆਪ ਸਭ ਤੋਂ
ਪਹਿਲਾਂ ਤੈਨੂੰ
ਬੇਦੋਸ਼ਿਆਂ ਦਾ ਕਾਤਿਲ
ਘੋਸ਼ਿਤ ਕਰਾਂਗੀ।

## ਕਿਸਾਨ ਦੀ ਆਵਾਜ਼

ਬੁਲੰਦ ਹੌਸਲੇ ਨੇ ਸਾਡੇ
ਅਸੀਂ ਮਿੱਟੀ ਦੇ ਜਾਏ ਹਾਂ
ਇਹ ਮਿੱਟੀ ਸਿਰ ਚੜ੍ਹਕੇ ਬੋਲਦੀ ਹੈ
ਇਸ ਵਿੱਚ ਖ਼ੂਨ ਡੁੱਲਿਆ ਹੈ ਸਾਡਾ
ਇਤਿਹਾਸ ਵਾਰ-ਵਾਰ ਹੈ ਕਹਿੰਦਾ
ਥੋੜ੍ਹਾ ਜਿਹਾ ਪੜ੍ਹ ਲਵੋ ਮੈਨੂੰ
ਮੈਂ ਸਦੀਆਂ ਦਾ ਗਵਾਹ ਹਾਂ

ਸੁਣ ਕੰਨ ਖੋਲ੍ਹਕੇ ਦਿੱਲੀਏ
ਤੂੰ ਖਾਂਦੀ ਰਹੀ ਹੈਂ ਸਦਾ ਤੋਂ
ਸਾਡੇ ਬਣਦੇ ਹੱਕਾਂ ਨੂੰ
ਅੱਜ ਆਪਣੇ ਹੱਕ ਮਨਾਵਣ ਲਈ
ਦੇਖ ਤੇਰੀ ਦਹਿਲੀਜ਼ ਤੇ
ਅਸੀਂ ਕਿਰਸਾਨ ਆਏ ਹਾਂ

ਤੂੰ ਭਰਿਆ ਜਹਿਰ ਬਥੇਰਾ ਸੀ
ਸਾਡੇ ਮਨਾਂ ਦੀ ਮਿੱਟੀ 'ਚ
ਤੇ ਸਾਡੇ ਖੇਤਾਂ ਦੀ ਮਿੱਟੀ 'ਚ
ਤੇਰਾ ਉਹ ਜ਼ਹਿਰ ਖਾ ਕੇ ਵੀ
ਅਸੀਂ ਅੱਜ ਤੱਕ ਵੀ ਜ਼ਿੰਦਾ ਹਾਂ

ਸਾਡੇ ਤਾਂ ਖ਼ੂਨ ਹੈ ਸਿੰਜਿਆਂ
ਪਸੀਨਾ ਬਣ ਕੇ ਖੇਤਾਂ ਨੂੰ
ਤੁਸੀਂ ਕਰ ਲਵੋ ਕੋਸ਼ਿਸ਼
ਜਿੰਨੀ ਵੀ ਕਰ ਸਕਦੇ ਹੋ
ਸਾਡੇ ਸਿਰ ਝੁਕਾਵਣ ਦੀ

ਬੁਲੰਦ ਹੌਸਲੇ ਨੇ ਸਾਡੇ
ਅਸੀਂ ਤਾਂ ਸਿਰ ਕਟਵਾਣ ਨੂੰ

ਹੱਥਾਂ ਵਿੱਚ ਫੜਕੇ ਲਿਆਏ ਹਾਂ
ਤੇਰੇ ਨਾਲ ਲੜਨੇ ਨੂੰ ਦਿੱਲੀਏ
ਕਫ਼ਨ ਵੀ ਨਾਲ ਲਿਆਏ ਹਾਂ

ਮੌਸਮ ਕਿਸ ਤਰ੍ਹਾਂ ਦਾ ਵੀ ਹੋਵੇ
ਕਦੇ ਵੀ ਰੋਕ ਸਕਿਆ ਨਾਂ ਸਾਨੂੰ
ਅਸੀਂ ਤੂਫ਼ਾਨਾਂ ਦੇ ਨਾਲ ਹਮੇਸ਼ਾ ਹੀ
ਸਦੀਆਂ ਤੋਂ ਹੀ ਲੜਦੇ ਆਏ ਹਾਂ
ਜਦੋਂ ਫਿਰ ਹੜ ਆਉਂਦੇ ਨੇ
ਨਿਜ਼ਾਮ ਰੁੜ੍ਹ ਹੀ ਜਾਂਦੇ ਨੇ
ਤੈਨੂੰ ਇਹ ਚਿਤਾਵਨੀ ਅਸੀਂ
ਅੱਜ ਇਹ ਕਰਨੇ ਨੂੰ ਆਏ ਹਾਂ

ਤੂੰ ਪਰਖ਼ ਤਕਦੀਰ ਸਾਡੀ ਨਾਂ
ਅਸੀਂ ਬਦਲ ਦੇਈਏ ਤਕਦੀਰਾਂ ਨੂੰ
ਅਸੀਂ ਨਾਂ ਮੌਤ ਤੋਂ ਡਰੀਏ
ਇਹ ਮੌਤ ਤਾਂ ਸਾਡੇ ਤੋਂ ਡਰਦੀ ਹੈ
ਇਸ ਭਾਰਤ ਨੂੰ ਬਚਾਵਣ ਲਈ
ਸਦਾ ਹੀ ਹਿੱਕ ਅਸਾਂ ਤਾਣੀ
ਅੱਜ ਆਪਣੀ ਹੋਂਦ ਬਚਾਵਣ ਲਈ
ਸਿਰਾਂ ਤੇ ਕਫ਼ਨ ਬੰਨਕੇ ਆਏ ਹਾਂ
ਬੁਲੰਦ ਹੌਸਲੇ ਨੇ ਸਾਡੇ
ਅਸੀਂ ਮਿੱਟੀ ਦੇ ਜਾਏ ਹਾਂ
ਸੁਣ ਕੰਨ ਖੋਲ੍ਹਕੇ ਦਿੱਲੀਏ
ਤੇਰੇ ਨਾਲ ਲੜ੍ਹਨੇ ਨੂੰ
ਅਸੀਂ ਕਿਰਸਾਨ ਆਏ ਹਾਂ।
✪

## ਸੰਦੇਸ਼

ਮੈਂ ਇਹ ਨਹੀਂ ਕਹਿੰਦੀ
ਛੱਡ ਦੇਵੋ ਮਸਲੇ
ਭੁੱਲ ਜਾਵੋ ਸਭ ਕੁੱਝ
ਜਾਂ ਗੱਲ ਕਰੋ ਨਾਂ
ਪਰ ਥੋੜ੍ਹੇ ਹੀ ਚਿਰ ਲਈ
ਹੋ ਜਾਵੋ ਇਕੱਠੇ
ਨਾਂ ਬਣੋ
ਕਾਮਰੇਡ
ਨਾਂ ਖਾਲਿਸਤਾਨੀ
ਨਾਂ ਗੱਲ ਕਰੋ
ਹਿੰਦੀ, ਹਿੰਦੂ ਤੇ ਹਿੰਦੁਸਤਾਨ ਦੀ
ਪਹਿਲਾਂ ਇੱਕ ਮਸਲੇ ਤੇ
ਇਕੱਠੇ ਹੋ ਜਾਵੋ
ਗੱਲ ਕਰੋ ਕਿਰਸਾਨ ਦੀ
ਗੱਲ ਕਰੋ ਕਿਰਸਾਨ ਦੀ।
✪

## ਕਰੋਨਾ/2020

2020
ਹਰ ਵਾਰ ਦੀ ਤਰ੍ਹਾਂ
ਸਾਰਿਆਂ ਨੇ
ਗ਼ਮਾਂ ਨੂੰ ਭੁਲਾਕੇ
ਖ਼ੁਸ਼ੀ ਮਨਾਉਂਦਿਆਂ
ਤੇਰਾ ਸਵਾਗਤ ਕੀਤਾ
ਤੇ ਤੈਨੂੰ ਜੀ ਆਇਆ ਜੀ ਕਿਹਾ

ਤੇਰੇ ਆਗਮਨ ਦੀ ਖ਼ੁਸ਼ੀ ਵਿੱਚ
ਸੁਫ਼ਨੇ ਸਜਾਏ
ਕਈਆਂ ਨੇ ਆਪਣੇ ਨਵੇਂ ਭਵਿੱਖ ਵਾਰੇ
ਸੋਚ ਕਈ
ਇਛਾਂਵਾ ਦੀਆਂ ਲੜੀਆਂ ਪਰੋਈਆਂ
ਚਿਰਾਂ ਤੋਂ ਵਿਛੜਿਆਂ ਨੇ
ਮਿਲਣ ਦੇ ਵਾਅਦੇ ਕੀਤੇ

ਪਰ ਤੂੰ
ਕਿਸ ਤਰ੍ਹਾਂ ਹੋਣ ਦਿੰਦਾ
ਸੁਫ਼ਨਿਆਂ ਨੂੰ ਪੂਰੇ

ਤੂੰ ਤਾਂ ਆਪ ਦੁੱਖੀ ਨਿਕਲਿਆ
ਪਤਾ ਨਹੀਂ ਕੀ ਕੀ
ਲੁਕੋ ਕੇ ਰੱਖਿਆ ਸੀ ਆਪਣੀ
ਬੁੱਕਲ ਵਿੱਚ
ਤੇਰੀ
ਕਿਸੇ ਦੇ ਨਾਲ ਕੋਈ

ਦੁਸ਼ਮਣੀ ਸੀ ਜੋ ਨਫ਼ਰਤ
ਬਣ ਗਈ
ਜਾ ਸਦੀਆਂ ਤੋਂ ਦੱਬਿਆ
ਕੋਈ ਦਰਦ
ਜੋ ਲਾਵਾ ਬਣ ਫੁੱਟਿਆ
ਕਰੋਨਾ ਦਾ
ਕਹਿਰ ਬਣਕੇ ਚਾਰ ਚੁਫੇਰੇ
ਕਿੰਨੇ ਹੀ ਘਰ ਉੱਜੜੇ
ਬਹੁਤਿਆਂ ਦੇ ਪਿਆਰ ਵਿੱਛੜੇ
ਤੂੰ
ਇੱਕ ਅਮਿੱਟ ਦਾਗ ਛੱਡ ਗਿਆ
ਸਮੇਂ ਦੇ ਕਾਲ ਚੱਕਰ ਦੇ
ਦਿਲ ਤੇ
ਕਈ ਪਿਆਰੇ ਜੋ ਮਿਲਣਾ
ਲੋਚਦੇ ਸਨ
ਉਹਨਾਂ ਨੂੰ ਕੈਦ ਕਰ
ਗੁੱਸਾ ਵਧਾਇਆ ਤੇ ਉਹ
ਤੈਨੂੰ ਹਮੇਸ਼ਾ ਨਫ਼ਰਤ ਕਰਨਗੇ
ਉਹਨਾਂ ਲਈ
ਪਿਆਰ ਦੇ ਇਤਿਹਾਸ ਵਿੱਚ ਤੂੰ
ਕਾਲ਼ਾ ਦੌਰ ਬਣਕੇ ਰਹੇਂਗਾ।
✪

## ਪੰਜ-ਆਬ

ਪੰਜ਼ ਪਾਣੀ
ਪੰਜ਼ ਭਰਾ
ਦੁਨੀਆਂ ਤੋਂ ਬੇਖ਼ਬਰ ਆਪਣੀ
ਮੌਜ਼-ਮਸਤੀ
ਵਿੱਚ ਵਹਿੰਦੇਂ ਤੇ
ਪੰਜਾਂਬ ਕਹਾਉਂਦੇ

ਜਦੋਂ ਵੀ ਕੋਈ ਧਾੜਵੀ
ਸੋਨੇ ਦੀ ਚਿੜੀਆ ਨੂੰ ਲੁੱਟਣ
ਨੂੰ ਆਉਂਦਾਂ
ਹਮੇਸ਼ਾਂ ਲੰਘਦਾ ਪੰਜਾਂਬ ਦੀ
ਹਿੱਕ ਤੋਂ ਦੀ

ਕਦੇ ਵੀ ਕਿਸੇ ਨੂੰ ਵੀ
ਹੱਸਦੇ ਵੱਸਦੇ
ਰਲ ਮਿਲ ਗਿੱਧਾ ਭੰਗੜਾ ਪਾਉਂਦੇ
ਪੰਜ਼ ਭਰਾ ਚੰਗੇ ਨਾਂ ਲੱਗਦੇ
ਕੋਈ ਜਦੋਂ ਵੀ
ਉਹਨਾਂ ਦੀਆਂ ਖੁਸ਼ੀਆਂ ਨੂੰ ਲੁੱਟਣ
ਦੀ ਕੋਸ਼ਿਸ਼ ਕਰਦਾ
ਪੰਜ ਭਰਾ ਇਕੱਠੇ ਹੋ ਜਾਂਦੇ ਤੇ
ਮੁਕਾਬਲਾ ਕਰਦੇ
ਕਿਸੇ ਨੂੰ ਵੀ ਦੁੱਖੀ ਨਾਂ
ਦੇਖ ਸਕਦੇ
ਦੁਸ਼ਮਣ ਨੂੰ ਅੱਗੇ ਵੱਧਣ ਤੋਂ ਪਹਿਲਾਂ
ਪੰਜਾਬ ਦੇ ਨਾਲ

ਦੋ ਦੋ ਹੱਥ ਕਰਨੇ ਪੈਂਦੇ
ਪੰਜੇਂ ਭਰਾ
ਹਿੱਕ ਤਾਣਕੇ ਖੜ੍ਹ ਜਾਂਦੇ ਤੇ
ਦੁਸ਼ਮਣ ਦੇ ਦੰਦ ਖੱਟੇ ਕਰਦੇ
ਆਉਣ ਵਾਲਾ
ਹਰ ਦੁਸ਼ਮਣ ਉਹਨਾਂ ਦੀ
ਇਸ ਤਾਕਤ ਨੂੰ
ਨਫ਼ਰਤ ਕਰਦਾ ਸੀ
ਪਰ ਉਹ ਕਦੇ ਨਾਂ ਹਾਰਦੇ
ਪੰਜ਼ਾਂਬ ਕਦੇ ਟੁੱਟਿਆ ਨਹੀਂ
ਪੰਜ਼ਾਂਬੀ ਕਦੇ ਮੁੱਕਿਆ ਨਹੀਂ

ਪੰਜਾਬ ਦੀ ਗਲਤੀ
ਪਿਆਰ ਕਰਨਾ
ਸਤਿਕਾਰ ਦੇਣਾ
ਸਭ ਨੂੰ ਖਿੜ੍ਹੇ ਮੱਥੇ ਮਿਲਣਾ
ਦੂਸਰਿਆਂ ਦੇ ਦੁੱਖ ਨੂੰ ਆਪਣਾ
ਦੁੱਖ ਸਮਝਣਾ
ਬਾਹਾਂ ਫ਼ੈਲਾਕੇ ਗਲੇ ਮਿਲਣਾ
ਇੰਨੀ ਵੱਡੀ
ਗਲਤੀ ਸੀ ਕਿ
ਆਪਣਿਆ ਨੇ ਹੀ ਇਸਦੇ
ਘਰ ਦੇ ਅੰਦਰ
ਜ਼ਹਿਰ ਭਰਨਾ ਸ਼ੁਰੂ ਕੀਤਾ
ਜਿਹਨਾਂ ਦੇ ਲਈ ਇਹ
ਲੜਦਾ ਮਰਦਾ ਰਿਹਾ
ਉਹਨਾਂ ਨੂੰ ਵੀ ਇਹ ਹੀ ਦਿੱਸਿਆ
ਆਪਣੇ ਬਣ
ਛਾਤੀ ਵਿੱਚ ਛੁਰਾ ਖੋਭ ਦਿੱਤਾ

ਧਰਮਾਂ ਦੇ ਨਾਂਵਾਂ ਤੇ ਨਫਰਤ ਫੈਲਾ
ਅਲੱਗ ਕਰ ਦਿੱਤਾ
ਇੱਕ ਦਿਲ ਦੇ ਦੋ ਟੁਕੜੇ ਕਰ

ਵੰਡ ਦਿੱਤਾ
ਹਿੰਦੂਆਂ, ਸਿੱਖਾਂ ਤੇ ਮੁਸਲਮਾਂਨਾ ਵਿੱਚ

ਪੰਜ ਭਰਾ
ਸਤੁਲਜ, ਬਿਆਸ, ਰਾਵੀ, ਚਨਾਬ ਤੇ ਜ਼ੇਹਲਮ
ਜਦ ਵਿੱਛੜੇ
ਗਲੇ ਲੱਗੇ ਰੋਏ ਦੁਹੱਥੜਾ
ਮਾਰ ਮਾਰ ਕੇ
ਰੋਂਦੀਆਂ ਕੁਰਲਾਂਉਂਦੀਆਂ ਰੂਹਾਂ
ਬਣ ਗਈਆਂ
ਪੂਰਬੀ ਤੇ ਪੱਛਮੀ ਪੰਜਾਂਬ
ਫਿਰ ਵੀ ਕਹਾਉਂਦੀਆਂ
ਪੰਜਾਂਬ

ਇਹ ਪੰਜ ਭਰਾ
ਇਹ ਪਾਣੀ
ਜਦ ਵੀ ਇੱਕਠੇ ਹੁੰਦੇ
ਆਪਣੀ
ਹੋਂਦ ਦੀਆਂ ਬਾਤਾਂ ਪਾਉਂਦੇ
ਪਰ
ਦੁਸ਼ਮਣ ਤਾਂ ਅਜੇ ਵੀ ਨਹੀਂ ਸੀ
ਅੱਕਿਆ ਤੇ ਥੱਕਿਆ
ਉਹ ਇਸਦੇ
ਟੁੱਟੇ ਹੋਏ ਦਿਲ ਨੂੰ
ਹੋਰ ਤੋੜਨਾ ਚਾਹੂੰਦਾਂ ਸੀ
ਫਿਰ ਕੁਚਲਣਾ ਸ਼ੁਰੂ ਕੀਤਾ
ਧਰਮਾਂ, ਜਾਤਾਂ ਤੇ ਭਾਸ਼ਾਵਾਂ ਦੇ
ਨਾਮ ਤੇ

ਪੰਜਾਬ ਦੀ ਜ਼ਖ਼ਮੀਂ ਰੂਹ
ਨੂੰ ਹੋਰ ਜ਼ਖ਼ਮੀ ਕਰ
ਪਹਿਲਾਂ ਹੀ ਟੁੱਟਿਉ ਦਿਲ ਦੇ
ਹੋਰ ਟੁੱਕੜੇ ਕਰ
ਖੋਹ ਲਏ

ਇਸਤੋਂ ਇਸਦੇ
ਹਰਿਆਣਾ ਤੇ ਹਿਮਾਚਲ ਵੀ

ਇਹ ਉਹ
ਖ਼ਤਰਨਾਕ ਦੁਸ਼ਮਣ ਸੀ
ਜੋ ਪੰਜਾਬ ਨੂੰ
ਦੁਨੀਆਂ ਦੇ ਨਕਸ਼ੇ ਤੋਂ
ਮਿਟਾਉਂਣਾ ਚਾਹੂੰਦਾ ਸੀ
ਕਿਉਂਕਿ ਉਹ ਇਸਦਾ
ਸ਼ੁਧੀਕਰਣ ਕਰਕੇ
ਸ਼ਾਇਦ!
ਕੋਈ ਨਵਾਂ ਨਾਮ ਰੱਖਣਾ
ਚਾਹੁੰਦਾ ਸੀ

ਹੁਣ ਉਹ
ਪੰਜਾਬ ਦੀ ਮਿੱਟੀ ਨੂੰ
ਜ਼ਹਿਰ ਦੇ ਟੀਕੇ ਲਾ
ਪਾਣੀਆਂ ਨੂੰ ਗੰਧਲਾ ਕਰ
ਬਚੇ ਖੁਚੇ ਪੰਜਾਬ ਨੂੰ ਖਤਮ ਕਰਨ
ਦੇ ਰਾਹ ਤੇ ਤੁਰ ਪਿਆ

ਉਹ ਇਹ
ਭੁੱਲ ਬੈਠਾ ਸੀ ਕਿ

ਪੰਜਾਬ ਨੂੰ ਤਾਂ ਗੁਰੂਆਂ ਤੇ ਪੀਰਾਂ ਦਾ
ਵਰਦਾਨ ਹੈ
ਮਰ ਮਰ ਕੇ ਮੁੜ ਮੁੜ
ਖੜ੍ਹੇ ਹੋਵਣ ਦਾ
ਹੁਣ
ਇੱਕ ਵਾਰ ਫਿਰ
ਪੰਜਾਬ ਉੱਠਿਆ ਹੈ
ਆਪਣੇ
ਹੱਕਾਂ ਦੀ ਰਾਖੀ ਲਈ ਤੇ
ਤੁਰ ਪਿਆ ਹੈ

ਦੁਸ਼ਮਣ ਦੇ ਨਾਲ ਟਕਰਾਉਂਣ ਨੂੰ
ਇਸ ਵਾਰ
ਦੁਸ਼ਮਣ ਵੀ ਬਹੁਤ
ਹੈਰਾਨ ਹੈ
ਅੱਜ
ਹਰ ਕਿਸੇ ਦੀ ਅੱਖ
ਪੰਜਾਬ ਤੇ ਹੈ
ਪੰਜਾਬ
ਵਿਜਯੀਭਵ।
✪

## ਕਲਮਾਂ ਦੇ ਕਾਫ਼ਲੇ

ਜਿਉਂਦੀਆਂ ਜਾਗਦੀਆਂ
ਕਲਮਾਂ ਦੇ ਕਾਫ਼ਲੇ
ਬੰਨ੍ਹ ਸਿਰਾਂ ਤੇ ਕਫ਼ਨ
ਨਿਕਲੇ ਆਪਣੇ
ਪਿੰਡਾਂ ਤੇ ਸ਼ਹਿਰਾਂ ਦੀਆਂ
ਗਲੀਆਂ 'ਚੋਂ

ਸ਼ਰ੍ਹੇਆਮ
ਦਹਾੜਦੀਆਂ ਤੇ ਲਲਕਾਰਦੀਆਂ
ਹਰ ਜੂਹ 'ਚੋਂ ਦੀ ਗੁਜ਼ਰਦਿਆਂ
ਧਰਤੀ ਦੇ ਹਰ
ਜ਼ਰੇ-ਜ਼ਰੇ ਨੂੰ ਆਪਣੇ
ਹੱਕਾਂ ਦੀ ਆਵਾਜ਼
ਸੁਣਾਉਂਦੀਆਂ
ਸਰਬੱਤ ਦਾ ਭਲਾ ਮੰਗਦਿਆਂ
ਸ਼ਾਂਤਮਈ ਮੋਰਚੇ ਲਾਉਣ
ਦੁਸ਼ਮਣ ਦੀ ਹਿੱਕ ਦੇ ਉਪੱਰ
ਆਪਣੇ ਖ਼ੂਨ ਦੀ
ਸਿਆਹੀ ਨਾਲ ਲਿਖਣ ਤੁਰੀਆਂ
ਆਪਣੀ ਇੱਕ ਬੇਮਿਸਾਲ ਕਹਾਣੀ
ਇਤਿਹਾਸ ਦੇ ਸੁਨਹਿਰੀ
ਪੰਨਿਆਂ ਤੇ
ਜਿਉਂਦੀਆਂ ਜਾਗਦੀਆਂ
ਇਹ ਕਲਮਾਂ

## ਕੋਈ ਇੰਜ ਕਿਵੇਂ

ਕੋਈ ਇੰਜ ਕਿਵੇਂ
ਖੋਹ ਸਕਦਾ ਹੈ
ਉਹਨਾਂ ਦੇ ਬਣਦੇ ਹੱਕਾਂ ਤੇ ਸੁੱਚੀ ਕਿਰਤ ਨੂੰ
ਇਹ ਤਾਂ

ਉਹ ਕਲਮਾਂ ਨੇ
ਜੋ ਸਿਰ ਕਲਮ ਕਰਾਉਂਣ ਨੂੰ
ਤਿਆਰ ਬਰ ਤਿਆਰ
ਬੈਠੀਆਂ ਨੇ

ਸੀਨਾ ਤਾਣੀ ਵੰਗਾਰਦੀਆਂ
ਪਈਆਂ ਨੇ
ਅੰਨ੍ਹੀਂ, ਬੋਲੀ ਤੇ ਜ਼ਾਲਮ ਹਕੂਮਤ ਨੂੰ
ਉਹ ਉਹਨਾਂ ਦੇ ਰਸਤਿਆਂ ਮੋਹਰੇ
ਟੋਏ ਕੱਢ ਤੇ ਟਿੱਬੇ ਬਣਾਕੇ
ਹੌਂਸਲੇ ਤੌੜਨ ਦੀ ਕੋਸ਼ਿਸ ਤਾਂ
ਕਰ ਸਕਦੀ ਹੈ
ਪਰ ਉਹਨਾਂ ਦੇ ਜਜ਼ਬਿਆਂ ਦਾ
ਕਤਲ ਨਹੀਂ ਕਰ ਸਕਦੀ

ਪਾਣੀ ਦੀਆਂ ਬੁਛਾੜਾਂ ਮਾਰਕੇ
ਉਹਨਾਂ ਦੇ ਉਬਾਲੇ ਖਾਂਦੇ
ਖ਼ੂਨ ਦੀ ਜਵਾਲਾ ਨੂੰ ਠੰਡਾਂ
ਨਹੀਂ ਕਰ ਸਕਦੀ

ਜਿਉਂਦੀਆਂ ਜਾਗਦੀਆਂ ਕਲਮਾਂ
ਹਨੇਰੀਆਂ ਰਾਤਾਂ ਨੂੰ ਚੀਰਦੀਆਂ
ਠੰਡ ਨੂੰ ਸਹਿੰਦਿਆਂ
ਮੀਂਹ ਵਿੱਚ ਭਿੱਜਦਿਆ
ਹਰ ਰੋਜ਼
ਹਰ ਪਲ
ਇੱਕ ਨਵੀਂ ਇਬਾਰਤ
ਲਿਖ ਰਹੀਆਂ ਨੇ।
✪

## ਕੱਠਪੁਤਲੀ

ਉਹ ਤਾਂ ਉਹਨਾਂ
ਮੁੱਠੀ ਭਰ ਤਾਕਤਾਂ ਦੇ ਹੱਥਾਂ ਵਿੱਚ
ਖੇਲ ਰਹੀ ਇੱਕ
ਕੱਠਪੁਤਲੀ
ਬਣ ਚੁੱਕਾ ਹੈ

ਸ਼ਰ੍ਹੇਆਮ
ਕਰ ਰਿਹਾ ਹੈ ਕਤਲ
ਭਾਰਤੀ ਲੋਕਤੰਤਰ ਦਾ
ਬਣਾਕੇ ਕੋਝੇ ਕਾਨੂੰਨ
ਕਦੇ
ਐਨ ਆਰ ਸੀ
ਸੀ ਏ ਏ
310 ਦੀ ਧਾਰਾ ਨੂੰ ਖਤਮ ਕਰ
ਐਮ ਐਸ ਪੀ ਲਾਗੂ ਕਰ

ਜੇ ਲੋਕ
ਆਪਣੇ ਹੱਕਾਂ ਲਈ ਆਵਾਜ਼
ਉਠਾਉਂਦੇ ਨੇ
ਤਾਂ ਫ਼ਸ ਜਾਂਦੇ ਨੇ
ਪਹਿਲਾਂ ਹੀ ਵਿਛਾਏ ਗਏ
ਉਸਦੇ ਜ਼ਾਲ ਵਿੱਚ
ਮੁਸਲਮਾਨ ਉਠੱਦੇ ਨੇ
ਪਾਕਿਸਤਾਨੀ ਬਰਾਂਡ ਦੀਆਂ ਬੇੜੀਆਂ
ਪੰਜਾਂਬੀ ਉੱਠਦੇ ਨੇ
ਖਾਲਿਸਤਾਨੀ ਬਰਾਂਡ ਦੀਆਂ ਬੇੜੀਆਂ

ਖਾਲਿਸਤਾਨੀ ਬਰਾਂਡ ਦੀਆਂ ਬੇੜੀਆਂ
ਨਾਲ ਬੰਨ੍ਹਕੇ
ਕੈਦ ਕਰਦਾ ਹੈ

ਉਹ
ਹੁਣ ਹਿਟਲਰ ਦੀਆਂ
ਔਲਾਦਾਂ ਨਾਲ
ਹੱਥ ਮਿਲਾ ਚੁੱਕਿਆ ਹੈ
ਜੋ
ਚਾਹੁੰਦੀਆਂ ਨੇ ਕਿ
ਤਿਰੰਗੇ ਦਾ ਭਗਵਾਂਕਰਨ
ਕਰ ਦਿੱਤਾ ਜਾਵੇ
ਉਹ
ਹਿੰਦੂਆਂ ਨੂੰ
ਹਿੰਦੂ ਰਾਜ ਦੀ ਸਥਾਪਨਾ ਦਾ
ਸੁਨਹਿਰੀ ਸੁਫ਼ਨਾ ਦਿਖਾ
ਹਿੰਦੂਤਵ ਦੇ ਏਜੰਡੇ ਦੇ ਨਾਮ ਤੇ
ਮੂਰਖ਼
ਬਣਾ ਰਿਹਾ ਹੈ
ਤਾਂ ਕਿ
ਉਹ ਕੁੱਝ ਵੀ ਨਾਂ ਸਮਝ ਸਕਣ
ਅੰਦਰੋਂ ਅੰਦਰੀ ਉਸਦਾ
ਉਦੇਸ਼
ਭਾਰਤ ਦੇ ਸੁਨਹਿਰੀ ਇਤਿਹਾਸ ਤੇ
ਕਾਲਖ ਮਲਣਾ ਹੈ
ਤਾਂ ਕਿ
ਦੁਨੀਆਂ ਦੇ ਉਹ ਲੋਕ
ਜੋ ਵਿਵੇਕਾਨੰਦ ਦੇ ਸੁਫ਼ਨਿਆਂ ਦੇ
ਭਾਰਤ ਨੂੰ ਜਾਨਣਾ ਚਾਹੁੰਦੇ ਹਨ
ਉਹ ਨਾ ਜਾਣ ਸਕਣ
ਉਸ
ਅਸਲੀ ਭਾਰਤ ਨੂੰ

ਦੁਨੀਆਂ ਦੇ ਲੋਕ
ਹਿੰਦੂ ਧਰਮ ਨੂੰ
ਸ਼ਾਂਤੀ ਦਾ ਪ੍ਰਤੀਕ ਮੰਨਦੇ ਹਨ
ਪਰ

ਹਿਟਲਰ ਦੀਆਂ ਔਲਾਦਾਂ
ਰਾਮ ਰਾਜ ਦੇ ਨਾਮ ਤੇ
ਲੋਕਾਂ ਨੂੰ ਆਪਸ ਵਿੱਚ ਲੜਾ ਕੇ
ਹਿੰਦੂ ਧਰਮ ਨੂੰ
ਸ਼ਾਂਤੀ ਤੋਂ ਅਸ਼ਾਂਤੀ ਦਾ
ਪ੍ਰਤੀਕ
ਬਣਾਉਣਾ ਚਾਹੂੰਦੀਆਂ ਨੇ

ਉਹਨਾਂ ਦੇ
ਹੱਥਾਂ ਵਿੱਚ ਖੇਡਦਾ ਉਹ
ਮੋਹਰਾ
ਗਿਰਗਿਟ ਦੇ ਵਾਂਗਰ
ਹਰ ਵਕਤ
ਰੰਗ ਬਦਲਦਾ ਰਹਿੰਦਾ ਹੈ
ਉਸ ਨੂੰ
ਸ਼ਹੀਦਾਂ ਦੇ ਖ਼ੂਨ ਦੇ ਨਾਲ
ਰੰਗਿਆ ਤਿਰੰਗਾਂ ਨਹੀਂ
ਦਿਸਦਾ
ਉਹ ਤਾਂ ਉਹਨਾਂ
ਮੁੱਠੀ ਭਰ ਤਾਕਤਾਂ ਦੇ ਹੱਥਾਂ ਦੀ
ਕੱਠਪੁਤਲੀ
ਬਣ ਚੁੱਕਾ ਹੈ

ਜੋ
ਤਿਰੰਗੇ ਦਾ ਭਗਵਾਂਕਰਨ
ਕਰਨਾ ਚਾਹੁੰਦੀਆਂ ਨੇ

ਇਹ ਮੁੱਠੀ ਭਰ ਤਾਕਤਾਂ
ਭਗਵਾਂਕਰਨ ਦੇ ਨਾਮ ਤੇ ਦੇਸ਼ ਵਿੱਚ
ਹਨੇਰ ਗਰਦੀ ਮਚਾ
ਭਾਰਤ ਨੂੰ
ਫਿਰ ਤੋਂ ਇੱਕ ਡੂੰਘੀ ਖਾਈ ਵਿੱਚ
ਧਕੇਲਣਾ ਚਾਹੁੰਦੀਆਂ ਨੇ
ਇਹ

ਭਾਰਤ ਨੂੰ ਖਤਮ ਕਰਨ ਦੀ ਕੋਈ
ਭਹੁਤ ਵੱਡੀ ਸ਼ਾਜਿਸ਼ ਹੈ

ਕਿਉਂਕਿ
ਦੋ ਚਾਰ ਰਈਸ ਇਕੱਠੇ ਹੋ ਕੇ
ਭਾਰਤ ਤੇ ਸ਼ਾਸਨ ਕਰਨਾ
ਚਾਹੁੰਦੇਂ ਨੇ
ਇਸ ਲਈ ਉਹਨਾਂ ਨੇ
ਆਪਣੀ ਮਰਜ਼ੀ ਦਾ
ਤਾਨਾਸ਼ਾਹ
ਸਾਸ਼ਕ ਬਣਾਇਆ ਹੈ
ਜੋ ਸਿਰਫ਼ ਤੇ ਸਿਰਫ਼
ਉਹਨਾਂ ਦੇ ਇਸ਼ਾਰਿਆਂ ਤੇ ਹੀ
ਨੱਚ ਰਿਹਾ ਹੈ
ਕਿਉਂਕਿ
ਤਾਨਾਸ਼ਾਹਾਂ ਤੇ ਸਰਮਾਏਦਾਰਾਂ ਦਾ
ਕੋਈ ਵੀ ਧਰਮ
ਨਹੀਂ ਹੁੰਦਾਂ।
✪

## ਪਿਆਰ ਸੀ

ਪਾਸ਼
ਤੇਰਾ ਦਿਲ ਵੀ
ਕੋਈ ਪੱਥਰ ਦਾ ਨਹੀਂ ਸੀ

ਜੇ ਸ਼ਿਵ
ਬ੍ਰਿਹਾ ਦਾ ਸੁਲਤਾਨ ਸੀ
ਕੋਮਲ ਜਜ਼ਬਾਤ ਜਗਾਉਂਦਾ ਸੀ
ਪਿਆਰ ਦਾ ਅਹਿਸਾਸ
ਕਰਾਉਂਦਾ ਸੀ

ਪਾਸ਼
ਤੇਰੇ ਅੰਦਰ ਵੀ ਬਹੁਤ
ਪਿਆਰ ਸੀ
ਤੂੰ ਲੋਕਾਂ ਦਾ ਕਵੀ
ਨਿਆਂ ਲਈ ਲੜਦਾ
ਬੇਇਨਸਾਫ਼ੀ ਨਾਂ ਜ਼ਰਦਾ
ਹੱਕ ਤੇ ਸੱਚ ਦਾ ਪਹਿਰੇਦਾਰ ਸੀ

ਤੇਰਾ ਪਿਆਰ ਸਰਵਪੱਖੀ
ਸਭ ਦੀ ਖੁਸ਼ਹਾਲੀ ਮੰਗਦਾ
ਤੂੰ ਉਹ ਹਿੰਮਤੀ ਸੀ
ਜੋ ਜ਼ੁਲਮ ਤੇ ਹਨੇਰਗਰਦੀ ਦੇ
ਮੋਹਰੇ ਜਾ ਖੜ੍ਹਦਾ
ਤਾਂ ਕਿ
ਨਸਲਵਾਦ
ਧਾਰਮਿਕ ਕੱਟੜਤਾ ਤੇ ਵਿਤਕਰਿਆਂ ਦੀਆਂ

ਦੀਵਾਰਾਂ ਟੁੱਟ ਜਾਂਦੀਆਂ
ਤੇਰਾ
ਪਿਆਰਾ ਸੁਫ਼ਨਾ ਸੀ
ਸਾਂਝੀਵਾਲਤਾ ਦਾ ਇੱਕ ਘਰ ਬਣਾਉਣਾ
ਜਿੱਥੇ ਸਭ
ਪਿਆਰ ਨਾਲ ਬੇਠਣ ਤੇ ਮਾਨਣ
ਆਪਣੀ ਜ਼ਿੰਦਗੀ

ਜੇ ਤੂੰ ਪੱਥਰ ਦਾ ਹੁੰਦਾ
ਕਿਵੇਂ ਮਹਿਸੂਸਦਾ ਦੂਜਿਆਂ ਦੇ
ਦੁੱਖਾਂ ਤੇ ਦਰਦਾਂ ਨੂੰ
ਸੱਭ ਦੇ ਦੁੱਖ ਤੇ ਦਰਦ
ਤੈਨੂੰ ਤੇਰੇ
ਆਪਣੇ ਹੀ ਲੱਗਦੇ
ਤੂੰ ਤਾਂ
ਦਰਦ ਵਿੱਚ ਚੀਕਦਾ ਤੇ ਚਿਲਾਉਂਦਾ ਹੈ
ਹਲੂਣਦਾ ਹੈ
ਸੁੱਤਿਆਂ ਨੂੰ ਨੀਂਦ 'ਚੋਂ
ਜਗਾਉਂਦਾ ਹੈ
ਦੁਸ਼ਮਣਾ ਦੀ ਨੀਂਦ ਉਡਾਉਂਦਾ ਹੈਂ

ਤੂੰ
ਕੋਈ ਪੱਥਰ ਦਿਲ ਨਹੀਂ ਸੀ
ਜੇ ਪੱਥਰ ਸੀ ਵੀ
ਪੱਥਰ ਵੀ
ਚਕਨਾਚੂਰ ਹੋ ਜਾਂਦੇ ਨੇ

ਤੂੰ
ਉਹ ਬੇਸ਼ਕੀਮਤੀ ਪੱਥਰ ਸੀ
ਜਿਸ ਦਾ ਦਿਲ
ਲੌਕਾ ਦੇ ਦੁੱਖਾਂ ਤੇ ਦਰਦਾਂ ਨੂੰ ਦੇਖ
ਚਕਨਾਚੂਰ ਹੋ ਗਿਆ ਸੀ।
✪

## ਮਿਸ਼ਾਲ

ਪਾਸ਼ ਤੇਰੀ ਕਵਿਤਾ
ਸਿਰਫ਼
ਕਵਿਤਾ ਨਹੀਂ ਹੈ
ਇੱਕ ਇਤਿਹਾਸ ਹੈ

ਇਹ ਤਾਂ ਇੱਕ ਉਹ
ਇਤਿਹਾਸ ਹੈ
ਜੋ ਤੂੰ ਪੜ੍ਹਿਆ
ਗੌਲ਼ਿਆ ਤੇ ਚਿਤਵਿਆ ਸੀ
ਜਿਵੇਂ ਕਿ
ਇਤਿਹਾਸ ਦੇ ਉਹ ਪੰਨੇ
ਜੋ ਤੇਰੇ ਪੈਦਾ
ਹੋਵਣ ਤੋਂ ਵੀ ਪਹਿਲਾਂ ਲਿਖੇ ਗਏ ਸੀ
ਤੂੰ ਆਪ
ਇਤਿਹਾਸ ਦੇ ਉਹਨਾਂ ਪੰਨਿਆਂ ਵਿੱਚ
ਸਿਮਟਕੇ ਰਹਿ ਗਏ
ਪਲਾਂ ਨੂੰ
ਹੰਢਾਇਆ ਤੇ ਮਹਿਸੂਸ ਕੀਤਾ ਹੋਵੇ
ਇਸ ਕਰਕੇ ਹੀ
ਤਾਂ ਤੈਨੂੰ
ਸਦੀਆਂ ਤੋਂ ਹੋ ਰਹੀ
ਲੁੱਟ ਖਸੁੱਟ ਦਾ
ਅਹਿਸਾਸ ਸੀ

ਤੂੰ ਦੂਰ ਅੰਦੇਸ਼ੀ ਸੀ
ਕਿਆਸ ਸੀ ਤੈਨੂੰ

ਕਿ ਉਹਨਾਂ
ਇੱਕ ਦਿਨ ਇਸ ਦੇਸ਼ ਦੀ
ਮਿੱਟੀ ਦਾ ਵੀ ਮੁੱਲ ਪਾ ਦੇਣਾ ਹੈ
ਇਸ ਉੱਪਰ ਵਸਦੇ ਘਰ
ਜਿਹਨਾਂ ਵਿੱਚ
ਭੋਲੇ ਭਾਲੇ ਲੋਕ ਰਹਿੰਦੇ ਨੇ
ਢਾਹ ਦੇਣੇ ਨੇ
ਬੁਲਡੋਜ਼ਰਾਂ ਦੇ ਨਾਲ
ਤਾਂ ਕਿ
ਲੋਕ ਘਰੋਂ ਬੇਘਰ ਹੋ ਜਾਵਣ
ਤੇ ਕਦੇ ਵੀ
ਨਾਂ ਕਰ ਸਕਣ ਹੌਸਲਾ
ਆਪਣੀ ਮਿੱਟੀ ਨੂੰ ਆਪਣਾ
ਕਹਿਣ ਦਾ
ਆਪਣੇ ਘਰਾਂ ਵਿੱਚ ਰੱਖੀਆਂ
ਚੀਜਾਂ ਤੇ ਹੱਥ ਧਰਨ ਤੋਂ ਪਹਿਲਾਂ
ਲੋਕਾਂ ਨੂੰ ਲੋਟੂਆਂ ਦੇ ਅੱਗੇ
ਹੱਥ ਧਰਨੇ ਪੈਣ

ਪਰ
ਤੇਰਾ ਪੰਜਾਬ ਥੱਕ ਗਿਆ ਸੀ
ਥਪੇੜੇ ਖਾ ਖਾ ਕੇ
ਲੋਕਾਂ ਨੂੰ ਭਿਣਕ ਲੱਗੀ
ਕਿ! ਸ਼ਾਇਦ
ਇਸ ਵਾਰ ਕੁੱਝ ਵੀ ਨਹੀਂ ਬਚੇਗਾ
ਕੋਈ ਗੱਲ ਨਹੀਂ
ਦੇਰ ਆਏ ਦਰੁਸਤ ਆਏ
ਅੱਜ ਫਿਰ
ਪੰਜਾਂਬ ਮੋਹਰੀ ਬਣਿਆ
ਹਮੇਸ਼ਾਂ ਦੀ ਤਰ੍ਹਾਂ ਕਮਾਣ ਸੰਭਾਲੀ ਤੇ

ਅੱਜ ਫਿਰ
ਪੰਜਾਂਬ ਮੋਹਰੀ ਬਣਿਆ
ਹਮੇਸ਼ਾਂ ਦੀ ਤਰ੍ਹਾਂ ਕਮਾਣ ਸੰਭਾਲੀ ਤੇ

ਤੁਰ ਪਏ
ਪੰਜਾਬ ਦੇ ਪੁੱਤਰ
ਪੰਜਾਬੀ ਕਿਸਾਨ
ਅੰਨਦਾਤੇ
ਆਪਣੇ ਘਰਾਂ 'ਚੋਂ ਬਾਹਰ ਨਿਕਲ
ਆਪਣੇ ਹੱਕਾਂ ਦੇ ਲਈ ਲੜਨ ਨੂੰ
ਆਪਣੀ ਕਿਰਸਾਨੀ
ਆਪਣੇ ਖੇਤਾਂ ਤੇ ਖੇਤੀ ਨੂੰ
ਬਚਾਵਣ ਲਈ
ਚੱਕ ਕੇ
ਰੰਬੇ, ਦਾਤੀਆਂ ਤੇ ਕਹੀਆਂ
ਬਹੁਤਿਆਂ ਦੇ ਪੈਰੀਂ ਤਾਂ
ਚਪਲਾਂ ਵੀ ਨਹੀਂ ਸਨ
ਨਾਂ ਤਨ ਢੱਕਣ ਨੂੰ ਬਹੁਤੇ
ਮਹਿੰਗੇ ਗਰਮ ਕੱਪੜੇ
ਪਰ
ਫਿਰ ਵੀ ਨਿੱਕਲ ਪਏ
ਆਪਣੇ ਘਰਾਂ 'ਚੋਂ
ਕਹਿਰ ਦੀ ਠੰਡ ਵਿੱਚ
ਹੌਸਲਿਆਂ ਦੀਆਂ ਕਮਾਨਾਂ ਲਈ
ਆਪਣੇ ਮੋਢਿਆਂ ਤੇ

ਹਾਕਮ ਨੇ
ਕੌਝੇ ਹੱਥਕੰਡੇ ਅਪਣਾਏ
ਉਹਨਾਂ ਦੇ ਰਸਤੇ ਰੋਕਣ ਲਈ
ਪਰ
ਇਸ ਵਾਰ ਉਹ ਬੇਫ਼ਿਕਰੇ ਹੋ ਕੇ
ਆਪਣੇ ਘਰਾਂ 'ਚੋਂ ਬਾਹਰ ਨਿਕਲੇ
ਦੁਸ਼ਮਣ ਦੀ ਕੋਈ ਵੀ ਚਾਲ

ਨਾਂ ਰੋਕ ਸਕੀ
ਉਹਨਾਂ ਦੀਆਂ ਰਾਹਵਾਂ
ਕਿਉਂਕਿ
ਉਹਨਾਂ ਜਾਣ ਲਿਆ ਸੀ
ਇਹ ਸੱਚ

ਕਿ
ਜੇ ਤੁਰਨਾਂ ਮੌਤ ਹੈ
ਤੇ ਫਿਰ
ਨਾਂ ਤੁਰਨਾਂ ਵੀ ਮੌਤ ਹੈ
ਇਸ ਵਾਰ
ਉਹ ਕਹਿਰ ਬਣ ਉੱਠੇ
ਲੰਘ ਆਏ ਹਰ ਤੂਫ਼ਾਨ
ਤੇ ਗੱਡ ਦਿੱਤੇ
ਉਹਨਾਂ ਆਪਣੇ ਝੰਡੇ
ਦਿੱਲੀ ਦੇ ਬਾਰਡਰਾਂ ਤੱਕ
ਤੇ ਬਣਾ ਲਏ
ਉਹਨਾਂ ਆਪਣੇ ਘਰ
ਸਿੰਘੂ ਬਾਰਡਰ
ਕੂੰਡਲੀ ਬਾਰਡਰ
ਤੇ ਟਿੱਕਰੀ ਬਾਰਡਰ
ਵਿਛਾ ਲਏ ਬਿਸਤਰੇ
ਟਰਾਲੀਆਂ ਤੇ ਟਰੱਕਾਂ ਵਿੱਚ
ਕਈ ਸੁੱਤੇ
ਰੇਤ ਤੇ ਬਜ਼ਰੀ ਦੇ ਢੇਰਾਂ ਤੇ ਹੀ
ਠੰਡੀਆਂ ਹਨੇਰੀਆਂ ਰਾਤਾਂ ਵਿੱਚ
ਜਾਗ੍ਰਿਤੀ ਦੀ ਮਿਸ਼ਾਲ ਬਾਲ ਕੇ
ਆਪਣੇ ਦਿਲਾਂ ਵਿੱਚ

ਪਾਸ਼
ਅੱਜ ਤੇਰੀ ਸੋਚ ਦੀ
ਸਹੀ ਮਾਅਨਿਆਂ ਦੇ ਵਿੱਚ
ਜਿੱਤ ਹੋਈ ਹੈ
ਕਿਉਂਕਿ
ਤੇਰੇ ਲਈ ਭਾਰਤ ਦੇ ਪੁੱਤਰ
ਖੇਤਾਂ ਵਿੱਚ ਵਸਦੇ ਸਨ

ਅੱਜ ਤੇਰੀ ਕਵਿਤਾ ਵਿਚਲੇ
ਭਾਰਤ ਦੇ ਪੁੱਤਰ
ਜੋ

ਖੇਤਾਂ ਵਿੱਚ ਵਸਦੇ ਨੇ
ਭੁੱਲਕੇ
ਸਭ ਭੇਦ ਭਾਵ
ਆ ਖੜ੍ਹੇ ਹੋਏ ਨੇ
ਵੱਖ ਵੱਖ ਦਿਸ਼ਾਵਾਂ ਤੋਂ ਆਪਣੇ
ਪੰਜਾਂਬੀ ਭਰਾਵਾਂ ਦੇ ਨਾਲ
ਤੇ ਤੁਰ ਪਏ ਨੇ
ਆਪਣੀ ਕਿਰਸਾਨੀ ਤੇ ਖੇਤਾਂ ਨੂੰ
ਬਚਾਵਣ ਲਈ

ਹੁਣ ਸ਼ਰ੍ਹੇਆਮ
ਜਾਰੀ ਕਰ ਦਿੱਤੇ ਨੇ ਉਹਨਾਂ
ਫਤਵੇ
ਨਿਜ਼ਾਮ ਦੇ ਖਿਲਾਫ਼

ਆਪਣੇ ਦਿਲਾਂ ਵਿੱਚ ਕੀਤਾ ਹੈ
ਇਹ ਸੰਕਲਪ
ਲਿਆ ਹੈ ਇੱਕ ਫੈਸਲਾ ਕਿ

ਜੇ
ਕੋਈ ਉਹਨਾਂ ਦੇ
ਘਰਾਂ ਤੇ ਖੇਤਾਂ ਨੂੰ ਤੱਕੇਗਾ
ਤਾਂ
ਉਹ ਮਰਕੇ ਜਾ ਮਾਰਕੇ ਹੀ
ਪਰਤਣਗੇ
ਆਪਣੇ ਘਰਾਂ ਨੂੰ

ਕਿਉਂਕਿ
ਉਹ ਅਸਲੀ ਵਾਰਿਸ ਨੇ
ਭਾਰਤ ਵਰਸ਼ ਦੇ

ਮੈਂ ਇਹਨਾਂ ਖੇਤਾਂ ਦੇ ਪੁੱਤਰਾਂ ਨੂੰ
ਸਲਾਮ ਕਰਦੀ ਹਾਂ
ਤੇ ਆਪਣੇ
ਦਿਲ ਤੇ ਰੂਹ ਤੋਂ ਇਹ

ਦੁਆ
ਕਰਦੀ ਹਾਂ ਕਿ
ਇਹ ਸ਼ਮਾਂ ਬਲਦੀ ਰਹੇ ਤੇ
ਜ਼ਮੀਰਾਂ ਜਾਗਦੀਆਂ ਰਹਿਣ
ਹਮੇਸ਼ਾਂ।
✪

## ਜੇ ਪਾਸ਼ ਹੁੰਦਾ

ਅੱਜ
ਜੇ ਪਾਸ਼ ਹੁੰਦਾ
ਤਾਂ ਉਹ
ਸ਼ਬਦਾਂ ਦੀਆਂ ਗੋਲੀਆਂ ਦੇ ਨਾਲ
ਕਰਦਾ ਸੀਨੇ ਛਲਣੀ
ਸਿਆਸਤਦਾਨਾਂ ਦੇ

ਸ਼ਬਦਾਂ ਦੇ ਹੰਟਰ
ਮਾਰ ਮਾਰ
ਉਧੇੜ ਦਿੰਦਾ ਚਮੜੀ

ਸਬਦਾਂ ਦੀ ਦਾਤਰੀ ਦੇ ਨਾਲ
ਕੱਟ ਦਿੰਦਾ
ਜ਼ੁਬਾਨ

ਸ਼ਬਦਾਂ ਦੇ ਦਾਤ ਦੇ ਨਾਲ
ਵੱਢ ਦਿੰਦਾਂ ਲੱਤਾਂ
ਵਿਰੋਧੀਆਂ ਦੀਆਂ

ਕਿਉਂਕਿ
ਉਸਨੂੰ ਹਥਿਆਰਾਂ ਦੀ
ਲੋੜ ਨਹੀਂ ਸੀ
ਉਸਦੇ ਤਾਂ
ਸ਼ਬਦ ਹੀ ਹਥਿਆਰਾਂ ਤੋਂ
ਤੇਜ਼ ਸਨ।
✪

## ਵਿਵੇਕ

ਪਾਸ਼
ਮੈਂ ਤੈਨੂੰ ਪਿਆਰ ਕਰਦੀ ਹਾਂ
ਬਹੁਤ ਹੀ ਸ਼ਿੱਦਤ ਦੇ ਨਾਲ
ਤੇਰੀਆਂ ਕਵਿਤਾਵਾਂ ਦਾ
ਮੈਂ ਪਾਠ ਕਰਦੀ ਹਾਂ

ਅੱਜਕੱਲ੍ਹ
ਤੈਨੂੰ ਪੜ੍ਹਦੀ ਪੜ੍ਹਦੀ ਹੀ
ਮੈਂ ਸੌਂ ਜਾਂਦੀ ਹਾਂ
ਤੈਨੂੰ ਤੇਰੇ ਸ਼ਬਦਾਂ ਵਿੱਚੋਂ ਹੀ
ਲੱਭਣ ਦੀ ਛੋਟੀ ਜਿਹੀ ਇੱਕ
ਕੋਸ਼ਿਸ਼ ਕਰਦੀ ਹਾਂ

ਤੂੰ ਕਿਹੜੀ
ਦੁਨੀਆਂ ਵਿੱਚ ਰਹਿੰਦਾ ਸੀ
ਹਰ ਪਲ ਹਰ ਦਿਨ
ਕੀ ਸੋਚ ਦਾ ਰਹਿੰਦਾ ਸੀ
ਮੈਂ
ਜਿਸ ਤਰ੍ਹਾਂ
ਵੀ ਤੈਨੂੰ ਪੜ੍ਹਿਆ ਹੈ
ਜਿੱਦਾਂ ਦਾ ਵੀ ਮੈਨੂੰ ਲੱਗਿਆ
ਜਿਵੇਂ ਹੈ ਤੂੰ ਮੈਨੂੰ ਦਿਸਿਆ
ਉਦਾਂ ਦਾ ਹੀ ਦੱਸਾਂਗੀ
ਮੇਰੀ ਸੋਚ ਤੇ ਕਿਸੇ ਦਾ ਕੋਈ ਵੀ
ਕਿਸੇ ਤਰ੍ਹਾਂ ਦਾ ਕੋਈ ਹੱਕ ਨਹੀਂ

ਮੈਂ ਆਪਣੇ
ਸ਼ਬਦਾਂ ਤੋਂ ਮੁਨਕਰ ਨਾਂ ਹੋਵਾਂਗੀ
ਕਿਸੇ ਦੀਆਂ ਗੱਲਾਂ ਵਿੱਚ ਆ ਕੇ
ਨਾਂ ਡਰ ਕੇ ਪਿੱਛੇ ਹੱਟਾਂਗੀ

ਤੈਨੂੰ ਜਾਣਨ ਦੀ
ਇਸ ਕੋਸ਼ਿਸ਼ ਵਿੱਚ ਹੁਣ
ਮੈਂ ਵੀ ਕੁੱਝ
ਗਾਲ਼ਾਂ ਤਾਂ ਖਾਵਾਂਗੀ
ਕਿਉਂਕਿ
ਤੇਰੇ ਅੰਦਰ ਮੈਨੂੰ ਦਿਸਿਆ
ਛੁਪਿਆ ਬੈਠਾ
ਥੋੜ੍ਹਾ ਜਿਹਾ ਇੱਕ
ਖਾਲਿਸਤਾਨੀ

ਇਹ ਸਭ
ਪਤਾ ਲੱਗਣ ਤੇ ਕਈ
ਕਾਮਰੇਡ ਉੱਠਣਗੇ ਤੇ
ਮੈਨੂੰ ਗਾਲ਼ਾਂ ਕੱਢਣਗੇ
ਬੇਹਯਾ ਤੇ ਬਦਦਿਮਾਗ
ਕਹਿਣਗੇ
ਤੇ ਨਾਲੇ ਦੇਵਣਗੇ ਕਈ ਤਾਹਨੇ
ਕਈ
ਉੱਚੀ ਉੱਚੀ ਚੀਕਾਂ ਮਾਰਨਗੇ
ਬਹੁਤੇ ਤਿਲਮਲਾਉਣਗੇ
ਇੱਲਾਂ ਵਾਂਗਰ ਝਪਟਣਗੇ ਤੇ
ਕਾਵਾਂ ਵਾਂਗਰ ਰੌਲ਼ਾ ਪਾਉਣਗੇ
ਕਿਸ ਤਰ੍ਹਾਂ ਇਹ
ਲਹਿ ਸਕਦੀ ਹੈ ਤੇਰੇ ਤੋਂ
ਕਾਮਰੇਡ
ਹੋਵਣ ਦੀ ਤਖਤੀ

ਬੇਇਨਸਾਫ਼ੀ ਲਈ ਤੂੰ
ਤਾਂ ਲੜ੍ਹਦਾ ਸੀ
ਇਨਸਾਨ ਨਾਂ ਤੈਨੂੰ ਦਰਸਾਉਣਗੇ

ਪਰ
ਤੈਨੂੰ ਖਾਲਿਸਤਾਨੀ ਕਹਿ

ਦੇਵਣ ਤੇ ਵੀ
ਬਹੁਤੇ ਕਈ ਉੱਠਣਗੇ
ਤੂੰ ਤਾਂ ਇਹ ਬਣ ਹੀ ਨਹੀਂ
ਸੀ ਸਕਦਾ
ਉਹ ਤੈਨੂੰ ਇੱਕ ਸ਼ਰਾਰਤੀ ਅਨਸਰ
ਤੇ ਸਿਗਰਟ ਪੀਣਾ ਹੀ ਦੱਸਣਗੇ
ਉਹ ਸਾਰੇ ਵੀ ਮਿਲਕੇ ਫਿਰ
ਮੈਨੂੰ ਹੀ ਗਾਲ਼ਾਂ ਕੱਢਣਗੇ
ਜਾਂ ਫਿਰ ਦੇ ਦੇਵਣਗੇ
ਸਿਰ ਕਲਮ ਕਰਨ ਦੀ
ਸਿੱਧੀ ਧਮਕੀ

ਉਹਨਾਂ ਨੂੰ ਫਿਰ
ਮੈਂ ਵੀ ਇੱਕ
ਐਲਾਨ ਕਰਾਂਗੀ
ਇੱਕ ਵਾਰੀ ਤਾਂ ਚੰਗੀ ਤਰ੍ਹਾਂ
ਪੜ੍ਹ ਲੈਣ ਉਹ ਤੈਨੂੰ
ਇਹ ਛੋਟੀ ਜਿਹੀ ਇੱਕ
ਸਲਾਹ ਦਵਾਂਗੀ
ਫਿਰ
ਜਾਰੀ ਕਰ ਸਕਦੇ ਨੇ
ਜਿਹੜਾ ਮਰਜ਼ੀ ਉਹ
ਫਤਵਾ

ਕਿਉਂਕਿ ਸਿੱਖੀ ਇਨਸਾਫ਼
ਕਰਦੀ ਹੈ

ਕਿਉਂਕਿ ਸਿੱਖੀ ਇਨਸਾਫ਼
ਕਰਦੀ ਹੈ
ਸਵਾਲ ਕਰਦੀ ਹੈ
ਕਦੇ ਵੀ
ਗਾਲ਼ਾਂ ਨਹੀਂ ਸਿਖਾਉਂਦੀ

ਯਾਦ ਰੱਖਣਾ ਹਮੇਸ਼ਾ

ਸਾਹਿਬੇ ਕਮਾਲਿ
ਸ੍ਰੀ ਗੁਰੁ ਗੋਬਿੰਦ ਸਿੰਘ ਜੀ ਨੂੰ
ਉਹਨਾਂ ਜੰਗਾਂ ਲੜੀਆਂ
ਸਵਾਲ ਕੀਤੇ
ਜ਼ਫਰਨਾਮਾ ਲਿਖਿਆ
ਗਿਲ਼ਾ ਕੀਤਾ ਤੇ ਗੁੱਸਾ ਕੱਢਿਆ
ਉਹ ਵੀ
ਤਹਜ਼ੀਬ ਦੇ ਨਾਲ
ਪਰ
ਗਾਲ਼ਾਂ ਨਹੀਂ ਕੱਢੀਆਂ
ਜੇ
ਦਮ ਹੈ ਤਾਂ
ਤੁਸੀ ਵੀ ਸਵਾਲ ਕਰਨੇ
ਤੇ ਵਿਵੇਕ ਬਰਤਣਾ
ਦਸਤਾਰਾਂ ਬੰਨ੍ਹਕੇ
ਗੁਰੂ ਦੇ ਸਿੱਖ
ਗਾਲ਼ਾਂ ਕੱਢਦੇ
ਚੀਕਦੇ ਤੇ ਚਿਲਾਉਂਦੇ
ਚੰਗੇਂ ਨਹੀਂ ਲੱਗਦੇ
ਕਿਉਂਕਿ ਕਦੇ ਵੀ
ਸ਼ੇਰਾਂ ਨੂੰ
ਕੁੱਤਿਆਂ ਵਾਂਗਰ ਭੌਂਕਣ ਦੀ
ਲੋੜ ਨਹੀਂ ਹੁੰਦੀ
ਸ਼ੇਰਾਂ ਦੀ ਇੱਕ
ਦਹਾੜ ਹੀ ਕਾਫ਼ੀ ਹੈ

ਪਾਸ਼
ਮੈਂ ਨਾਂ ਤੈਨੂੰ ਕਾਮਰੇਡ
ਬਣਾਉਂਣਾ ਚਾਹੁੰਦੀ ਹਾਂ
ਨਾਂ ਹੀ ਤੈਂਨੂੰ ਖਾਲਿਸਤਾਨੀ
ਦਿਖਾਉਣਾ ਚਾਹੁੰਦੀ ਹਾਂ
ਮੈਂ ਤਾਂ ਤੇਰੇ ਸ਼ਬਦਾਂ ਨੂੰ ਹੀ
ਦਰਸਾਉਣਾ ਚਾਹੁੰਦੀ ਹਾਂ
ਜੋ ਸੱਚ ਤੂੰ ਆਪੇ ਹੀ

ਦੱਸ ਰਿਹਾ ਹੈ
ਉਹ ਹੀ ਦੱਸਣਾ ਚਾਹੁੰਦੀ ਹਾਂ
ਤੈਨੂੰ ਤੇਰੇ
ਸ਼ਬਦਾਂ ਵਿੱਚੋਂ ਹੀ ਲੱਭਕੇ
ਸਭ ਨੂੰ ਦਿਖਾਉਣਾ ਚਾਹੁੰਦੀ ਹਾਂ
ਮੈਂ ਤਾਂ ਸਿਰਫ਼ ਇਹ ਹੀ
ਕਹਿਣਾ ਚਾਹੁੰਦੀ ਹਾਂ
ਜਿਸਨੇ ਵੀ
ਤੈਨੂੰ ਜੋ ਹੈ ਸਮਝਣਾ
ਇਹ ਉਸਦੀ ਆਪਣੀ
ਮਰਜ਼ੀ ਹੈ
ਮੇਰੇ ਲਈ ਤਾਂ ਤੇਰਾ
ਰਿਸ਼ਵਤਖ਼ੋਰੀ ਤੇ ਅਨਿਆਂ ਦੇ
ਲਈ ਲੜਨਾ
ਤੇਰਾ ਆਪਣਾ ਦੀਨ ਈਮਾਨ ਸੀ
ਕੋਈ ਵੀ ਤਗਮਾ ਦੇਵਣ ਤੋਂ ਪਹਿਲਾਂ
ਮੇਰੇ ਲਈ ਤੂੰ ਇੱਕ ਇਨਸਾਨ ਸੀ।
✪

## ਗਵਾਹ

ਇਤਿਹਾਸ
ਇਸ ਗਲ ਦੀ ਗਵਾਹੀ
ਭਰਦਾ ਹੈ
ਦੁਸ਼ਮਣ ਬਹੁਤ ਹੀ
ਚਲਾਕ ਤੇ ਹੰਢਿਆ ਹੋਇਆ ਹੈ
ਆਪਣੇ
ਮਨਸੂਬਿਆਂ ਨੂੰ ਲਾਗੂ
ਕਰਨੇ ਲਈ ਸ਼ਾਜਿਸ਼ਾਂ ਕਰਦਾ ਰਿਹਾ
ਤੇ ਕਰਦਾ ਰਹੇਗਾ
ਸ਼ੈਤਾਨ ਹੇ ਚਲਾਕ ਹੈ
ਤੁਹਾਨੂੰ
ਅੰਦਰੋਂ ਅੰਦਰੀ ਮਾਰਨ ਦੀ
ਸ਼ਾਜਿਸ਼ ਹੁਣ ਵੀ ਕਰੇਗਾ

ਤੁਸੀਂ
ਆਪਸ ਵਿੱਚ ਹੀ ਲੜਦੇ ਰਹੋ
ਇਹ ਹੀ ਤਾਂ ਉਹ ਚਾਹੁੰਦਾ ਹੈ
ਫੁੱਟ ਪਵਾਕੇ
ਆਪਣਿਆਂ ਤੋਂ ਹੀ ਆਪਣੇ
ਮਰਵਾਉਣਾ ਚਾਹੁੰਦਾ ਹੈ
ਇਹ ਸਭ
ਹੀ ਤਾਂ ਹੁੰਦਾ ਆਇਆ ਹੈ
ਉਹ ਫਿਰ ਇਹ ਹੀ
ਕਰਵਾਉਣਾ ਚਾਹੁੰਦਾ ਹੈ

ਚੁੱਪ ਰਹਿਣਾ ਨਹੀਂ ਹੈ ਚੰਗਾ

ਜੇ ਬਹੁਤਾ
ਚੁੱਪ ਰਹਿਣਾ ਨਹੀਂ ਹੈ ਚੰਗਾ

ਇਸ ਤਰ੍ਹਾਂ ਦੇ ਸਮਿਆਂ ਦੇ ਵਿੱਚ
ਇਲਜ਼ਾਮਾਂ ਦੇ ਕਫ਼ਨ ਪੁਆਉਣਾ
ਉਹ ਵੀ ਏਨੀ ਛੇਤੀ ਛੇਤੀ
ਕਿਹੜੇ ਪਾਸਿਉਂ ਕੰਮ ਹੈ ਚੰਗਾ
ਇਹ ਸਭ
ਦੁਸ਼ਮਣ ਕਰ ਰਿਹਾ ਹੈ
ਆਪਣੀ ਚਾਲ ਉਹ ਚੱਲ ਰਿਹਾ ਹੈ

ਤੁਸੀਂ ਵੀ
ਤਾਂ ਇਹ ਸਭ ਜਾਣਦੇ ਹੋ
ਇਲਜ਼ਾਮਾਂ ਦੀਆਂ
ਝੂਠੀਆਂ ਤੇ ਸੱਚੀਆਂ ਰਾਤਾਂ ਵਿੱਚ
ਬੇਯਕੀਨੀ ਦੀਆਂ ਚਾਦਰਾਂ ਲਪੇਟ
ਜਿੱਤੀਆਂ ਜੰਗਾਂ
ਹਾਰੀਆਂ ਹੀ ਜਾਂਦੀਆਂ ਨੇ

ਬੇਯਕੀਨੀ
ਨੂੰ ਵੀ ਪਾ ਕੇ ਗਲਵੱਕੜੀ
ਆਪਣੀਆਂ ਅੱਖਾਂ ਖੁੱਲ੍ਹੀਆਂ ਰੱਖਕੇ
ਹਾਰੇ ਹੋਏ ਯੁੱਧ
ਜਿੱਤੇ ਜਾ ਸਕਦੇ ਨੇ
ਪਰ ਆਪਣੇ
ਪੈਰਾਂ ਵਿੱਚ ਆਪੇ ਹੀ
ਕੰਡੇ ਬੀਜਣਾ
ਕਿੱਥੋਂ ਦੀ ਹੈ ਮਹਾਨਤਾ

ਕਿਸਨੇ ਕੀ ਕੀਤਾ
ਕਿਸਨੇ ਕੀ ਨਹੀਂ ਕੀਤਾ
ਉਸਨੇ ਕੀ ਕੀਤਾ
ਇਸਨੇ ਕੀ ਕੀਤਾ

ਇਤਿਹਾਸ ਇਸਦੀ ਗਵਾਹੀ
ਦਵੇਗਾ
ਤੇ ਵਕਤ

ਆਪੇ ਹਾਮੀ ਭਰੇਗਾ
ਅਜਿਹਾ ਨਾਂ ਹੋਵੇ ਕਿ
ਸੱਚ
ਕੁਝ ਹੋਰ ਹੀ ਨਿਕਲੇ
ਤੇ ਤੁਹਾਡੇ ਸਿਰ
ਸ਼ਰਮ ਨਾਲ ਝੁੱਕ ਜਾਵਣ।
✪

## ਚੂਹੇ

ਉਹ ਚੁੱਪ ਚੁਪੀਤੇ
ਆਪਣਾ ਕੰਮ ਕਰ ਰਹੇ ਨੇ
ਹਰ ਰੋਜ਼
ਨਵੀਆਂ ਤੋਂ ਨਵੀਆਂ
ਸਾਜਿਸ਼ਾਂ ਘੜ੍ਹ ਰਹੇ ਨੇ

ਉਹ
ਮੀਆਂ ਮਿੱਠੂ ਬਣ ਕੇ
ਤੁਹਾਡੇ ਘਰਾਂ ਵਿੱਚ ਬੜਕੇ
ਆਪਸ ਵਿੱਚ ਲੜਾ ਰਹੇ ਨੇ
ਤੁਸੀਂ ਲੜ ਰਹੇ ਹੋ
ਤੇ ਉਹ ਹੱਸ ਰਹੇ ਨੇ

ਕੀ ਤੁਸੀਂ ਇਹ ਸਭ
ਜਾਣਦੇ ਹੋ
ਉਹ ਤਾਂ ਉਹ ਚੂਹੇ ਨੇ
ਜੋ ਤੁਹਾਡੇ ਘਰਾਂ ਦੇ
ਵਿੱਚ ਬੜਕੇ ਕੁਤਰ ਕੁਤਰ ਸਭ
ਖਤਮ ਕਰਨਗੇ
ਜ਼ਹਿਰੀਲੇ ਨਾਗ ਨੇ ਨਾਗਪੁਰੀਏ
ਖੁੱਡਾਂ ਤੇ ਡੁੱਡਾਂ ਦੇ ਵਿੱਚ ਬੜਕੇ
ਜ਼ਹਿਰ ਫ਼ੈਲਾਉਂਣਗੇ

ਤੁਸੀਂ
ਚੱਕੀ ਰੱਖਿਓ
ਤੇ ਧਰਦੇ ਰਹੀਓ ਇਹ

ਇਲਜ਼ਾਮਾਂ ਦੀਆਂ ਟੋਕਰੀਆਂ
ਇੱਕ ਦੂਜੇ ਦੇ ਸਿਰਾਂ ਤੇ
ਜਦ ਤੱਕ
ਪਾਣੀ ਸਿਰ ਦੇ ਉਪੱਰੋਂ ਦੀ
ਨਹੀਂ ਲੰਘ ਜਾਂਦਾ।
✪

## ਸੱਤਿਆਗ੍ਰਹਿ

ਪਾਸ਼
ਅੱਜ ਕੱਲ੍ਹ
ਸਾਰੇ ਸੰਸਾਰ ਦੀਆ ਅੱਖਾਂ
ਤੱਕ ਰਹੀਆਂ ਨੇ
ਉਹਨਾਂ ਨੂੰ
ਜੋ ਤੁਰੇ ਨੇ ਸ਼ਾਂਤਮਈ
ਇੱਕ ਹੋਰ
ਸੱਤਿਆਗ੍ਰਹਿ ਕਰਨ
ਤੇਰੇ ਦੇਸ਼ ਅੰਦਰ

ਪਾਸ਼ ਅੱਜ
ਜੇ ਤੂੰ ਹੁੰਦਾ
ਤਾਂ ਜਰੂਰ ਸ਼ਾਮਿਲ ਹੁੰਦਾ
ਇਸ ਅਨੋਖੇ ਤੇ ਸ਼ਾਂਤਮਈ
ਸੱਤਿਆਗ੍ਰਹਿ ਵਿੱਚ
ਕੀਲ ਕੇ
ਰੱਖ ਦਿੰਦਾ ਸਾਰਿਆਂ ਨੂੰ
ਆਪਣੀਆਂ ਤਕਰੀਰਾਂ ਦੇ ਨਾਲ
ਸ਼ਾਂਤ ਹੁੰਦਾ
ਖੁਸ਼ ਹੁੰਦਾ
ਇਹ ਸਭ ਸੋਚਕੇ ਕਿ
ਹੁਣ
ਲੋਕ ਉੱਠ ਖੜ੍ਹੇ ਨੇ
ਸਰਮਾਏਦਾਰੀ ਦੇ ਖਿਲਾਫ਼
ਜਬਰ ਜ਼ੁਲਮ ਸਹਿੰਦੇ
ਉਹ

ਵੱਧ ਰਹੇ ਨੇ ਆਪਣੀ
ਮੰਜ਼ਿਲ ਦੇ ਵੱਲ
ਕਿਉਂਕਿ
ਉਹਨਾਂ ਨੇ ਹੁਣ ਆਪਣੀ
ਜਿੱਤ ਦਾ ਬਿਗਲ ਵਜਾ ਦਿੱਤਾ ਹੈ
ਪਰ ਤੂੰ
ਇਸ ਦੁਨੀਆਂ ਵਿੱਚ ਨਾਂ ਹੋ ਕੇ
ਵੀ ਸ਼ਾਮਿਲ ਹੈ ਇਸ
ਸੱਤਿਆਗ੍ਰਹਿ ਅੰਦੋਲਨ ਦੇ ਵਿੱਚ
ਆਪਣੇ ਸ਼ਬਦਾਂ ਰਾਹੀ
ਤੇਰੀ ਸੋਚ ਦੀ
ਰਹਿਨੁਮਾਈ ਕਰ ਰਹੇ ਨੇ
ਅੱਜ ਤੇਰੇ ਸ਼ਬਦ
ਕਿਉਂਕਿ
ਤੇਰਾ ਡਰ
ਅੱਜ ਸੱਚ ਸਿੱਧ ਹੋਇਆ ਹੈ
ਹੁਣ ਉਸ ਸੱਚ ਦੇ ਡਰ ਤੋਂ ਡਰਕੇ
ਸਭ ਉਸ ਡਰ ਨੂੰ ਖਤਮ ਕਰਨ ਲਈ
ਤੁਰ ਪਏ ਨੇ ਕਰਨ
ਇੱਕ ਹੋਰ ਸੱਤਿਆਗ੍ਰਹਿ
✪

## ਕੋਈ ਨਾਂ

ਕੋਈ ਗੱਲ ਨਹੀਂ ਹੈ
ਜੇ ਮੇਰੀ ਕੋਈ
ਗੱਲ ਨਾਂ ਹੋਵੇ

ਮੈਂ ਅਜੇ ਇਸ
ਕਾਬਿਲ ਵੀ ਨਹੀਂ ਹਾਂ
ਕਿ ਮੇਰੀ ਕੋਈ
ਗੱਲ ਹੋ ਸਕਦੀ ਹੋਵੇ

ਕੋਈ ਗੱਲ ਨਹੀਂ ਹੈ
ਜੇ ਮੇਰੀ ਕੋਈ
ਗੱਲ ਨਾਂ ਵੀ ਹੋਵੇ

ਕੋਈ ਗੱਲ ਨਹੀਂ ਹੈ
ਬਹੁਤੀਆਂ ਗੱਲਾਂ ਵਿੱਚ ਵੀ
ਕੀ ਹੈ ਰੱਖਿਆ
ਕਿਸੇ ਮਸਲੇ ਤੇ
ਕੋਈ ਗੱਲ ਤਾਂ ਹੋਵੇ
ਕੋਈ ਇੱਕ ਮਸਲਾ ਵੀ
ਹੱਲ ਤਾਂ ਹੋਵੇ

ਕੋਈ ਗੱਲ ਨਹੀਂ ਹੈ
ਜੇ ਮੇਰੀ ਕੋਈ
ਗੱਲ ਨਾਂ ਵੀ ਹੋਵੇ

ਬੇਸ਼ੱਕ ਕੋਈ ਵੀ
ਮੇਰੇ ਵੱਲ ਨਾਂ ਹੋਵੇ
ਪਰ ਜੋ ਮਸਲੇ ਹੁਣ
ਚੱਲ ਰਹੇ ਨੇ

ਉਸ ਹਰ ਮਸਲੇ ਦਾ
ਕਿਸੇ ਤਰ੍ਹਾਂ ਕੋਈ
ਹੱਲ ਤਾਂ ਹੋਵੇ

ਮੈਂ ਕਰਦੀ ਨਹੀਂ
ਕਦੇ ਵੀ ਕਿਸੇ ਦੀ
ਜੀ ਹਜ਼ੂਰੀ
ਇਨਾਂ ਸਮਿਆਂ ਵਿੱਚ
ਹਰ ਕਿਸੇ ਲਈ
ਪਾਸ਼ ਦੀ ਕਵਿਤਾ ਪੜਣੀ
ਹੈ ਬਹੁਤ ਜ਼ਰੂਰੀ

ਮੈਂ ਚਾਹੁੰਦੀ ਹਾਂ
ਉਸਦੀ ਗੱਲ ਜ਼ਰੂਰੀ ਹੋਵੇ
ਕੋਈ ਗੱਲ ਨਹੀਂ ਹੈ
ਜੇ ਮੇਰੀ ਕੋਈ
ਗੱਲ ਨਾਂ ਵੀ ਹੋਵੇ

ਮੈਂ ਅਜੇ ਇਸ
ਕਾਬਿਲ ਵੀ ਨਹੀਂ ਹਾਂ
ਕਿ ਮੇਰੀ ਕੋਈ
ਗੱਲ ਹੋ ਸਕਦੀ ਹੋਵੇ
ਕੋਈ ਗੱਲ ਨਹੀਂ ਹੈ
ਜੇ ਮੇਰੀ ਕੋਈ
ਗੱਲ ਨਾਂ ਵੀ ਹੋਵੇ।
✪✪✪